# ਦੇਸ਼ ਦੁਆਬਾ

VOL - 3 ISSUE - 6
June 16-30, 2014

Mailing Address:
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Phone : 510 709 5099
Fax: 510 441 9330
Email: Sangramsystems@gmail.com

NOW at SANGRAMS PALACE
Computer Repair
any brand, any problem

30063 Industrial Parkway S. W. Union City, CA-94587
(between FOODMAXX and HOME DEPOT)




ਬਸਪਾ ਦੇ ਸਾਬਕਾ ਐਮ ਪੀ ਹਰਭਜਨ ਲਾਖਾ, ਜੋ ਅੱਜ ਸਾਡੇ ਵਿਚ ਨਹੀਂ ਰਹੇ। ਉਹਨਾਂ ਸਬੰਧਿਤ ਤਰਲੋਚਨ ਸਿੰਘ ਦੁਪਾਲਪੁਰ ਦਾ ਵਿਸ਼ੇਸ ਲੇਖ ਸਫਾ 8 ਤੇ ਦੇਖੋ ਅਤੇ ਰੇਸ਼ਮ ਕਰਨਾਣਵੀ ਅਤੇ ਸੁਰਜੀਤ ਮਜਾਰੀ ਦੀਆਂ ਰਿਪੋਰਟਾਂ ਸਫਾ 11 ਤੇ ਦੇਖੋ।

# ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਅੱਠਵਾਂ ਨਗਰ ਕੀਰਤਨ ਯਾਦਗਾਰੀ ਤੇ ਇਤਿਹਾਸਿਕ ਹੋ ਨਿਬੜਿਆ

## ਅਮਰੀਕਨ ਮੂਲ ਦੇ ਲੋਕਾਂ ਨੇ ਘਰਾਂ ਤੇ ਦਫਤਰਾਂ ਤੋਂ ਬਾਹਰ ਨਿਕਲ ਕੇ ਸਿਖ ਸੰਗਤਾਂ ਦਾ ਪੁਰਜੋਰ ਸਵਾਗਤ ਕੀਤਾ

ਸੇਲਮ (ਔਰੀਗਨ ਸਟੇਟ)- ਹਰ ਸਾਲ ਵਾਂਗ ਇਸ ਸਾਲ ਵੀ ਅਮਰੀਕਾ ਦੇ ਔਰੀਗਨ ਸਟੇਟ ਦੀ ਰਾਜਧਾਨੀ ਸੇਲਮ ਸ਼ਹਿਰ ਵਿਚ ਸਥਿਤ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਵੱਲੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 8ਵਾਂ ਸਾਲਾਨਾ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਦੀ ਅਰੰਭਤਾ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਦੇ ਭੋਗ ਮੌਕੇ ਭਾਈ ਕੁਲਵੰਤ ਸਿੰਘ ਪੰਡੋਰੀ, ਭਾਈ ਮੋਹਣ ਸਿੰਘ ਬਡਾਲਾ ਦੇ ਢਾਡੀ ਜਥਿਆਂ ਅਤੇ ਭਾਈ ਅਜੀਤ ਸਿੰਘ ਰਾਗੀ ਗੁਰਦੁਆਰਾ ਸੀਸ ਗੰਜ, ਭਾਈ ਮਾਨ ਸਿੰਘ, ਭਾਈ ਹਰਨੇਕ ਸਿੰਘ ਅਤੇ ਭਾਈ ਜਗਜੀਤ ਸਿੰਘ ਹਜ਼ੂਰੀ ਰਾਗੀ-ਸੇਲਮ ਦੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਤੇ ਗੁਰਬਾਣੀ ਨਾਲ ਜੋੜਿਆ।ਸਵੇਰੇ 11 ਵਜੇ ਸ਼ੁਰੂ ਹੋ ਕੇ ਇਹ ਵਿਸ਼ਾਲ ਨਗਰ ਕੀਰਤਨ ਕਮਰਸ਼ੀਅਲ ਸਟਰੀਟ, ਰੂਰਲ ਸਟਰੀਟ ਅਤੇ 12 ਐਵਨਿਊ ਤੋਂ ਹੁੰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਫੁੱਲਾਂ ਨਾਲ ਸਿੰਗਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਅੱਗੇ ਪੰਜ ਪਿਆਰੇ ਚੱਲ ਰਹੇ ਸਨ। ਵੱਡੀ ਗਿਣਤੀ ਵਿੱਚ ਬੀਬੀਆਂ, ਨੌਜਵਾਨ, ਬੱਚੇ ਤੇ ਬਜ਼ੁਰਗਾਂ ਨੇ ਇਸ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਪੰਚਮ ਪਾਤਸ਼ਾਹ ਦੀ ਮਹਾਨ ਸ਼ਹਾਦਤ ਨੂੰ ਸਿਜਦਾ ਕੀਤਾ। ਸ਼ਾਮਲ ਹੋਈਆਂ ਬਹੁਤੀਆਂ ਸੰਗਤਾਂ ਖਾਲਸਈ ਪਹਿਰਾਵੇ ਵਿੱਚ ਸਨ।





ਖਾਲਸਈ ਦਸਤਾਰਾਂ ਪੰਜਾਬ ਦੇ ਕਿਸੇ ਸਿੱਖ ਧਾਰਮਿਕ ਸਥਾਨ ਦਾ ਭੁਲੇਖਾ ਪਾ ਰਹੀਆਂ ਸਨ। ਲਗਭਗ ਇਕ ਮੀਲ ਲੰਬੇ ਨਗਰ ਕੀਰਤਨ ਦੌਰਾਨ ਵੱਖ ਵੱਖ ਰਾਗੀ ਤੇ ਢਾਡੀ ਜਥੇ ਗੁਰਬਾਣੀ ਕੀਰਤਨ ਤੇ ਸਿਖ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਜਿੱਥੋਂ ਜਿੱਥੋਂ ਦੀ ਨਗਰ ਕੀਰਤਨ ਲੰਘ ਰਿਹਾ ਸੀ ਉਹਨਾਂ ਰਸਤਿਆਂ ਤੇ ਸੜਕ ਤੇ ਦੋਨੋਂ ਪਾਸੇ ਖੜੇ ਅਮਰੀਕਨ ਮੂਲ ਦੇ ਲੋਕ ਆਪੋ ਆਪਣੇ ਘਰਾਂ ਤੇ ਦਫਤਰਾਂ ਵਿਚੋਂ ਬਾਹਰ ਨਿਕਲ ਕੇ ਸਿਖ ਸੰਗਤਾਂ

(ਬਾਕੀ ਸਫਾ 5 ਤੇ)

## ਅਨੁਸੂਚਿਤ ਜਾਤੀ ਕਮਿਸ਼ਨ ਨੇ ਦਲਿਤ ਲੜਕੀ ਨੂੰ ਜ਼ਿੰਦਾ ਸਾੜਨ 'ਤੇ ਗੁਜਰਾਤ ਤੋਂ ਰਿਪੋਰਟ ਮੰਗੀ

ਨਵੀਂ ਦਿੱਲੀ- ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਗੁਜਰਾਤ ਦੇ ਸੁਰੇਂਦਰਨਗਰ ਜ਼ਿਲੇ 'ਚ ਇਕ ਨਾਬਾਲਗ ਦਲਿਤ ਲੜਕੀ ਨੂੰ ਕਥਿਤ ਤੌਰ 'ਤੇ ਜ਼ਿੰਦਾ ਸਾੜੇ ਜਾਣ ਦੇ ਮਾਮਲੇ 'ਚ ਰਾਜ ਪ੍ਰਸ਼ਾਸਨ ਤੋਂ ਰਿਪੋਰਟ ਮੰਗੀ ਹੈ। ਕਮਿਸ਼ਨ ਦੇ ਚੇਅਰਮੈਨ ਪੀ. ਐੱਲ. ਪੂਨੀਆ ਨੇ ਕਿਹਾ ਕਿ ਇਹ ਬੇਹੱਦ ਅਫਸੋਸਜਨਕ ਮਾਮਲਾ ਹੈ ਅਤੇ ਇਸ ਸੰਦਰਭ 'ਚ ਰਾਜ ਪ੍ਰਸ਼ਾਸਨ ਤੋਂ ਰਿਪੋਰਟ ਮਿਲਣ ਤੋਂ ਬਾਅਦ ਅਸੀਂ ਅੱਗੇ ਦੀ ਕਾਰਵਾਈ ਕਰਨਗੇ।

ਉਨ੍ਹਾਂ ਨੇ ਕਿਹਾ,''ਗੁਜਰਾਤ ਦੀ ਇਹ ਘਟਨਾ ਸਾਹਮਣੇ ਆਈ ਹੈ ਜੋ ਕਾਫੀ ਅਫਸੋਸਜਨਕ ਹੈ। ਇਸ ਮਾਮਲੇ 'ਤੇ ਕਮਿਸ਼ਨ ਨੇ ਰਾਜ ਪ੍ਰਸ਼ਾਸਨ ਤੋਂ ਰਿਪੋਰਟ ਮੰਗੀ ਹੈ। ਰਿਪੋਰਟ ਮਿਲਣ ਤੋਂ ਬਾਅਦ ਅਸੀਂ ਅੱਗੇ ਦੀ ਕਾਰਵਾਈ ਕਰਾਂਗੇ।'' ਰਿਪੋਰਟ ਮਿਲਣ ਤੋਂ ਬਾਅਦ ਮੈਂ ਇਸ ਸੰਬੰਧਤ ਸਥਾਨ ਦਾ ਦੌਰਾ ਕਰ ਸਕਦਾ ਹਾਂ।'' ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸੁਰੇਂਦਰਨਗਰ ਜ਼ਿਲੇ ਦੇ ਸਾਇਲਾ ਇਲਾਕੇ 'ਚ 15 ਸਾਲਾ ਇਕ ਦਲਿਤ ਲੜਕੀ ਨੂੰ 8 ਲੋਕਾਂ ਨੇ ਜ਼ਿੰਦਾ ਸਾੜ ਦਿੱਤਾ ਸੀ। ਦੂਜੇ ਪਾਸੇ ਪੂਨੀਆ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਦੇ ਝਾਂਸੀ ਜ਼ਿਲੇ ਲਈ ਰਵਾਨਾ ਹੋਈ ਜਿੱਥੇ ਉਹ ਉਸ ਦਲਿਤਤ ਨੌਜਵਾਨ ਦੇ ਪਰਿਵਾਰ ਨੂੰ ਮਿਲਣਗੇ ਜਿਸ ਨੂੰ ਪਿਛਲੇ ਦਿਨੀ ਕੁਝ ਲੋਕਾਂ ਨੇ ਕਥਿਤ ਤੌਰ 'ਤੇ ਸਾੜ ਦਿੱਤਾ ਸੀ।

## ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਯੋਜਨਾ ਲਾਗੂ-ਸੁਖਬੀਰ ਬਾਦਲ

ਚੰਡੀਗੜ੍ਹ- ਪੰਜਾਬ ਸਰਕਾਰ ਵਲੋਂ ਸੂਬੇ ਨੂੰ ਮੁਕੰਮਲ ਤੌਰ 'ਤੇ ਨਸ਼ਾ ਰਹਿਤ ਕਰਨ ਤੇ ਨਸ਼ਿਆਂ ਦੀ ਲਤ ਦਾ ਸ਼ਿਕਾਰ ਵਿਅਕਤੀਅਜਾਂ ਦਾ ਇਲਾਜ ਕਰਕੇ ਉਨ੍ਹਾਂ ਦਾ ਪੁਨਰ ਵਸੇਬਾ ਕਰਨ ਲਈ ਇਕ ਵਿਸਥਾਰਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਪੁਲਿਸ, ਸਿਹਤ ਵਿਭਾਗ, ਸਿਵਲ ਪ੍ਰਸ਼ਾਸ਼ਨ ਅਤੇ ਗੈਰ ਸਰਕਾਰੀ ਸੰਗਠਨ ਮਿਲਕੇ ਕੰਮ ਕਰਨਗੇ। ਜੰਗੀ ਪੱਧਰ 'ਤੇ ਚੱਲ ਰਹੇ ਇਸ ਮਿਸ਼ਨ ਦੀ ਨਿਗਰਾਨੀ ਲਈ ਪੰਜਾਬ ਸਟੇਟ ਨਾਰਕੋਟਿਕ ਬਿਊਰੋ ਦੀ ਵੀ ਸਥਾਪਨਾ ਕੀਤੀ ਗਈ ਹੈ।

ਇੱਥੇ ਮੁੱਖ ਸਕੱਤਰ ਪੰਜਾਬ ਸ੍ਰੀ ਸਰਵੇਸ਼ ਕੌਸ਼ਲ ਤੇ ਬਿਓਰੋ ਦੇ ਆਈ.ਜੀ. ਸ੍ਰੀ ਈਸ਼ਵਰ ਸਿੰਘ ਨਾਲ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਜੰਗ ਦੂਜੇ ਪੜਾਅ ਵਿਚ ਸ਼ਾਮਿਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ 27,000 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਵਿਚ ਲੱਗਭਗ 200 ਮੁੱਖ ਸਰਗਣੇ ਸ਼ਾਮਿਲ ਹਨ ਜਿਨ੍ਹਾਂ ਵਿਚੋ 140 ਕਾਬੂ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਕੁਝ ਬੀ. ਐਸ. ਐਫ.



ਦੇ ਜਵਾਨ ਤੇ ਪੰਜਾਬ ਪੁਲਿਸ ਦੇ 24 ਮੁਲਾਜਮ ਤੇ ਇਕ ਡੀ.ਐਸ.ਪੀ. ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿਚ ਨਸ਼ਿਆਂ ਦੇ ਕੈਪਸੂਲ, ਦਵਾਈਆਂ ਅਤੇ ਟੀਕਿਆਂ ਤੋਂ ਇਲਾਵਾ ਭਾਰੀ ਮਾਤਰਾ ਵਿਚ ਨਸ਼ੀਲੀਆਂ ਵਸਤਾਂ ਕਾਬੂ ਕੀਤੀਆਂ ਗਈਆਂ ਹਨ ਜੋ ਕਿ ਦੇਸ਼ ਵਿਚ ਇਕ ਰਿਕਾਰਡ ਹੈ। ਨਸ਼ਿਆਂ ਵਿਰੁਧ ਮੁਹਿੰਮ ਦੀ ਨਿਗਰਾਨੀ ਲਈ ਸਥਾਪਿਤ ਕੀਤੀ ਗਈ 'ਪੰਜਾਬ ਸਟੇਟ ਨਾਰਕੋਟਿਕ ਬਿਊਰੋ' ਆਈ.ਜੀ. ਸ੍ਰੀ ਈਸ਼ਵਰ ਸਿੰਘ ਦੀ ਨਿਗਰਾਨੀ ਹੇਠ ਅਜਾਦਾਨਾ ਤੌਰ 'ਤੇ ਕੰਮ ਕਰੇਗੀ।

## ਪੀ ਸੀ ਐਸ ਸੈਕਰਾਮੈਂਟੋ ਦਾ ਤੀਆਂ ਦਾ ਮੇਲਾ 17 ਅਗਸਤ ਨੂੰ



(ਰਿਪੋਰਟ ਦੇਖੋ ਸਫਾ 3 ਤੇ)


Prime Real Estate Services
Kulwinder Singh Realtor



Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991




MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


ਸੋਹੰ



# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ)

## 2150 Crestview Drive, Pittsburg CA 94565





ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੀਫੋਰਨੀਆ) ਵੱਲੋਂ ਗੁਰੂ ਘਰ ਪਿਟਸਬਰਗ ਦਾ 29ਵਾਂ ਸਥਾਪਨਾ ਦਿਵਸ ਸਮੂਹ ਸਾਧ ਸੰਗਤ ਅਤੇ ਗੁਰੂ ਘਰ ਦੇ ਪ੍ਰੇਮੀਆਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ 2014 (ਸ਼ੁੱਕਰਵਾਰ ਸਵੇਰੇ 10 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ 29 ਜੂਨ, 2014 (ਐਤਵਾਰ) ਸਵੇਰੇ 10 ਵਜੇ

ਇਸ ਮੌਕੇ ਪੰਥ ਅਤੇ ਕੌਮ ਦੇ ਪ੍ਰਸਿੱਧ ਰਾਗੀ-ਢਾਡੀ ਕਥਾ-ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਸਿੱਧ ਵਿਦਵਾਨ ਅਤੇ ਕੌਮ ਦੀਆਂ ਮਹਾਨ ਸ਼ਖਸੀਅਤਾਂ ਗੁਰੂ ਘਰ ਦੇ ਇਤਿਹਾਸ ਅਤੇ ਕੌਮ ਦੇ ਇਤਿਹਾਸ ਸਮੇਤ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਬਾਰੇ ਜਾਣਕਾਰੀ ਦੇਣਗੇ।

**ਤਿੰਨੇ ਦਿਨ ਲੰਗਰ ਦੀ ਸੇਵਾ ਸਮੂਹ ਸੰਗਤ ਦੇ ਸਹਿਯੋਗ ਨਾਲ ਚੱਲੇਗੀ।**

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ (925) 439- 2355 ਤੇ ਸੰਪਰਕ ਕੀਤਾ ਜਾ ਸਕਦਾ ਹੈ।**

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਗੁਰੂ ਘਰ ਦੇ ਸੇਵਾਦਾਰ**

ਫਕੀਰ ਮਹਿਮੀ (ਚੇਅਰਮੈਨ)

ਸਲਿੰਦਰ ਸਿੰਘ (ਪ੍ਰਧਾਨ)

ਅਭਿਸ਼ੇਕ ਪਾਲ (ਜਨਰਲ ਸਕੱਤਰ)

ਗਿਆਨ ਸੁੰਮਨ (ਖਜ਼ਾਨਚੀ)

# ਪੀ ਸੀ ਐਸ ਸੈਕਰਾਮੈਂਟੋ ਦਾ ਤੀਆਂ ਦਾ ਮੇਲਾ 17 ਅਗਸਤ ਨੂੰ



ਸੈਕਰਾਮੈਂਟੋ/ ਐਲਗਰੋਵ- ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਤੀਆਂ ਦਾ 14ਵਾਂ ਮੇਲਾ ਇਸ ਵਾਰ 17 ਅਗਸਤ ਦਿਨ ਐਤਵਾਰ ਨੂੰ 1 ਵਜੇ ਐਸ. ਈ ਐਸ. ਹਾਲ ਐਲਗਰੋਵ ਵਿਖੇ ਕਰਵਾਇਆ ਜਾ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ ਇਹ ਸੁਸਾਇਟੀ ਹਰ ਸਾਲ 2 ਸਭਿਆਚਾਰਕ ਮੇਲੇ ਕਰਵਾਉਂਦੀ ਹੈ।

ਵਿਸਾਖੀ ਤੇ ਤੀਆਂ ਸਮੇਂ ਇਸ ਸਾਲ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ ਮਨਾ ਚੁੱਕੀ ਹੈ। ਇਸੇ ਕਰਕੇ ਇਹਨਾਂ ਮੇਲਿਆਂ ਨੂੰ ਪਰਿਵਾਰਕ ਇਕੱਠ ਦਾ ਨਾਮ ਦਿੱਤਾ ਗਿਆ ਹੈ।

ਤੀਆਂ ਦੇ ਮੇਲੇ ਨੂੰ ਪਿਛਲੇ ਸਾਲਾਂ ਵਾਂਗ ਚਾਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਬੈਠ ਕੇ ਗੀਤ ਗਾਏ ਜਾਂਦੇ ਹਨ, ਦੂਜੇ ਹਿੱਸੇ ਵਿਚ ਸਟੇਜ ਕੀਤੀ ਜਾਂਦੀ ਹੈ ਤੇ ਤੀਜੇ ਹਿੱਸੇ 'ਚ ਬੋਲੀਆਂ ਪਾਈਆਂ ਜਾਂਦੀਆਂ ਹਨ ਤੇ ਅਖੀਰ ਵਿਚ ਡੀ. ਜੀ. ਆਦਿ।

ਮੇਲੇ ਵਿਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਵੱਡੀ ਉਮਰ ਤੱਕ ਦੀਆਂ ਬੀਬੀਆਂ ਹਿੱਸਾ ਲੈ ਸਕਦੀਆਂ ਹਨ। ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ।

ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਇਹਨਾਂ ਮੇਲਿਆਂ ਨੂੰ ਕਰਵਾਉਣ ਦਾ ਇਕੋ ਹੀ ਮਕਸਦ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਸਭਿਆਚਾਰ ਬਾਰੇ, ਬੋਲੀ ਬਾਰੇ, ਪਹਿਰਾਵੇ ਬਾਰੇ ਤੇ ਗੀਤਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਨਦੀਪ ਫਰਵਾਲਾ 916-212-1826
ਬਲਦੇਵ ਕੌਰ 916-996-2010
ਰਸ਼ਪਾਲ ਪਰਹਾਰ 916-730-7191

# ਮੁੱਗੋਵਾਲ ਵਿਖੇ ਆਦਿ ਧਰਮ ਮੰਡਲ ਦਾ 88ਵਾਂ ਸਥਾਪਨਾ ਦਿਵਸ ਮਨਾਇਆ ਗਿਆ

ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੇ ਜੱਦੀ ਪਿੰਡ ਮੁੱਗੋਵਾਲ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਦਿ ਧਰਮ ਮੰਡਲ ਦਾ 88ਵਾਂ ਸਥਾਪਨਾ ਦਿਵਸ 11 ਜੂਨ 2014 ਨੂੰ ਮਨਾਇਆ ਗਿਆ। ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਵਲੋਂ 11, 12 ਜੂਨ 1926 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਸੀ। ਜਿਸ ਜਗ੍ਹਾ ਤੇ 1926 ਨੂੰ ਵੱਡੀ ਕਾਨਫਰੰਸ ਕਰਕੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਸੀ, ਉਸ ਸਥਾਨ ਤੇ ਹੀ ਇਹ ਸਮਾਗਮ ਕਰਵਾਇਆ ਗਿਆ। ਪੰਜਾਬ ਵਿਚ ਸ਼ੁਰੂ ਹੋਈ ਇਸ ਲਹਿਰ ਨੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਿਵਰਤਨ ਦਾ ਸੁਨੇਹਾ ਸਾਰੀ ਦੁਨੀਆਂ ਵਿਚ ਪਹੁੰਚਾਇਆ ਸੀ। ਇੱਕ ਪਰਵਾਨਿਤ ਆਦਿ ਧਰਮ ਦੇ ਤੌਰ ਤੇ ਮਾਨਤਾ ਦਿਵਾਈ ਸੀ। 1931 ਦੀ ਜਨਗਣਨਾ ਵਿਚ ਭਾਰਤ ਸਰਕਾਰ ਵਲੋਂ ਆਦਿ ਧਰਮ ਨੂੰ ਹੋਰ ਧਰਮਾਂ ਦੇ ਬਰਾਬਰ ਮੰਨਿਆ ਗਿਆ। ਇਸ ਸਮਾਜਿਕ ਪਰਿਵਰਤਨ ਦੇ ਸੁਨੇਹੇ ਨੂੰ ਅਨੂਸੂਚਿਤ ਜਾਤੀ ਦੇ ਲੋਕਾਂ ਵਲੋਂ ਬੜੇ ਹੀ ਜੋਸੋ-ਖਰੋਸ ਨਾਲ ਅਪਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਨੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਵੀ ਅਹਿਮ ਯੋਗਦਾਨ ਪਾਇਆ ਸੀ।



ਬਹੁਜਨ ਲਹਿਰ ਵਲੋਂ ਇੱਕ ਜਾਗ੍ਰਿਤੀ ਲਹਿਰ ਚਲਾ ਕੇ ਇਸ ਨੂੰ ਫਿਰ ਤੋਂ ਜਨ ਜਨ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਗਿਆਰਾਂ ਜੂਨ 2014 ਨੂੰ ਸ਼ਾਮ 6 ਵਜੇ ਇਹ ਸਮਾਗਮ ਹੋਇਆ।

ਇਸ ਸਮਾਗਮ ਦੀ ਪ੍ਰਧਾਨਗੀ ਬਾਬੂ ਮੰਗੂ ਰਾਮ ਦੇ ਸਪੁੱਤਰ ਧਰਮਵੀਰ ਗੰਗੜ ਨੇ ਕੀਤੀ। ਬਹੁਜਨ ਲਹਿਰ ਦੇ ਪ੍ਰਧਾਨ ਰੇਸ਼ਮ ਕਾਹਲੋਂ ਇਸ ਸਮਾਗਮ ਮੁੱਖ ਮਹਿਮਾਨ ਸਨ ਅਤੇ ਤੀਰਥ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਬਹੁਜਨ ਲਹਿਰ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਆਦਿ ਧਰਮ ਮੰਡਲ ਦਾ ਯਾਦਗਾਰੀ ਕਲੰਡਰ ਵੀ ਜਾਰੀ ਕੀਤਾ ਗਿਆ ਅਤੇ ਸਮਾਜਿਕ ਕਲਾਕਾਰਾਂ ਵਲੋਂ ਕਲਾ ਕ੍ਰਿਤੀਆਂ ਪੇਸ਼ ਕੀਤੀਆਂ ਗਈਆਂ।

# ਭਾਰਤੀ ਬੱਚੇ ਨੇ ਅਮਰੀਕਾ 'ਚ ਬਣਾਇਆ ਅਜਿਹਾ ਰਿਕਾਰਡ, ਸਾਰੇ ਰਹਿ ਗਏ ਹੈਰਾਨ




ਲਾਸ ਏਂਜਲਸ—ਭਾਰਤੀ ਮੂਲ ਦਾ ਇਕ 10 ਸਾਲਾ ਪ੍ਰਤਿਭਾਸ਼ਾਲੀ ਭਾਰਤੀ ਬੱਚਾ ਘਰ 'ਤੇ ਪੜ੍ਹਦੇ ਹੋਏ ਹੀ ਸਭ ਤੋਂ ਘੱਟ ਉਮਰ ਵਿਚ ਅਮਰੀਕਾ ਵਿਚ ਗ੍ਰੈਜੂਏਟ ਹਾਈ ਸਕੂਲ ਕਰਨ ਵਾਲਾ ਬਣ ਗਿਆ ਹੈ। ਕੈਲੀ-ਫੋਰਨੀਆ ਦੇ ਸਕਰਾਮੇਂਟੋ ਦੇ ਵਾਸੀ ਤਨਿਸ਼ਕ ਅਬਰਾਹਮ ਨੇ ਐਤਵਾਰ ਨੂੰ ਕੈਲੀਫੋਰਨੀਆ ਆਟੋ ਮਿਊਜ਼ੀਅਮ ਵਿਚ ਇਕ ਸਮਾਗਮ ਵਿਚ ਆਪਣਾ ਹਾਈ ਸਕੂਲ ਦਾ ਡਿਪਲੋਮਾ ਪ੍ਰਾਪਤ ਕੀਤਾ। ਸੱਤ ਸਾਲ ਦੀ ਉਮਰ ਵਿਚ ਘਰ 'ਤੇ ਹੀ ਪੜ੍ਹਾਈ ਕਰ ਰਿਹਾ ਅਬਰਾਹਮ ਮਾਰਚ ਵਿਚ ਸੂਬੇ ਦੀ ਪ੍ਰੀਖਿਆ ਵਿਚ ਸਫਲ ਹੋਇਆ ਸੀ, ਜਿਸ ਨਾਲ ਉਸ ਨੂੰ ਆਪਣਾ ਡਿਪਲੋਮਾ ਹਾਸਲ ਕਰਨ ਦੇ ਲਈ ਲੋੜੀਂਦੀ ਅਕਾਦਮਿਕ ਯੋਗਤਾ ਪ੍ਰਾਪਤ ਹੋ ਗਈ। ਅਬਰਾਹਮ ਨੇ ਦੱਸਿਆ ਕਿ ਨੌਕਰਸ਼ਾਹੀ ਦੇ ਕਾਰਨ ਇਹ ਸੌਖਾ ਨਹੀਂ ਸੀ ਪਰ ਇਸ ਦੇ ਲਈ ਉਨ੍ਹਾਂ ਨੇ ਕਾਫੀ ਸਖਤ ਮਿਹਨਤ ਕੀਤੀ ਅਤੇ ਉਹ ਖੁਸ਼ ਹਨ ਕਿ ਆਖਰਕਾਰ ਉਹ ਸਫਲ ਰਿਹਾ। ਅਬਰਾਹਮ ਨੇ ਐਨ. ਏ. ਟੀ. ਵਿਚ ਵਧੀਆ ਅੰਕ ਪ੍ਰਾਪਤ ਕੀਤੇ ਅਤੇ ਕਮਿਊਨਿਟੀ ਕਾਲਜ ਵਿਚ ਕਲਾਸਾਂ ਲਗਾ ਰਿਹਾ ਹੈ। ਉਸ ਨੇ ਕਿਹਾ ਕਿ ਉਹ ਅਗਲੇ ਸੈਮੇਸਟਰ ਤੱਕ ਆਪਣਾ ਕਮਿਊਨਿਟੀ ਕਾਲਜ ਪ੍ਰੋਗਰਾਮ ਖਤਮ ਕਰ ਰਿਹਾ ਹੈ ਅਤੇ ਫਿਰ ਮੇਰੇ ਕੋਲ ਡਿਗਰੀ ਹੋਵੇਗੀ, ਜਿਸ ਤੋਂ ਬਾਅਦ ਮੈਂ ਯੂਨੀਵਰਸਿਟੀ ਜਾਵਾਂਗਾ। ਅਮਰੀਕਾ ਵਿਚ ਗ੍ਰੈਜੂਏਟ ਹਾਈ ਸਕੂਲ ਦੀ ਪੜ੍ਹਾਈ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਦਿਆਰਥੀ ਬਣਨ ਤੋਂ ਬਾਅਦ ਅਬਰਾਹਮ ਨੇ ਕਿਹਾ ਕਿ ਮੇਰਾ ਟੀਚਾ ਵਿਗਿਆਨ ਪੜ੍ਹ ਕੇ ਵਿਗਿਆਨੀ ਅਤੇ ਡਾਕਟਰ ਬਣਨਾ ਹੋਵੇਗਾ ਪਰ ਮੈਂ ਰਾਸ਼ਟਰਪਤੀ ਵੀ ਬਣਨਾ ਚਾਹਾਂਗਾ।

# ਬੰਗੜ ਪਰਿਵਾਰ ਨੂੰ ਸਦਮਾ, ਬੀਬੀ ਹਰਬੰਸ ਕੌਰ ਨਹੀਂ ਰਹੇ



ਐਲਕਮੀਨੇ, ਸੈਕਰਾਮੈਂਟੋ- ਕਾਫੀ ਸਮੇਂ ਤੋਂ ਬਿਮਾਰੀ ਦਾ ਸਾਹਮਣਾ ਕਰ ਰਹੇ ਬੰਗੜ ਪਰਿਵਾਰ ਨੂੰ ਸਦਮਾ, ਬੀਬੀ ਹਰਬੰਸ ਕੌਰ ਬੀਤੇ ਦਿਨੀਂ ਸਵਰਗ ਸਿਧਾਰ ਗਏ। ਉਹਨਾਂ ਦਾ ਅੰਤਿਮ ਸਸਕਾਰ ਐਲਕਮੀਨੇ ਸੈਕਰਾਮੈਂਟੋ ਵਿਖੇ ਕੀਤਾ ਗਿਆ, ਜਿਸ ਮੌਕੇ ਬੰਗੜ ਪਰਿਵਾਰ ਦੇ ਰਿਸ਼ਤੇਦਾਰ, ਮਿੱਤਰ-ਸੱਜਣ ਬੀਬੀ ਹਰਬੰਸ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚੇ। ਇਸ ਸ਼ਰਧਾਂਜਲੀ ਸਮਾਰੋਹ ਵਿਚ ਸਤੀਸ਼ ਰੱਲੂ, ਜੀਵਨ ਰੱਤੂ, ਪਰਮਜੀਤ ਭੁੱਟਾ, ਦਲਵੀਰ ਦਿਲ, ਸੇਵਕ ਦਾਸ ਰੱਲੂ, ਰਾਕੇਸ਼ ਚੰਦਰ, ਤਵਿੰਦਰ ਕਾਜਲਾ ਨੇ ਬੰਗੜ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਚਾਰ ਸਾਂਝੇ ਕੀਤੇ ਅਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ। ਚੇਤੇ ਰਹੇ ਕਿ ਬੀਬੀ ਹਰਬੰਸ ਕੌਰ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਫਾਊਂਡਰ ਮੈਂਬਰ ਬਾਬੂ ਜੀਤ ਰਾਮ ਦੇ ਧਰਮ ਪਤਨੀ ਅਤੇ ਗੁਰੂ ਘਰ ਦੇ ਸਾਬਕਾ ਸਕੱਤਰ ਰਮੇਸ਼ ਬੰਗੜ ਦੇ ਮਾਤਾ ਜੀ ਸਨ। ਉਹ ਆਪਣੇ ਪਿੱਛੇ ਹਰਿਆ-ਭਰਿਆ ਪਰਿਵਾਰ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਛੱਡ ਗਏ ਹਨ। ਇਸੇ ਸਬੰਧ ਵਿਚ ਗੁਰੂ ਘਰ ਵਿਖੇ 20 ਜੂਨ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਰਖਵਾਏ ਜਾਣਗੇ ਅਤੇ 22 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਸਭ ਸੰਗਤਾਂ ਨੂੰ ਬੰਗੜ ਪਰਿਵਾਰ ਵੱਲੋਂ ਬੇਨਤੀ ਹੈ ਕਿ ਇਸ ਦਿਨ ਹਾਜ਼ਰੀ ਜ਼ਰੂਰ ਲਗਵਾਉਣ। ਇਸ ਮੌਕੇ ਕਥਾ ਵਾਚਕ ਵੀਰ ਭੁਪਿੰਦਰ ਸਿੰਘ 11.30 ਵਜੇ ਤੋਂ ਇਕ ਘੰਟਾ ਸੰਗਤਾਂ ਨੂੰ ਕਥਾ ਨਾਲ ਨਿਹਾਲ ਕਰਨਗੇ। ਹੋਰ ਜਾਣਕਾਰੀ ਅਤੇ ਅਫਸੋਸ ਪ੍ਰਗਟ ਕਰਨ ਲਈ ਰਮੇਸ਼ ਬੰਗੜ ਨਾਲ 916-715-3441 ਤੇ ਸੰਪਰਕ ਕੀਤਾ ਜਾ ਸਕਦਾ ਹੈ।






# ਐਨ.ਆਰ.ਆਈ ਵਿੰਗ ਦੀ ਕਾਰਗੁਜਾਰੀ ਤੋਂ ਪ੍ਰਵਾਸੀ ਭਾਰਤੀ ਨਿਰਾਸ਼-ਸ਼ਰਮਾ

ਕੈਲੇਫੋਰਨੀਆ- ਅਮਰੀਕਾ ਦੇ ਦੌਰ 'ਤੇ ਆਏ ਪੰਜਾਬ ਹਰਿਆਣਾ ਹਾਈਕੋਰਟ ਦੇ ਪ੍ਰਸਿੱਧ ਵਕੀਲ ਅਸ਼ੋਕ ਕੁਮਾਰ ਸ਼ਰਮਾ ਨਾਭੇ ਵਾਲਿਆਂ ਨੇ ਦਸਿਆ ਕਿ ਉਹ ਪਿਛਲੇ ਇਕ ਹਫਤੇ ਦੌਰਾਨ ਬਹੁਤ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਮਿਲੇ ਹਨ ਜਿਨ੍ਹਾਂ ਵਿਚੋਂ ਜਿਆਦਾਤਰ ਨੇ ਪੰਜਾਬ ਸਰਕਾਰ ਵੱਲੋਂ ਪ੍ਰਵਾਸੀਆਂ ਦੇ ਮਾਮਲੇ ਹਲ ਕਰਨ ਲਈ ਬਣਾਏ ਗਏ ਐਨ. ਆਰ. ਆਈ ਵਿੰਗ ਦੀ ਕਾਰਗੁਜਾਰੀ ਉਪਰ ਬੇਹੱਦ ਨਿਰਾਸ਼ਤਾ ਪ੍ਰਗਟਾਈ ਹੈ। ਇਨ੍ਹਾਂ ਪ੍ਰਵਾਸੀ ਪੰਜਾਬੀਆਂ ਦਾ ਕਹਿਣਾ ਹੈ ਕਿ ਐਨ.ਆਰ.ਆਈ ਵਿੰਗ ਟਾਲਮਟੋਲ ਦੀ ਨੀਤੀ ਉਪਰ ਚਲਕੇ ਕੇਵਲ ਡੰਗ ਟਪਾਈ ਕਰਦਾ ਹੈ। ਸਥਾਨਕ ਲੋਕਾਂ ਦੀਆਂ ਸਿਫਾਰਿਸ਼ਾਂ ਕਾਰਨ ਇਹ ਵਿੰਗ ਰਾਜਸੀ ਲੋਕਾਂ ਦੇ ਦਬਾਅ ਹੇਠ ਕੋਈ ਕਾਰਵਾਈ ਨਹੀਂ ਕਰਦਾ ਤੇ ਪ੍ਰਵਾਸੀ ਭਾਰਤੀਆਂ ਦੇ ਮਸਲੇ ਜਿਉਂ ਦੇ ਤਿਉਂ ਹੀ ਲਮਕਦੇ



ਰਹਿੰਦੇ ਹਨ।

ਮੁਲਾਕਾਤ ਦੌਰਾਨ ਪ੍ਰਵਾਸੀ ਪੰਜਾਬੀਆਂ ਨੇ ਕੁਝ ਜਿਲ੍ਹਿਆਂ ਤੇ ਐਨ.ਆਰ.ਆਈ ਵਿੰਗ ਵਿਚ ਤਾਇਨਾਤ ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਨਾਂ ਵੀ ਸ੍ਰੀ ਸ਼ਰਮਾ ਨੂੰ ਦਿੱਤੇ ਹਨ ਜੋ ਜਾਣਬੁਝਕੇ ਪ੍ਰਵਾਸੀਆਂ ਦੇ ਮਾਮਲਿਆਂ ਨੂੰ ਕਿਸੇ ਤਣ ਪਤਣ ਨਹੀਂ ਲੱਗਣ ਦਿੰਦੇ। ਸ਼ਰਮਾ ਨੇ ਦਸਿਆ ਕਿ ਉਹ ਪੰਜਾਬ ਵਾਪਿਸ ਪਰਤ ਕੇ ਇਹ ਮਾਮਲਾ ਉਪ ਮੁਖ ਮੰਤਰੀ ਸ੍ਰ ਸੁਖਬੀਰ ਸਿੰਘ ਬਾਦਲ ਦੇ ਧਿਆਨ ਵਿਚ ਲਿਆਉਣਗੇ ਤੇ ਉਨ੍ਹਾਂ ਨੂੰ ਪ੍ਰਵਾਸੀਆਂ ਦੀਆਂ ਸ਼ਿਕਾਇਤਾਂ ਤੋਂ ਜਾਣੂ ਕਰਵਾਉਣਗੇ।

ਇਥੇ ਵਰਣਨਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਜੀ ਸੱਟ ਦਾ ਇਕ ਵੱਡਾ ਕਾਰਨ ਪ੍ਰਵਾਸੀ ਪੰਜਾਬੀਆਂ ਦੀ ਪੰਜਾਬ ਸਰਕਾਰ ਤੋਂ ਵਧੀ ਦੂਰੀ ਹੈ।

# ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਦੀ ਤਿਮਾਹੀ ਮੀਟਿੰਗ

ਸੈਕਰਾਮੈਂਟੋ- ਬੀਤੇ ਦਿਨੀਂ 15 ਜੂਨ ਨੂੰ ਪੰਜਾਬ ਸਾਹਿਤ ਸਭਾ ਸੈਕਰਾਮੈਂਟੋ ਦੀ ਤਿਮਾਹੀ ਮੀਟਿੰਗ ਪੰਜਾਬ ਮੇਲ ਦੇ ਸੰਪਾਦਕ ਗੁਰਜਤਿੰਦਰ ਰੰਧਾਵਾ ਦੇ ਦਫਤਰ ਵਿਖੇ ਆਯੋਜਿਤ ਕੀਤੀ ਗਈ। ਸਭ ਤੋਂ ਪਹਿਲਾਂ ਸਕੱਤਰ ਜਸਵੰਤ ਜੱਸੀ ਸ਼ੀਮਾਰ ਨੇ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਸਟੇਜ ਤੇ ਬੁਲਾਇਆ। ਪ੍ਰਧਾਨ ਨੇ ਸਾਰੇ ਸਾਹਿਤਕਾਰਾਂ ਨੂੰ ਜੀ ਆਇਆਂ ਕਿਹਾ। ਇਸ ਪਿੱਛੋਂ ਰਾਠੇਸ਼ਵਰ ਸੂਰਾਪੁਰੀ ਦੇ ਰਿਸ਼ਤੇਦਾਰ ਅਜੈਬ ਚੀਮਾ ਅਤੇ ਰਮੇਸ਼ ਬੰਗੜ ਅਤੇ ਮਾਤਾ ਜੀ ਦੇ ਅਕਾਲ ਚਲਾਣਾ ਕਰਨ ਤੇ ਦੋ ਮਿੰਟ ਦਾ ਮੌਨ ਧਾਰਿਆ ਗਿਆ। ਪਹਿਲੇ ਸੈਸ਼ਨ ਕਹਾਣੀ ਦਰਬਾਰ ਵਿਚ ਪ੍ਰਧਾਨਗੀ ਮੰਡਲ ਵਿਚ ਪ੍ਰਿੰਸੀਪਲ ਸਵਿੰਦਰ ਛੀਨਾ, ਦਿਲ ਨਿੱਜਰ, ਗੁਰਜਤਿੰਦਰ ਰੰਧਾਵਾ ਬਿਰਾਜਮਾਨਸਨ। ਕਹਾਣੀ ਦਰਬਾਰ ਵਿਚ ਮਨਜੀਤ ਸੇਖੋਂ, ਮਹਿੰਦਰ ਸਿੰਘ ਘੱਗ, ਦਲਜੀਤ ਸੂਦ ਨੇ ਆਪਣੀ ਆਪਣੀ ਕਹਾਣੀ ਪੜ੍ਹੀ।




ਕਹਾਣੀ ਦਰਬਾਰ ਤੋਂ ਬਾਅਦ ਕਮਲ ਬੰਗਾ ਦੀ ਨਵੀਂ ਕਿਤਾਬ 'ਤਾਸ਼ ਦੇ ਪੱਤੇ' ਲੋਕ ਅਰਪਿਤ ਕੀਤੀ ਗਈ। ਪ੍ਰਿੰਸੀਪਲ ਸਵਿੰਦਰ ਛੀਨਾ ਨੇ ਇਸ ਕਿਤਾਬ ਲਈ ਕਮਲ ਬੰਗਾ ਨੂੰ ਵਧਾਈ ਦਿੱਤੀ ਅਤੇ ਕਿਤਾਬ ਵਿਚੋਂ ਕੁਝ ਸ਼ੇਅਰ ਪੜ੍ਹ ਕੇ ਸ਼ੇਅਰਾਂ ਵਿਚਲੀਆਂ ਬਰੀਕੀਆਂ ਦੀ ਦਾਦ ਦਿੱਤੀ। ਦਿਲ ਨਿੱਜਰ ਨੇ ਵੀ ਕਿਤਾਬ ਵਿਚ ਸ਼ੇਅਰ ਪੜ੍ਹ ਕੇ ਸੁਣਾਏ।

ਖਾਣ ਪੀਣ ਤੋਂ ਬਾਅਦ ਦੂਜਾ ਸੈਸ਼ਨ ਕਵੀ ਦਰਬਾਰ ਦਾ ਸੀ, ਜਿਸ ਵਿਚ ਹਰਭਜਨ ਢੇਰੀ, ਮਹਿੰਦਰ ਸਿੰਘ ਘੱਗ, ਦਿਲ ਨਿੱਜਰ, ਹਰਬੰਸ ਢਿੱਲੋਂ, ਜਸਵੰਤ ਜੱਸੀ ਸ਼ੀਮਾਰ, ਦਲਜੀਤ ਸੂਦ, ਰਮੇਸ਼ ਬੰਗੜ, ਨੀਲਮ ਸੈਣੀ, ਤਾਰਾ ਸਾਗਰ, ਕਮਲ ਬੰਗਾ, ਮਨਜੀਤ ਸੇਖੋਂ, ਇੰਦਰਜੀਤ ਗਰੇਵਾਲ, ਰਾਠੇਸ਼ਵਰ ਸੂਰਾਪੁਰੀ, ਪ੍ਰਿੰਸੀਪਲ ਸਵਿੰਦਰ ਛੀਨਾ, ਅਜੈਬ ਚੀਮਾ, ਪਰਮਿੰਦਰ ਰਾਏ ਖਾਨਖਾਨਾ, ਡਾ: ਪ੍ਰਗਟ ਸਿੰਘ, ਸ: ਨਿਰਮਲ ਸਿੰਘ, ਜੱਸ ਫਿਜ਼ਾ, ਮੇਜਰ ਕੁਲਾਰ ਬੋਪਾਰਾਏ, ਜੋਤੀ ਸਿੰਘ, ਗੁਰਜਤਿੰਦਰ ਰੰਧਾਵਾ, ਗੋਗੀ ਸੰਧੂਅਤੇ ਜੀਵਨ ਰੱਤੂ ਨੇ ਆਪਣੀ ਬੁਲੰਦ ਆਵਾਜ਼ ਵਿਚ ਗੀਤ ਸੁਣਾ ਕੇ ਇਸ ਮੀਟਿੰਗ ਵਿਚ ਗਹਿਰਾ ਪ੍ਰਭਾਵ ਛੱਡਿਆ।

ਡਾ. ਪਰਗਟ ਸਿੰਘ ਜੀ ਨੂੰ ਇੰਪਲਾਈ ਆਫ ਦਾ ਯੀਅਰ ਐਵਾਰਡ ਮਿਲਣ ਤੇ ਅਤੇ ਘੱਗ ਸਾਹਿਬ ਦੇ ਦੋਹਤੇ ਨੂੰ ਸਕਾਲਰਸ਼ਿਪ ਮਿਲਣ ਤੇ ਵਧਾਈ ਦਿੱਤੀ। ਗੁਰਜਤਿੰਦਰ ਰੰਧਾਵਾ ਦੇ ਸਾਂਢੂ ਦੇ ਦਸ ਕੁ ਸਾਲ ਦੇ ਲੜਕੇ ਨੇ ਚਾਹ ਪਾਣੀ, ਸਾਫ ਸਫਾਈ ਅਤੇ ਕੈਮਰੇ ਨਾਲ ਫੋਟੋਆਂ ਲੈ ਕੇ ਚੁਸਤੀ ਫੁਰਤੀ ਦਿਖਾਈ, ਜੋ ਵਧਾਈ ਦਾ ਪਾਤਰ ਹੈ। ਸਟੇਜ ਸੰਚਾਲਨ ਜਸਵੰਤ ਜੱਸੀ ਸ਼ੀਮਾਰ ਅਤੇ ਇੰਦਰਜੀਤ ਗਰੇਵਾਲ ਨੇ ਵਾਰੀ ਵਾਰੀ ਕੀਤਾ।

# ਤਾਲਿਬਾਨ ਦੇ ਵਿਰੋਧ ਵਿਚ ਬਣਾਈ ਬੁੱਧ ਦੀ ਸਭ ਤੋਂ ਉੱਚੀ ਮੂਰਤੀ



ਚੀਨ ਦੇ ਹੇਨਾਨ ਸੂਬੇ ਵਿਚ ਭਗਵਾਨ ਬੁੱਧ ਦੀ ਇਹ ਮੂਰਤੀ ਸਪਰਿੰਗ ਟੈਂਪਲ ਦੀ ਹੈ। 85 ਫੁੱਟ ਉੱਚੀ ਇਮਾਰਤ ਅਤੇ 62 ਫੁੱਟ ਉੱਚੇ ਕਮਲ ਸਿੰਘਾਸਨ ਤੇ ਬਣੀ ਇਸ ਮੂਰਤੀ ਦੀ ਕੁੱਲ ਉਚਾਈ 502 ਫੁੱਟ ਹੈ, ਜੋ ਵਿਸ਼ਵ ਵਿਚ ਸਭ ਤੋਂ ਜ਼ਿਆਦਾ ਹੈ। ਇਸਦਾ ਵਜਨ 1000 ਟਨ ਅਤੇ ਲਾਗਤ 33.55 ਕਰੋੜ ਰੁਪਏ ਹੈ। ਤਾਲਿਬਾਨ ਨੇ 2001 ਵਿਚ ਅਫਗਾਨਿਸਤਾਨ ਵਿਚ ਭਗਵਾਨ ਬੁੱਧ ਦੀ ਵਿਸ਼ਾਲ ਮੂਰਤੀ ਤੋੜ ਦਿੱਤੀ ਸੀ, ਉਸ ਤੋਂ ਤੁਰੰਤ ਬਾਅਦ ਚੀਨ ਸਰਕਾਰ ਨੇ ਸਭ ਤੋਂ ਉੱਚੀ ਮੂਰਤੀ ਬਣਾਉਣ ਦਾ ਐਲਾਨ ਕੀਤਾ ਸੀ।

# ਪਿੰਡ ਚੌਹਾਲ 'ਚ ਵਿਸ਼ਾਲ ਬੁੱਧੀਜੀਵੀ ਸੰਤ ਸੰਮੇਲਨ

ਮਾਹਿਲਪੁਰ, 14 ਜੂਨ (ਸ਼ਿਵ ਕੁਮਾਰ ਬਾਵਾ)- ਅਖਿਲ ਭਾਰਤੀਯਾ ਰਵਦਾਸੀਆ ਧਰਮ ਸੰਗਠਨ ਵਲੋਂ ਬੁੱਧੀਜੀਵੀ ਸੰਤ ਸੰਮੇਲਨ ਪਹਾੜੀ ਖਿੱਤੇ ਦੇ ਪਿੰਡ ਚੋਹਾਲ ਵਿਖੇ ਕਰਵਾਇਆ ਗਿਆ ਜਿਸ ਵਿੱਚ ਰਵਿਦਾਸੀਏ ਧਰਮ ਪ੍ਰਚਾਰਕ ਸੁਖਦੇਵ ਬਾਗਮਰੇ (ਮਹਾਰਾਸ਼ਟਰਾ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਸਮਾਗਮ ਦਾ ਸਮੁੱਚਾ ਪ੍ਰਬੰਧ ਬੇਗਮਪੁਰਾ ਟਾਈਗਰ ਫੋਰਸ ਦੋਆਬਾ ਅਤੇ ਇਲਾਕੇ ਦੇ ਪਿੰਡਾਂ ਸਮੇਤ ਗੁਰੂ ਰਵਿਦਾਸ ਅਤੇ ਡਾ ਅੰਬੇਡਕਰ ਸਭਾਵਾਂ ਦੇ ਸਹਿਯੋਗ ਨਾਲ ਕੀਤਾ ਗਿਆ। ਬੇਗਮਪਰਾ ਟਾਈਗਰ ਫੋਰਸ ਦੋਆਬਾ ਦੇ ਪ੍ਰਚਾਰਕ ਬਲਰਾਜ ਸਿੱਧੂ, ਡਾ ਅਜੇ ਮੱਲ ਚੇਅਰਮੈਨ ਅਤੇ ਡਾ ਦਵਿੰਦਰ ਸਰੋਆ( ਹਲਕਾ) ਪ੍ਰਧਾਨ ਚੱਬੇਵਾਲ ਵਲੋਂ ਸਾਂਝੇ ਤੌਰ 'ਤੇ ਸਮੂਹ ਸੰਗਤਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।



ਇਸ ਮੌਕੇ ਬਲਜਿੰਦਰ ਮਾਣਕ ਨੇ ਕਿਹਾ ਕਿ ਸਰਕਾਰ ਵਲੋਂ ਦਲਿਤ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਹੜੇ ਸਕੂਲਾਂ ਕਾਲਜਾਂ ਵਲੋਂ ਹਾਲੇ ਤੱਕ ਬੱਚਿਆਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ ਉਹਨਾਂ ਨੂੰ ਕਿਸੇ ਵੀ ਕੀਮਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਇਸ ਵਿਦਿਅਕ ਵਰ੍ਹੇ ਤੋਂ ਦਲਿਤ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਮਿਲਣ ਵਾਲੀਆਂ ਸਹੂਲਤਾਂ ਨਾ ਦਿੱਤੀਆਂ ਗਈਆਂ ਤਾਂ ਉਪ੍ਰੋਕਤ ਦਲਿਤ ਜਥੇਬੰਦੀਆਂ ਅਤੇ ਧਾਰਮਿਕ ਸੰਗਠਨਾਂ ਵਲੋ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਹੋਰਨਾ ਤੋ ਇਲਾਵਾ ਧਿਆਨ ਸਿੰਘ, ਦਿਲਬਾਗ ਸਿੰਘ, ਗੋਲੂ ਰਾਮ, ਪੱਪੀ ਕੁਮਾਰ, ਅਨਿਲ ਜੰਡੋਲੀ ਸਮੇਤ ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਹਾਜਰ ਸਨ।

# ਬਦਾਊ ਬਲਾਤਕਾਰ ਕਾਂਡ 'ਚ ਸੀ.ਬੀ.ਆਈ.ਨੇ ਮੁਕੱਦਮਾ ਦਰਜ ਕੀਤਾ

ਨਵੀਂ ਦਿੱਲੀ- ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਨੇ ਉੱਤਰ ਪ੍ਰਦੇਸ਼ ਦੇ ਬਦਾਊਂ 'ਚ 2 ਲੜਕੀਆਂ ਨਾਲ ਬਲਾਤਕਾਰ ਅਤੇ ਕਤਲ ਦੇ ਮਾਮਲੇ 'ਚ ਵੀਰਵਾਰ ਨੂੰ ਇਕ ਮੁਕੱਦਮਾ ਦਰਜ ਕੀਤਾ। ਸੀ. ਬੀ. ਆਈ. ਦੀ ਮਹਿਲਾ ਬੁਲਾਰਾ ਕੰਚਨ ਪ੍ਰਸਾਦ ਨੇ ਦੱਸਿਆ ਕਿ ਪੁਲਸ ਡਿਪਟੀ ਇੰਸਪੈਕਟਰ ਜਨਰਲ ਰੈਂਕ ਦੇ ਇਕ ਅਧਿਕਾਰੀ ਦੀ ਲੀਡਰਸ਼ਿਪ 'ਚ ਜਾਂਚ ਏਜੰਸੀ ਦੇ 20 ਅਧਿਕਾਰੀਆਂ ਦਾ ਇਕ ਦਲ ਬੁੱਧਵਾਰ ਨੂੰ ਬਦਾਊਂ ਰਵਾਨਾ ਹੋਇਆ। ਸੁਸ਼੍ਰੀ ਪ੍ਰਸਾਦ ਅਨੁਸਾਰ ਜਾਂਚ ਦਲ ਦੇ ਫੋਰੈਂਸਿਕ ਮਾਹਰ ਵੀ ਸ਼ਾਮਲ ਹੋਣਗੇ। ਸੀ. ਬੀ. ਆਈ. ਨੇ ਰਾਜ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਜਾਂਚ ਨਾਲ ਜੁੜੇ ਅਧਿਕਾਰੀਆਂ ਨੂੰ ਹਰ ਸੰਭਵ ਸਹਿਯੋਗ ਉਪਲੱਬਧ ਕਰਵਾਉਣ। ਜ਼ਿਕਰਯੋਗ ਹੈ ਕਿ ਕਤਲਕਾਂਡ ਨੂੰ ਲੈ ਕੇ ਮਚੇ ਸਿਆਸੀ ਬਵਾਲ ਤੋਂ ਬਾਅਦ ਰਾਜ ਸਰਕਾਰ ਨੇ ਸੀ. ਬੀ. ਆਈ. ਜਾਂਚ ਦੀ ਸਿਫਾਰਿਸ਼ ਕੀਤੀ ਸੀ। ਬੁੱਧਵਾਰ ਨੂੰ ਕਾਰਮਿਕ ਅਤੇ ਟਰੇਨਿੰਗ ਵਿਭਾਗ ਨੇ ਆਪਣੇ ਆਦੇਸ਼ 'ਚ ਸੀ. ਬੀ. ਆਈ. ਨੂੰ ਇਸ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਸੀ।



# ਗਿੰਨੀ ਯਾਦਗਾਰੀ ਸਾਹਿਤਕ ਮੰਚ ਅਮਰੀਕਾ ਦਾ ਸਮਾਗਮ ਰੌਚਕ ਅਤੇ ਸਾਰਥਕ ਹੋ ਨਿੱਬੜਿਆ

ਯੂਨੀਅਨ ਸਿਟੀ (ਕੈਲੀਫੋਰਨੀਆ), (ਪ੍ਰਮਿੰਦਰ ਸਿੰਘ ਪ੍ਰਵਾਨਾ)- ਬੀਤੇ ਦਿਨੀਂ ਮੰਚ ਵੱਲੋਂ ਇਕ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਿਸ ਵਿਚ ਮੁੱਖ ਮਹਿਮਾਨ ਵਜੋਂ ਸਥਾਨਕ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀ ਪਲੇਠੀ ਪੁਸਤਕ 'ਬਿਨ ਬਾਲਣ ਦੇ ਸਾੜਨ ਧੀਆਂ' ਲੋਕ ਅਰਪਣ ਕੀਤੀ ਗਈ। ਬੀਬੀ ਰਾਜਵਿੰਦਰ ਕੌਰ ਢਿੱਲੋਂ ਵੱਲੋਂ ਸਭ ਦਾ ਸਵਾਗਤ ਕੀਤਾ। ਪ੍ਰਧਾਨਗੀ ਮੰਡਲ ਲਈ ਪ੍ਰਸਿੱਧ ਨਾਮਾ ਨਿਗਾਰ ਤ੍ਰਿਲੋਚਨ ਸਿੰਘ ਦੁਪਾਲਪੁਰ, ਡਾ. ਹਰਬੰਸ ਸਿੰਘ ਸਰਾਂ, ਈਸ਼ਰ ਸਿੰਘ ਮੋਮਨ ਅਤੇ ਗੁਰਸੇਵ ਸਿੰਘ ਨੂੰ ਸੱਦਾ ਦਿੱਤਾ। ਮੰਚ ਸੰਚਾਲਨ ਡਾ. ਗੁਰਮੀਤ ਸਿੰਘ ਬਰਸਾਲ ਨੇ ਕੀਤਾ ਅਤੇ ਪ੍ਰਚਾ ਪਾਠ ਵਿਚ ਬੀਬੀ ਮਨਜੀਤ ਕੌਰ ਸੈਕਰਾਮੈਂਟੋ ਨੇ ਪਰਚੇ ਵਿਚ ਕਿਹਾ ਗਿਆ ਕਿ ਪੁਸਤਕ ਅਨੁਮਾਨ ਤੋਂ ਦੂਰ ਹੈ, ਕਿਉਂਥ ਸਿਰਲੇਖ ਨਾਲ ਪੁਸਤਕ ਦੀ ਪਾਠ ਸਮੱਗਰੀ ਮੇਲ ਨਹੀਂ ਖਾਂਦੀ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਕਿਹਾ ਗਿਆ ਕਿ ਕਵੀ ਇਕ ਛੋਟੇ ਜਿਹੇ ਘਰ ਤੋਂ ਜ਼ਿੰਦਗੀ ਦੇ ਸੰਘਰਸ਼ ਤੇ ਇਮਾਨਦਾਰੀ, ਮਿਹਨਤ ਨਾਲ ਉਸ ਧਰਾਤਲ ਤੇ ਪਹੁੰਚਿਆ ਹੈ, ਜਿਸਨੂੰ ਸੰਭਾਵਨਾਵਾਂ ਦੀ ਸਭ ਤੋਂ ਵੱਡੀ ਮੰਡੀ ਕਿਹਾ ਜਾਂਦਾ ਹੈ। ਪੁਸਤਕ ਵਿਚਾਰ ਚਰਚਾ ਵਿਚ ਪ੍ਰਸਿੱਧ ਨਾਮਾਨਿਗਾਰ ਤ੍ਰਿਲੋਚਨ ਸਿੰਘ ਦੁਪਾਲਪੁਰ, ਡਾ. ਹਰਬੰਸ ਸਿੰਘ ਸਰਾਂ, ਡਾ: ਆਲਾ ਸਿੰਘ, ਭਾਈ ਅਵਤਾਰ ਸਿੰਘ ਮਿਸ਼ਨਰੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।




# ਯੂਨਾਈਟਿਡ ਸਿੱਖਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਖੂਨਦਾਨ ਕੈਂਪ ਲਗਾਇਆ



ਗੁਰੂ ਮਹਾਰਾਜ ਦੇ ਸ਼ਹੀਦੀ ਦਿਹਾੜੇ ਤੇ ਸੰਗਤਾਂ ਨੇ ਸਾਰੇ ਸ਼ਹੀਦਾਂ ਦੀ ਯਾਦ ਵਿਚ ਖੂਨਦਾਨ ਕੈਂਪ ਲਗਾਇਆ। ਹਮੇਸ਼ਾ ਵਾਂਗ ਇਹ ਖੂਨਦਾਨ ਕੈਂਪ ਵੀ ਇੰਟਰਨੈਸ਼ਨਲ ਪੱਧਰ ਦੀ ਸੰਸਥਾ ਯੂਨਾਈਟਿਡ ਸਿੱਖਸ ਦੇ ਸਹਿਯੋਗ ਨਾਲ ਸੰਪੰਨ ਹੋਇਆ। ਇਸ ਮੌਕੇ 22 ਯੂਨਿਟ ਖੂਨ ਲਿਆ ਗਿਆ, ਜੋ 40 ਲੋਕਾਂ ਦੇ ਕੰਮ ਆ ਸਕਦਾ ਹੈ। ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਏ. ਪੀ. ਐਸ. ਭਾਟੀਆ ਦਾ ਕਹਿਣਾ ਹੈ ਕਿ ਜੇਕਰ ਕਿਸੇ ਵੀ ਗੁਰੂ ਘਰ ਜਾਂ ਬਿਜਨਸ ਨੇ ਖੂਨਦਾਨ ਕੈਂਪ ਲਗਾਉਣਾ ਹੋਵੇਗਾ ਤਾਂ ਉਹ ਯੂਨਾਈਟਿਡ ਸਿੱਖਸ ਨਾਲ 408-509-2223 ਤੇ ਸੰਪਰਕ ਕਰ ਸਕਦਾ ਹੈ। ਇਸ ਤੋਂ ਇਲਾਵਾ ਸਕੂਲ ਵਿਚ ਗੁੰਡਾਗਰਦੀ ਜਾਂ ਨਸਲੀ ਨਫ਼ਰਤ ਦੀ ਸਮੱਸਿਆ ਨੂੰ ਹੱਲ ਕਰਵਾਉਣਾ ਹੋਵੇ ਤਾਂ ਸੰਸਥਾ ਦੇ ਅਟਾਰਨੀ ਸੇਵਾ ਲਈ ਹਾਜ਼ਰ ਹਨ।

# ਯਿਸ਼ੂ ਦਾ ਪਵਿੱਤਰ ਵਚਨ

ਪੁੱਤਰ ਤੁਸੀਂ ਗੁਨਾਹਾਂ ਦੇ ਭਾਰ ਹੇਠ ਦੱਬੇ ਹੋਏ ਹੋ ਇਸ ਲਈ ਤੁਸੀਂ ਮੇਰੇ ਕੋਲ ਆਓ ਮੈਂ ਤੁਹਾਨੂ ਆਰਾਮ ਦਿਆਂਗਾ। ਆਪਣੇ ਗੁਨਾਹਾਂ ਨੂੰ ਕਬੂਲ ਕਰਦੇ ਹੋਏ ਤੋਬਾ ਕਰੋ। ਮੈਂ ਤੁਹਾਡਾ ਜਾਣੀਜਾਣ ਪ੍ਰਮੇਸ਼ਵਰ ਤੁਹਾਡੇ ਵਾਰੇ ਸਭ ਕੁਛ ਜਾਣਦਾ ਹਾਂ। ਮੇਰੀ ਹਜ਼ੂਰੀ ਦੇ ਰੂਹਾਨੀ ਚਾਨਣ ਵਿਚ ਆਓ, ਮੈਂ ਤੁਹਾਡੇ ਗੁਨਾਹ ਮਾਫ਼ ਕਰ ਦਿਆਂਗਾ ਅਤੇ ਤੁਹਾਨੂ ਪਵਿੱਤਰ ਕਰਕੇ ਤੁਹਾਨੂੰ ਰੂਹਾਨੀ ਵਸਤਰ ਪੁਆਵਾਂਗਾ।



ਮੇਰੇ ਤੋਂ ਤੁਸੀਂ ਅਨੰਤ ਕਾਲ ਦਾ ਸੁਰਗੀ ਜੀਵਨ ਪਾਓਗੇ। ਤੁਸੀਂ ਰੂਹਾਨੀ ਵਸਤਰ ਪਹਨ ਕੇ ਮੇਰੇ ਤੋਂ ਵਖਰੇ ਨਹੀਂ ਕੀਤੇ ਜਾ ਸਕੋਗੇ। ਧਰਤੀ ਅਤੇ ਅਸਮਾਨ ਦੀ ਕੋਈ ਭੀ ਸ਼ਕਤੀ ਤੁਹਾਨੂ ਮੇਰੇ ਤੋਂ ਅਲਗ ਨਹੀਂ ਕਰ ਸਕੇਗੀ ਕਿਓਂਕੇ ਧਰਤੀ ਅਤੇ ਆਕਾਸ਼ ਮੇਰੇ ਅਧਿਕਾਰ ਵਿਚ ਹਨ। ਜਿਥੇ ਭੀ ਤੁਸੀਂ ਗਿਰੋਗੇ ਮੈਂ ਤੁਹਾਨੂ ਉਠਾਵਾਂਗਾ।

ਮੈਂ ਤੁਹਾਡੇ ਨਾਲ ਅਨੰਤ ਕਾਲ ਤੱਕ ਅਰਥਾਤ ਸਮੇ ਦੇ ਅੰਤ ਤੱਕ ਰਵਾਂਗਾ। ਸੰਸਾਰ ਦੇ ਲੋਕ ਹਨੇਰੇ ਦੀ ਸ਼ਰਨ ਵਿਚ ਜਾਕੇ ਆਪਣੇ ਗੁਨਾਹਾਂ ਨੂੰ ਛੁਪਾਂਦੇ ਹਨ। ਉਹ ਅੰਦਰੋ ਅੰਦਰੀ ਖੁਦ ਨੂੰ ਦੋਸ਼ੀ ਕਹਿੰਦੇ ਹਨ। ਉਹ ਖੁਦ ਨੂੰ ਪਵਿੱਤਰ ਕਰਨ ਦੇ ਆਪਣੇ ਆਪਣੇ ਰਸਤੇ ਬਣਾਦੇ ਹਨ ਅਤੇ ਉਹ ਦੂਜਿਆਂ ਨੂੰ ਗੁਨਾਹਗਾਰ ਕਹਿਣੋ ਭੀ ਨਹੀਂ ਡਰਦੇ ਅਤੇ ਨਫਰਤ ਕਰਦੇ ਹਨ। ਪਰ ਮੈਂ ਜੱਗ ਦਾ ਚਾਨਣ ਹਾਂ ਅਤੇ ਹਨੇਰਿਆਂ ਨੂੰ ਦੂਰ ਕਰਦਾ ਹਾਂ। ਆਓ ਮੇਰੇ ਨੇੜੇ ਆਓ ਤਾਕੇ ਮੇਰਾ ਚਾਨਣ ਤੁਹਾਨੂ ਆਪਣੀ ਬੁੱਕਲ ਵਿਚ ਲੈ ਲਵੇ। ਮੈਂ ਤੁਹਾਡੇ ਹਨੇਰੇ ਨੂੰ ਦੂਰ ਕਰਾਂਗਾ ਅਤੇ ਤੁਹਾਨੂੰ ਆਪਣੀ ਪਵਿੱਤਰਤਾ ਦੇਵਾਂਗਾ। ਆਓ ਮੇਰੇ ਕੋਲ ਆਓ ਅਤੇ ਮੇਰੀ ਸ਼ਾਂਤੀ ਪਾਓ।

ਪੜੋ: ਯੁਹੰਨਾ 8:12, ਯਸ਼ਾਯਾਹ 61:10,1 ਯੁਹੰਨਾ 1:7, ਮਿਤੀ 11:28

***ਪੇਸ਼ਕਾਰ- ਡਾ ਜਸਜੀਤ ਸਿੰਘ (916) 604-0036***

# ਅਮਰੀਕਾ 'ਚ ਛਾਈ ਅੰਮ੍ਰਿਤਸਰ ਦੀ ਕੁੜੀ ਗੀਤ ਕੌਰ

ਸਿਆਟਲ— ਅਮਰੀਕਾ ਦੇ ਸ਼ਹਿਰ ਸਿਆਟਲ ਵਿਚ ਰਹਿ ਰਹੀ ''ਮਿਸਜ਼ ਇੰਡੀਆ ਵਾਸ਼ਿੰਗਟਨ'' ਖਿਤਾਬ ਹਾਸਿਲ ਕਰਨ ਵਾਲੀ ਪੰਜਾਬਣ ਮੁਟਿਆਰ ਗੀਤ ਕੌਰ ਗਰੀਬ ਲੋਕਾਂ ਦੀ ਮਦਦ ਕਰਨ ਤੋਂ ਇਲਾਵਾ ਅਭਿਨੈ ਦੀ ਦੁਨੀਆਂ ਵਿਚ ਆਪਣਾ ਨਾਂ ਚਮਕਾਉਣਾ ਚਾਹੁੰਦੀ ਹੈ । ਪੰਜਾਬ ਵਿਚ ਅੰਮ੍ਰਿਤਸਰ ਜ਼ਿਲੇ ਦੇ ਜੰਡਿਆਲਾ ਗੁਰੂ ਕਸਬੇ ਨਾਲ ਸਬੰਧ ਰੱਖਦੀ ਗੀਤ ਕੌਰ ਨੂੰ ਬਚਪਨ ਤੋਂ ਹੀ ਨਾਚ ਅਤੇ ਹੋਰ ਕੋਮਲ ਕਲਾਵਾਂ ਨਾਲ ਲਗਾਅ ਸੀ । ਆਪਣੀ ਉੱਚ ਵਿੱਦਿਆ ਭਾਰਤ ਦੀ ਰਾਜਧਾਨੀ ਦਿੱਲੀ ਤੋਂ ਹਾਸਿਲ ਕਰਕੇ ਉੱਥੇ ਹੀ ਏਵੀਏਸ਼ਨ ਇੰਡਸਟਰੀ ਵਿਚ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੀ ਗੀਤ ਕੌਰ ਪਿਛਲੇ ਸਾਲ ਹੀ ਵਿਆਹ ਕਰਵਾ ਕੇ ਅਮਰੀਕਾ ਦੇ ਵਾਸ਼ਿੰਗਟਨ ਸੂਬੇ ਦੇ ਸ਼ਹਿਰ ਸਿਆਟਲ ਵਿਚ ਰਹਿਣ ਲੱਗ ਪਈ । ਮਿਸਜ਼ ਇੰਡੀਆ ਵਾਸ਼ਿੰਗਟਨ ਮੁਕਾਬਲੇ ਵਿਚ ਪਹਿਲੀ ਵਾਰ ਹਿੱਸਾ ਲੈ ਕੇ ਗੀਤ ਕੌਰ ਨੇ ਇਹ ਖਿਤਾਬ ਆਪਣੇ ਸਿਰ ਸਜਾਇਆ । ਕੁਲ ਅਠਾਰਾਂ ਪ੍ਰਤੀਯੋਗੀਆਂ ਦੇ




ਮੁਕਾਬਲੇ ਵਿੱਚੋਂ ਉਸ ਨੂੰ ਅੱਵਲ ਚੁਣਿਆ ਗਿਆ । ਗੀਤ ਕੌਰ ਨੇ ਜਿੱਥੇ ਇਸ ਮੁਕਾਬਲੇ ਵਿਚ ਵੱਖ-ਵੱਖ ਰਾਂਊਡਜ਼ ਵਿਚ ਭਾਰਤੀ ਸੱਭਿਆਚਾਰ ਅਤੇ ਪੱਛਮੀ ਤਰਜ਼ੇ ਜ਼ਿੰਦਗੀ ਸਬੰਧੀ ਪੁੱਛੇ ਗਏ ਸੁਆਲਾਂ ਦੇ ਤਸੱਲੀਬਖਸ਼ ਜਵਾਬ ਦਿੱਤੇ, ਉੱਥੇ ਉਸ ਨੇ ਮਾਂ-ਬੇਟੀ ਦੇ ਰਿਸ਼ਤੇ ਦੀ ਮਹਾਨਤਾ ਨੂੰ ਪ੍ਰਗਟਾਉਂਦੀ ਕਵਿਤਾ ਸੁਣਾ ਕੇ ਹਾਜ਼ਰੀਨ ਦੀਆਂ ਅੱਖਾਂ ਨਮ ਕਰ ਦਿੱਤੀਆਂ। ਗੀਤ ਕੌਰ ਨੇ ਆਪਣੀ ਸਫਲਤਾ ਪਿੱਛੇ ਆਪਣੀ ਮਾਂ ਸਰਦਾਰਨੀ ਨਿਰਮਲ ਕੌਰ ਸੰਧੂ ਅਤੇ ਪਿਤਾ ਸ: ਕੁਲਦੀਪ ਸਿੰਘ ਸੰਧੂ (ਪੰਜਾਬ ਪੁਲਸ ਅਫਸਰ) ਤੋਂ ਇਲਾਵਾ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਦਾ ਹੱਥ ਦੱਸਿਆ ਹੈ । ਹੁਣ ਉਸ ਦੀ ਅੱਖ ਇਸ ਸਾਲ ਹੋਣ ਵਾਲੇ 'ਮਿਸਜ਼ ਇੰਡੀਆ ਅਮਰੀਕਾ' ਟਾਈਟਲ ਤੇ ਟਿਕੀ ਹੋਈ ਹੈ।

# ਭਾਰਤੀ ਮੂਲ ਦੀ ਲੜਕੀ ਨੂੰ ਵ੍ਹਾਈਟ ਹਾਊਸ ਨੇ ਕੀਤਾ ਸਨਮਾਨਤ

ਵਾਸ਼ਿੰਗਟਨ—ਵ੍ਹਾਈਟ ਹਾਊਸ ਨੇ ਆਪਣੇ ਭਾਈਚਾਰਿਆਂ ਦੀ ਅਗਵਾਈ ਕਰਨ ਦੇ ਲਈ ਭਾਰਤੀ ਮੂਲ ਦੀ ਇਕ ਲੜਕੀ ਦੀ ਚੋਣ 'ਚੈਂਪੀਅਨਜ਼ਅ ਆਫ ਚੇਂਜ' ਦੇ ਤੌਰ 'ਤੇ ਕੀਤੀ ਹੈ। ਵ੍ਹਾਈਟ ਹਾਊਸ ਨੇ ਇਸ ਪੁਰਸਕਾਰ ਦੇ ਲਈ ਕੁੱਲ 10 ਨੌਜਵਾਨਾਂ ਦੀ ਚੋਣ ਕੀਤੀ ਹੈ। ਇਨ੍ਹਾਂ ਸਾਰੇ ਨੌਜਵਾਨਾਂ ਨੂੰ ਵ੍ਹਾਈਟ ਹਾਊਸ ਵਿਚ ਮੰਗਲਵਾਰ ਨੂੰ ਸਨਮਾਨਤ ਕੀਤਾ ਜਾਵੇਗਾ। ਦਿੱਲੀ ਵਿਚ ਜਨਮੀ ਪ੍ਰਤਿਸ਼ਠਾ ਖੰਨਾ ਸਮੇਤ ਸਾਰੇ 10 ਨੌਜਵਾਨ ਪਹਿਲਾਂ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ' ਪੁਰਸਕਾਰ ਜਿੱਤ ਚੁੱਕੇ ਹਨ। ਇਹ ਪੁਰਸਕਾਰ ਉਨ੍ਹਾਂ ਨੌਜਵਾਨਾਂ ਨੂੰ ਮਿਲਦਾ ਹੈ, ਜੋ ਆਪਣੇ ਵਿੱਦਿਅਕ ਅਤੇ ਪੇਸ਼ੇਵਰ ਖੇਤਰਾਂ ਵਿਚ ਬੇਹੱਦ ਸਫਲ ਅਤੇ ਸ਼ਲਾਘਾਯੋਗ ਰਹੇ ਹਨ।

ਵ੍ਹਾਈਟ ਹਾਊਸ ਨੇ ਇਕ ਬਿਆਨ ਵਿਚ ਕਿਹਾ, ''ਇਨ੍ਹਾਂ ਜੇਤੂਆਂ ਨੇ ਭਾਈਚਾਰਕ ਕਾਰਜਾਂ ਦੇ ਮਾਧਿਅਮ ਰਾਹੀਂ ਖੁਦ ਨੂੰ ਵਿਸ਼ੇਸ਼ ਬਣਾਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਵਿੱਦਿਅਕ ਅਤੇ ਪੇਸ਼ੇਵਰ ਭਾਈਚਾਰਿਆਂ ਦੇ ਦੂਜੇ ਮੈਂਬਰਾਂ ਨੂੰ ਵੀ ਸਫਲ ਬਣਾਉਣ ਦੀ ਖਾਤਰ ਸਖਤ ਮਿਹਨਤ ਕੀਤੀ ਹੈ। 10 ਸਾਲ ਦੀ ਉਮਰ ਵਿਚ ਅਮਰੀਕਾ ਗਈ ਮੈਰੀਲੈਂਡ ਵਾਸੀ ਪ੍ਰਤਿਸ਼ਠਾ ਵਰਤਮਾਨ ਵਿਚ ਯੂਨੀਵਰਸਿਟੀ ਆਫ ਮੈਰੀਲੈਂਡ, ਬਾਲਟੀਮੋਰ ਕਾਊਂਟੀ ਵਿਚ ਗ੍ਰੈਜੂਏਸ਼ਨ ਦੇ ਆਖਰੀ ਸਾਲ ਦੀ ਵਿਦਿਆਰਥਣ ਹੈ। ਉਹ ਜੀਵ ਵਿਗਿਆਨ ਵਿਸ਼ੇ ਤੋਂ ਗ੍ਰੈਜੂਏਸ਼ਨ ਕਰ ਰਹੀ ਹੈ।

# ਹਰਸਿਮਰਤ ਕੌਰ ਨੇ ਜੇਮਸ ਬੇਵਨ ਨਾਲ ਕੀਤੀ ਫੂਡ ਪ੍ਰੋਸੈਸਿੰਗ 'ਤੇ ਚਰਚਾ

ਨਵੀਂ ਦਿੱਲੀ : ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬ੍ਰਿਟੇਨ ਦੇ ਕਮਿਸ਼ਨਰ ਜੇਮਸ ਬੇਵਨ ਨਾਲ ਫੂਡ ਪ੍ਰੋਸੈਸਿੰਗ ਉਦਯੋਗ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ।

ਬੇਵਨ ਨੇ ਕਿਹਾ ਕਿ ਬ੍ਰਿਟੇਨ ਅਤੇ ਭਾਰਤ ਫੂਡ ਪ੍ਰੋਸੈਸਿੰਗ ਦੇ ਖੇਤਰ ਵਿਚ ਸਾਂਝੇ ਰੂਪ ਨਾਲ ਵਧੀਆ ਕੰਮ ਕਰ ਸਕਦੇ ਹਨ।

ਭਾਰਤੀ ਅੰਬਾਂ 'ਤੇ ਰੋਕ ਦੇ ਬਾਰੇ ਵਿਚ ਗੱਲ ਕਰਦੇ ਹੋਏ ਬੇਵਨ ਨੇ ਕਿਹਾ ਕਿ ਅੰਬਾਂ 'ਤੇ ਰੋਕ ਹਟਾਉਣ ਲਈ ਜਲਦ ਤੋਂ ਜਲਦ ਢੁਕਵੇਂ ਕਦਮ ਚੁੱਕੇ ਜਾਣਗੇ।

ਇਸ ਦੌਰਾਨ ਦੋਵੇਂ ਦੇਸ਼ਾਂ ਦੇ ਮੰਤਰੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਮਹੱਤਵਪੂਰਣ ਫੈਸਲੇ ਲਏ ਜਾ ਸਕਦੇ ਹਨ।

# ਪੰਜਾਬ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਦ੍ਰਿੜ-ਗੁਰਚਰਨ ਸਿੰਘ ਚੰਨੀ

ਮਿਲਪੀਟਸ ( ਕੈਲੀਫੋਰਨੀਆ) ਪੰਜਾਬ ਸਰਕਾਰ ਨੇ ਜਿਥੇ ਅਜ ਤਕ ਪੰਜਾਬ ਦਾ ਸਰਬਪੱਖੀ ਵਿਕਾਸ ਕੀਤਾ ਹੈ ਉਥੇ ਪੰਜਾਬ ਦੇ ਬਾਕੀ ਰਹਿੰਦੇ ਪਰੋਜੈਕਟਾਂ ਨੂੰ ਨੇਪਰੇ ਚਾੜਨ ਲਈ ਪੰਜਾਬ ਦੇ ਮੁਖਮੰਤਰੀ ਸ: ਪਰਕਾਸ਼ ਸਿੰਘ ਬਾਦਲ ਤੇ ਉਹਨਾਂ ਦੀ ਅਗਵਾਈ ਵਾਲੀ ਸਰਕਾਰ ਦਿਨ ਰਾਤ ਇਕ ਕਰਕੇ ਕੰਮ ਕਰ ਰਹੀ ਹੈ। ਇਹ ਗਲ ਅਜ ਇਥੇ ਆਪਣੀ ਅਮਰੀਕਾ ਫੇਰੀ ਤੇ ਆਏ ਪਲਾਨਿੰਗ ਬੋਰਡ ਜਿਲਾ ਜਲੰਧਰ ਦੇ ਚੇਅਰਮੈਨ ਤੇ ਜਿਲਾ ਜਲੰਧਰ ਅਕਾਲੀ ਦਲ ਦੇ ਪਰਧਾਨ ਸ: ਗੁਰਚਰਨ ਸਿੰਘ ਚੰਨੀ ਨੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਆਫਿਸ ਵਿਚ ਕੁਝ ਚੋਣਵੇਂ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕਹੀ। ਸ: ਚੰਨੀ ਨੇ ਦਸਿਆ ਕਿ ਪੰਜਾਬ ਸਰਕਾਰ ਨੇ ਪੰਜਾਬ ਅੰਦਰ ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਖਤਮ ਕਰਨ ਲਈ ਅਸਰਦਾਰ ਤਰੀਕੇ ਨਾਲ ਆਪਣੀ ਮੁਹਿੰਮ ਆਰੰਭ ਕੀਤੀ ਹੋਈ ਹੈ ਜਿਸਦੇ



ਬਹੁਤ ਵਧੀਆ ਨਤੀਜੇ ਨਿਕਲ ਰਹੇ ਹਨ। ਉਹਨਾਂ ਖੁਲਾਸਾ ਕੀਤਾ ਕਿ ਪੰਜਾਬ ਦਾ ਜਿਤਨਾ ਵਿਕਾਸ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੋਇਆ ਹੈ ਉਤਨਾਂ ਵਿਕਾਸ ਕਦੇ ਵੀ ਕਿਸੇ ਸਰਕਾਰ ਨੇ ਅਜ ਤਕ ਨਹੀਂ ਕੀਤਾ। ਇਕ ਸਵਾਲ ਦੇ ਜਵਾਬ ਵਿਚ ਸ: ਚੰਨੀ ਨੇ ਦਸਿਆ ਕਿ ਉਹਨਾਂ ਦੀ ਅਮਰੀਕਾ ਫੇਰੀ ਬਿਲਕੁਲ ਪਰਿਵਾਰਕ ਹੈ ਤੇ ਉਹ ਇਥੇ ਸਟੈਂਫਰਡ ਯੂਨੀਵਰਸਟੀ ਵਿਚ ਪੜ ਰਹੇ ਆਪਣੇ ਪੁਤਰ ਨੂੰ ਮਿਲਣ ਲਈ ਆਪਣੀ ਪਤਨੀ ਸਮੇਤ ਆਏ ਹਨ ਤੇ ਕੁਝ ਦਿਨ ਇਥੇ ਠਹਿਰਨ ਮਗਰੋਂ ਉਹ ਵਾਪਸ ਚਲੇ ਜਾਣਗੇ।

ਸ: ਚੰਨੀ ਦੀ ਅਮਰੀਕਾ ਆਮਦ ਦੇ ਮੌਕੇ ਤੇ ਉਹਨਾਂ ਦੇ ਦੋਸਤਾਂ ਮਿਤਰਾਂ ਤੇ ਵੱਖ ਵੱਖ ਸੰਸਥਾਵਾਂ ਵਲੋਂ ਉਹਨਾਂ ਤੇ ਉਹਨਾਂ ਦੀ ਪਤਨੀ ਦਾ ਹਰ ਇਕ ਸ਼ਹਿਰ ਵਿਚ ਪੁਰਜੋਰ ਸਵਾਗਤ ਕੀਤਾ ਜਾ ਰਿਹਾ ਹੈ।

# ਸ਼ਹੀਦ ਕਾਰਪੋਰਲ ਗੁਰਪ੍ਰੀਤ ਸਿੰਘ ਦੀ ਤੀਸਰੀ ਬਰਸੀ 22 ਜੂਨ ਨੂੰ ਮਨਾਈ ਜਾਵੇਗੀ

ਸੈਕਰਾਮੈਂਟੋ (ਡੀ. ਡੀ. ਬੀ.) ਗੁਰਦੁਆਰਾ ਸਾਹਿਬ ਰੋਜ਼ਵਿਲ ਵਿਖੇ ਸ਼ਹੀਦ ਕਾਰਪੋਰਲ ਗੁਰਪ੍ਰੀਤ ਸਿੰਘ ਦੀ ਤੀਸਰੀ ਬਰਸੀ 22 ਜੂਨ ਦਿਨ ਐਤਵਾਰ ਨੂੰ ਮਨਾਈ ਜਾਵੇਗੀ। ਇਸ ਸਬੰਧਤ ਸ਼ੁੱਕਰਵਾਰ 20 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 22 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਇਸ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਉਪਰੋਕਤ ਜਾਣਕਾਰੀ ਸ਼ਹੀਦ ਸਿੰਘ ਦੇ ਪਿਤਾ ਸ੍ਰੀ ਨਿਰਮਲ ਸਿੰਘ ਨੇ ''ਦੇਸ਼ ਦੁਆਬਾ'' ਨੂੰ ਦਿੰਦਿਆਂ ਕਿਹਾ ਕਿ ਉਹਨਾਂ ਦਾ ਸਮੂਹ



ਪਰਿਵਾਰ ਸਮੂਹ ਸੰਗਤਾਂ ਦਾ ਅਤੀ ਧੰਨਵਾਦੀ ਹੈ ਜੋ ਹਰ ਸਾਲ ਆਪਣੇ ਸ਼ਹੀਦ ਨੂੰ ਯਾਦ ਕਰਦੇ ਹਨ।

ਯਾਦ ਰਹੇ ਸ਼ਹੀਦ ਗੁਰਪ੍ਰੀਤ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਬੇਟਾ ਸੀ। ਉਸ ਨੂੰ ਮਰਨ ਉਪਰੰਤ ਅਮਰੀਕੀ ਫੌਜ ਵੱਲੋਂ ਉਸਦੀ ਬਹਾਦਰੀ ਦੇ ਮੱਦੇਨਜ਼ਰ ਰੱਖਦਿਆਂ ਵੱਕਾਰੀ ਐਵਾਰਡ "ਬਰਾਊਨਜ਼ ਮੈਡਲ" ਨਾਲ ਪਿਛਲੇ ਸਾਲ ਹੀ ਸਨਮਾਨਿਤ ਕੀਤਾ ਗਿਆ ਜੋ ਉਸ ਦੇ ਪਿਤਾ ਸ੍ਰੀ ਨਿਰਮਲ ਸਿੰਘ ਅਤੇ ਮਾਤਾ ਸਤਨਾਮ ਕੌਰ ਤੇ ਭੈਣ ਮਨਪ੍ਰੀਤ ਕੌਰ ਨੇ ਹਾਸਲ ਕੀਤਾ।

# ਨਵੋਦਿਆ ਦੀ ਟਾਪਰ ਬਣੀ ਅਸੁਰ ਜਨਜਾਤੀ ਦੀ ਸਮ੍ਰਿਤੀ ਕੁਮਾਰੀ



ਰਾਂਚੀ- ਅਲੋਪ ਹੋ ਰਹੀ ਆਦਿਵਾਸੀ ਜਨਜਾਤੀ ਦੀਵਿਦਿਆਰਥਣ ਸਮ੍ਰਿਤੀ ਕੁਮਾਰੀ ਅਸੁਰ ਨੇ 88.3 ਪ੍ਰਤੀਸ਼ਤ ਅੰਕ ਲਿਆ ਕੇ ਘਾਘਰਾ ਇਕਾਈ ਦੇ ਜਵਾਹਰ ਨਵੋਦਿਆ ਸਕੂਲ ਮਸਰੀਆ ਤੋਂ ਸੀ. ਬੀ. ਐਸ. ਸੀ. 12ਵੀਂ ਬੋਰਡ ਦੀ ਪ੍ਰੀਖਿਆ ਵਿਚ ਟਾਪ ਕੀਤਾ ਹੈ। ਗੁਮਲਾ ਜ਼ਿਲ੍ਹੇ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ, ਜਦੋਂ ਜਵਾਹਰ ਨਵੋਦਿਆ ਸਕੂਲ ਤੋਂ ਕੋਈ ਆਦਿਵਾਸੀ ਜਨਜਾਤੀ ਦੀ ਵਿਦਿਆਰਥਣ ਟਾਪਰ ਬਣੀ ਹੈ। ਸਮ੍ਰਿਤੀ ਆਦਰ ਪਿੰਡ ਦੀ ਰਹਿਣ ਵਾਲੀ ਹੈ। ਪਿਤਾ ਕਾਲਾ ਅਸੁਰ ਅਤੇ ਮਾਂ ਪਾਲੋ ਦੇਵੀ ਉਸਦੀ ਇਸ ਉਪਲਬਧੀ ਤੋਂ ਕਾਫੀ ਖੁਸ਼ ਹਨ। ਸਿੱਖਿਆ ਦੀਆਂ ਬਰੀਕੀਆਂ ਨੂੰ ਸਮਝਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਪਿੱਛੇ ਛੱਡਦੇ ਹੋਏ, ਜਿਸ ਤਰ੍ਹਾਂ ਇਸ ਵਿਦਿਆਰਥਣ ਨੇ ਟਾਪਰ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ, ਉਸ ਤੋਂ ਪੂਰੇ ਘਾਘਰਾ ਇਲਾਕੇ ਦੇ ਲੋਕਾਂ ਵਿਚ ਖੁਸ਼ੀ ਹੈ। ਆਪਣੀ ਮਿਹਨਤ ਦੇ ਦਮ ਤੇ ਸਮ੍ਰਿਤੀ ਨੇ ਇਹ ਉਪਲਬਧੀ ਹਾਸਲ ਕਰਕੇ ਇਸ ਜਾਤੀ ਦਾ ਮਾਣ ਵਧਾਇਆ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ 12 ਜੁਲਾਈ ਦੇ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿਚ 12 ਜੁਲਾਈ ਦਿਨ ਸ਼ਨੀਵਾਰ ਨੂੰ ਨਿਕਲ ਰਹੇ ਦੂਜੇ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਦੀ ਕਿਰਪਾ ਨਾਲ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿਚ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਜਿੱਥੇ ਸਾਰਿਆਂ ਨੇ ਵੱਧ ਚੜ੍ਹ ਕੇ ਪਹੁੰਚਣਾ ਹੈ, ਉਥੇ ਨਗਰ ਕੀਰਤਨ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਲਈ ਕੀਮਤੀ ਸੁਝਾਅ ਵੀ ਮੰਨੇ ਗਏ ਹਨ। ਨਗਰ ਕੀਰਤਨ ਪ੍ਰਤੀ ਸੰਗਤ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਜਿਸ ਵਿਚ ਪ੍ਰਸਿੱਧ ਕੀਰਤਨੀਏ, ਕਥਾ ਵਾਚਕ, ਡਾਢੀ, ਕਵੀਸਰ ਅਤੇ ਬੁਲਾਰੇ ਪਹੁੰਚ ਕੇ ਸੰਗਤਾਂ ਨਾਲ ਸਾਂਝ ਪਾਉਣਗੇ।

ਨਿਊਯਾਰਕ ਅਤੇ ਬਾਹਰ ਤੋਂ ਵੀ ਸਰਕਾਰੀ ਨੁਮਾਇੰਦੇ ਪਹੁੰਚ ਰਹੇ ਹਨ। ਪੁਲਿਸ ਪ੍ਰਸ਼ਾਸਨ ਵੱਲੋਂ ਪੂਰਨ ਸਹਿਯੋਗ ਮਿਲ ਰਿਹਾ ਹੈ। ਇਸ ਨਗਰ ਕੀਰਤਨ ਨੂੰ ਇਤਿਹਾਸਕ ਬਣਾਉਣ ਲਈ ਪ੍ਰਬੰਧਕਾਂ ਵੱਲੋਂ ਸੰਗਤ ਤੋਂ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ।



# ਪੱਤਰਕਾਰ ਸ਼ਿਵ ਕੁਮਾਰ ਬਾਵਾ ਦੀ ਲੜਕੀ ਨੇ ਪਹਿਲਾ ਸਥਾਨ ਹਾਸਲ ਕੀਤਾ

ਮਾਹਿਲਪੁਰ ਦੇ ਅੰਕੁਰ ਪਬਲਿਕ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਹਰਪ੍ਰੀਤ ਕੌਰ ਬਾਵਾ ਸਪੁੱਤਰੀ ਸ਼ਿਵ ਕੁਮਾਰ ਬਾਵਾ (ਜਰਨਲਿਸਟ) ਨੇ ਦਸਵੀਂ ਕਲਾਸ ਚੋਂ 90 ਪ੍ਰਤੀਸ਼ਤ ਅੰਕ ਹਾਸਿਲ ਕਰਕੇ ਪਹਿਲਾ ਸਥਾਨ ਸਥਾਨ ਪ੍ਰਾਪਤ ਕੀਤਾ। ਅਦਾਰਾ 'ਦੇਸ਼ ਦੁਆਬਾ' ਹਰਪ੍ਰੀਤ ਕੌਰ ਬਾਵਾ ਅਤੇ ਬਾਵਾ ਪਰਿਵਾਰ ਨੂੰ ਵਧਾਈ ਦਿੰਦਾ ਹੈ।

ਪਹਿਲੇ ਸਫੇ ਦੀ ਬਾਕੀ

# ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਅੱਠਵਾਂ ਨਗਰ ਕੀਰਤਨ ਯਾਦਗਾਰੀ ਤੇ ਇਤਿਹਾਸਿਕ ਹੋ ਨਿਬੜਿਆ

ਦਾ ਬੜੀ ਗਰਮਜੋਸ਼ੀ ਨਾਲ ਸਵਾਗਤ ਕਰ ਰਹੇ ਸਨ। ਵੱਖ ਵੱਖ ਗੁਰੂਦੁਆਰਾ ਸਾਹਿਬ ਤੇ ਸਿਖ ਸੰਸਥਾਵਾਂ ਵਲੋਂ ਸਜਾਏ ਗਏ ਫਲੋਟ ਨਗਰ ਕੀਰਤਨ ਦੀ ਸ਼ੋਭਾ ਵਿਚ ਹੋਰ ਵਾਧਾ ਕਰ ਰਹੇ ਸਨ।ਇਸ ਖੇਤਰ ਵਿਚ ਰਹਿਣ ਸਿਖਾਂ ਪ੍ਰਤੀ ਜਿਸ ਤਰਾਂ ਅਮਰੀਕਨ ਮੂਲ ਦੇ ਲੋਕ ਜਿਸ ਤਰਾਂ ਆਪਣਾ ਸਤਿਕਾਰ ਪਰਗਟ ਕਰ ਰਹੇ ਸਨ ਉਸਨੂੰ ਵੇਖ ਕੇ ਮਹਿਸੂਸ ਹੋ ਰਿਹਾ ਸੀ ਕਿ ਇਸ ਖੇਤਰ ਵਿਚ ਰਹਿਣ ਵਾਲੇ ਸਿਖ ਪਰਿਵਾਰਾਂ ਨੇ ਆਪਣੀ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਗੈਰ ਸਿਖ ਲੋਕਾਂ ਦੇ ਮਨਾਂ ਅੰਦਰ ਆਪਣੀ ਇਕ ਸਤਿਕਾਰਯੋਗ ਥਾਂ ਬਣਾ ਕੇ ਰਖੀ ਹੋਈ ਹੈ। ਨਗਰ ਕੀਰਤਨ ਦਾ ਪਹਿਲਾ ਪੜਾਅ ਸਾਊਥ ਸੇਲਮ ਹਾਈ ਸਕੂਲ ਦੀ ਪਾਰਕਿੰਗ ਲਾਟ ਦੀ ਗਰਾਊਂਡ ਵਿੱਚ ਕੀਤਾ ਗਿਆ ਜਿਥੇ ਹੈਲੀਕਾਪਟਰ ਰਾਹੀਂ ਸਿਖ ਸੰਗਤਾਂ ਉਪਰ ਫੁਲਾਂ ਦੀ ਵਰਖਾ ਕੀਤੀ ਗਈ। ਇਥੇ ਇਕੱਤਰ ਹੋਈ ਸੰਗਤਾਂ ਨੂੰ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਦਸ਼ਮੇਸ਼ ਦਰਬਾਰ ਸੇਲਮ ਦੇ ਪਰਧਾਨ ਸ: ਬਹਾਦੁਰ ਸਿੰਘ, ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਪਰਧਾਨ ਸ: ਸਤਨਾਮ ਸਿੰਘ ਚਾਹਲ, ਸਿਆਟਲ ਤੋਂ ਸ਼ਰਨਜੀਤ ਸਿੰਘ ਸ਼ਿਕਲਾਨੀ ਗੁਰਦੁਆਰਾ ਸਿੰਘ ਸਭਾ ਰੈਂਟਨ, ਪਰਮਜੀਤ ਸਿੰਘ ਸੈਕਟਰੀ ਗੁਰਦੁਆਰਾ ਸਾਹਿਬ ਉਲੰਪੀਆ (ਵਾਸਿੰਗਟਨ) ਗੁਰਦੁਆਰਾ ਸਾਹਿਬ ਵੈਨਕੂਵਰ ਦੇ ਪਰਧਾਨ ਸਰਬਜੀਤ ਸਿੰਘ ਤੇਜਾ, ਮੈਡਮ ਐਨਾ ਪੀਟਰਸਨ ਮੇਅਰ, ਐਫ .ਬੀ.ਆਈ ਮੁਖੀ ਡੱਗ.ਔਲੀਸਨ, ਪੁਲਿਸ ਚੀਫ਼ ਜੇਰੀ ਮੋਰ ਤੇ ਮਨਿੰਦਰ ਸਿੰਘ ਬਾਠ ਪ੍ਰਧਾਨ ਗੁਰਦੁਆਰਾ ਸਾਹਿਬ ਰੇਡਿੰਗ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਬੋਲਦਿਆਂ ਸ: ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਜੇਕਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਜਾਂ ਸਿਖ ਧਰਮ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਸਿਖ ਗੁਰੂ ਸਹਿਬਾਨ ਤੇ ਸਿਖ ਧਰਮ ਦਾ ਨੁਕਸਾਨ ਕਰਨ ਵਾਲੇ ਲੋਕਾਂ ਵਿਚ ਜਾਂ ਤਾਂ ਘਰ ਦੇ ਭੇਤੀ ਸ਼ਾਮਲ ਹੁੰਦੇ ਸਨ ਤੇ ਜਾਂ ਫਿਰ ਪੰਥ ਦੁਸ਼ਮਣ ਤਾਕਤਾਂ ਨੇ ਅਜਿਹੇ ਕਾਰੇ ਕੀਤੇ ਸਨ। ਉਹਨਾਂ ਕਿਹਾ ਕਿ ਅਜ ਜਿਸ ਤਰਾਂ ਪਿਛਲੇ ਦਿਨੀਂ ਸ੍ਰੀ ਅਕਾਲ ਤੱਖਤ ਸਾਹਿਬ ਵਿਖੇ ਕੁਝ ਅਖੌਤੀ ਅਕਾਲੀ ਆਗੂਆਂ ਨੇ ਗੁੰਡਾ ਗਰਦੀ ਦਾ ਨੰਗਾ ਨਾਚ ਕਰਕੇ ਸਿਖ ਕੌਮ ਦੀ ਬਦਨਾਮੀ ਦੁਨੀਆਂ ਭਰ ਵਿਚ ਕਰਵਾਈ ਹੈ ਉਸ ਵਿਚ ਨਾ ਤਾਂ ਕੋਈ ਪੰਥ ਦੁਸ਼ਮਣ ਤਾਕਤਾਂ ਸ਼ਾਮਲ ਸਨ ਤੇ ਨਾ ਹੀ ਇਹ ਲੋਕ ਵਿਦੇਸ਼ਾਂ ਤੋਂ ਆਏ ਹੋਏ ਸਨ। ਸਗੋਂ ਅਜਿਹਾ ਕਰਨ ਵਾਲੇ ਲੋਕ ਆਪਣੇ ਆਪ ਨੂੰ ਸਿਖਾਂ ਦੇ ਲੀਡਰ ਸਮਝਦੇ ਹਨ। ਉਹਨਾਂ ਕਿਹਾ ਕਿ ਅਜ ਸਿਖਾਂ ਦੀ ਆਨ ਤੇ ਸ਼ਾਨ ਨੂੰ ਖਤਰਾ ਸਿਖੀ ਦੇ ਭੇਸ ਵਿਚ ਸਿਖਾਂ ਤੋਂ ਹੀ ਬਣਿਆ ਹੋਇਆ ਹੈ। ਦਸ਼ਮੇਸ਼ ਦਰਬਾਰ ਗੁਰੂਦੁਆਰਾ ਸਾਹਿਬ ਦੇ ਪਰਧਾਨ ਸ: ਬਹਾਦੁਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਸ ਨਗਰ ਕੀਰਤਨ ਦੀ ਸ਼ਾਨਦਾਰ ਸਫਲਤਾ ਲਈ ਦੂਰ ਦਰਾਡੇ ਸ਼ਹਿਰਾਂ ਵਿਚੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਢਾਡੀ ਸਿੰਘਾਂ ਨੇ ਗੁਰ ਇਤਿਹਾਸ ਸੰਗਤਾਂ ਨੂੰ ਜਾਣੂੰ ਕਰਵਾਇਆ।

ਦੇਸ਼ ਦੁਆਬਾ

# ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ ਉਦਾਸੀਨ ਸੱਚਖੰਡ ਬੱਲਾਂ ਜਲੰਧਰ




ਸਤਿਕਾਰਯੋਗ ਸਾਧ ਸੰਗਤ ਜੀ 108 ਪਰਮ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦੇ ਨਾਂ 'ਤੇ 'ਡੇਰਾ ਸੱਚ ਖੰਡ ਬੱਲਾਂ' ਜਾਣਿਆ ਜਾਂਦਾ ਹੈ। ਇਹ ਡੇਰਾ ਪੰਜਾਬ ਦੇ ਮਸ਼ਹੂਰ ਸ਼ਹਿਰ ਜ਼ਿਲ੍ਹਾ ਜਲੰਧਰ ਤੋਂ ਪਠਾਨਕੋਟ ਜੀ. ਟੀ. ਰੋਡ ਤੋਂ ਪਿੰਡ ਬੱਲਾਂ ਪੱਛਮ ਦਿਸ਼ਾ ਵੱਲ ਤਕਰੀਬਨ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਨਹਿਰ ਦੇ ਕਿਨਾਰੇ ਸਥਿਤ ਹੈ। ਇਸ ਅਸਥਾਨ 'ਤੇ ਸ੍ਰੀ 108 ਸੰਤ ਸਰਵਣ ਦਾਸ ਜੀ ਨੇ ਦਿਨ ਰਾਤ ਪ੍ਰਭੂ ਪ੍ਰਮਾਤਮਾ ਦੀ ਯਾਦ ਵਿਚ ਸਮਾਧੀਆਂ ਲਗਾ ਕੇ ਨਿਰੰਤਰ ਭਜਨ ਸਿਮਰਨ ਕੀਤਾ।

## ਸੰਖੇਪ ਜੀਵਨ
## ਸ੍ਰੀ ਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ

ਸ੍ਰੀ ਗੁਰੂ ਸਵਾਮੀ ਸਰਵਣ ਦਾਸ ਜੀ ਨੇ ਸ੍ਰੀਮਾਨ ਬਾਬਾ ਪਿੱਪਲ ਦਾਸ ਜੀ ਉਦਾਸੀਨ, ਮਹਾਨ ਤਪੱਸਵੀ ਜੀ ਦੇ ਘਰ ਸ੍ਰੀਮਤੀ ਮਾਤਾ ਸ਼ੋਭਾਵੰਤੀ ਜੀ ਦੀ ਕੁੱਖ ਤੋਂ ਸੰਨ 1895 ਈਸਵੀ ਵਿਚ ਜਨਮ ਲਿਆ। ਆਪ ਜੀ ਦਾ ਜਨਮ ਮਾਲਵਾ ਦੀ ਪਵਿੱਤਰ ਧਰਤੀ ਪਿੰਡ ਗਿਲਾਂ ਪੱਟੀ ਜ਼ਿਲ੍ਹਾ ਬਠਿੰਡਾ ਵਿਚ ਹੋਇਆ। ਆਪ ਜੀ ਨੇ ਅਵਤਾਰ ਧਾਰਿਆ ਤਾਂ ਸਾਰਾ ਪਰਿਵਾਰ ਦਰਸ਼ਨ ਕਰਕੇ ਨਿਹਾਲ ਹੋ ਗਿਆ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਕਥਨ ਅਨੁਸਾਰ ਉਹ ਪਿੰਡ ਉਹ ਸਥਾਨ ਪਵਿੱਤਰ ਹੁੰਦਾ ਹੈ, ਜਿੱਥੇ ਮਹਾਂਪੁਰਸ਼ ਚਰਨ ਪਾਉਂਦੇ ਨੇ?

ਧੰਨ ਸੁ ਗਾਉਂ ਧੰਨ ਸੁ ਠਾਉਂ,
ਧੰਨ ਪੁਨੀਤ ਕੁਟੰਬ ਸਬ ਲੋਇ।।

ਸਤਿਗੁਰੂ ਦੇ ਪ੍ਰਗਟ ਹੋਣ ਦੀ ਖਬਰ ਸੁਣ ਕੇ ਦੂਰ ਦੂਰ ਤੋਂ ਲੋਕੀ ਸਤਿਗੁਰੂ ਜੀ ਦੀ ਸੋਹਣੀ ਅਤੇ ਮਨਮੋਹਣੀ ਸੂਰਤ ਦੇ ਦਰਸ਼ਨ ਕਰਨ ਨੂੰ ਬਾਬਾ ਪਿੱਪਲ ਦਾਸ ਜੀ ਦੇ ਘਰ ਆਉਣ ਲੱਗੇ। ਸਤਿਗੁਰੂ ਜੀ ਦੀਆ ਲੰਬੀਆਂ ਬਾਹਵਾਂ, ਸੁੰਦਰ ਬਦਨ, ਕੋਮਲ ਚਰਨਾਂ ਨੂੰ ਤੱਕ ਕੇ ਬਹੁਤ ਖੁਸ਼ ਹੁੰਦੇ। ਸੱਜੇ ਚਰਣ ਵਿਚ ਪਦਮ ਦੇ ਦਰਸ਼ਨ ਕਰਕੇ ਤਪਦੇ ਦਿਲਾਂ ਨੂੰ ਠੰਡ ਪੈ ਜਾਂਦੀ। ਜਿਸ ਤਰ੍ਹਾਂ ਕੰਵਲ ਦੇ ਫੁੱਲ ਉਤੇ ਭੌਰੇ ਦਾ ਮਨ ਖਿੱਚਿਆ ਜਾਂਦਾ ਹੈ। ਇਸੇ ਤਰ੍ਹਾਂ ਜੋ ਵੀ ਸੰਤਾਂ ਦੇ ਦਰਸ਼ਨ ਕਰਦਾ ਉਸ ਦਾ ਦਿਲ ਇੰਝ ਖਿੱਚਿਆ ਜਾਂਦਾ ਕਿ ਮਨ ਕਰਦਾ, ਹਮੇਸ਼ਾ ਉਹਨਾਂ ਦੇ ਦਰਸ਼ਨ ਕਰਦੇ ਹੀ ਰਹੀਏ। ਇਸ ਤਰ੍ਹਾਂ ਸੰਤਾਂ ਨੇ ਮਾਲਵੇ ਵਿਚ ਜਨਮ ਧਾਰ ਕੇ ਪਿੰਡ ਗਿੱਲ ਪੱਟੀ ਨੂੰ ਸਾਰੇ ਸੰਸਾਰ ਵਿਚ ਉਜਾਗਰ ਕਰ ਦਿੱਤਾ।

ਸਤਿਗੁਰੂ ਜੀ ਅਜੇ ਤਕਰੀਬਨ ਚਾਰ ਪੰਜ ਸਾਲ ਦੀ ਉਮਰ ਵਿਚ ਹੀ ਸਨ ਕਿ ਉਹਨਾਂ ਦੀ ਪਿਆਰੀ ਮਾਤਾ ਸ਼ੋਭਾਵੰਤੀ ਜੀ ਅਕਾਲ ਚਲਾਣਾ ਕਰ ਗਏ। ਇਸ ਤਰ੍ਹਾਂ ਸਤਿਗੁਰੂ ਜੀ ਦੇ ਸਿਰ ਤੋਂ ਮਾਤਾ ਜੀ ਦੇ ਪਿਆਰ ਦਾ ਸੁੱਖ ਹਮੇਸ਼ਾ ਲਈ ਦੂਰ ਹੋ ਗਿਆ। ਹੁਣ ਸਤਿਗੁਰੂ ਜੀ ਕੁਝ ਉਦਾਸ ਉਦਾਸ ਰਹਿਣ ਲੱਗੇ।

ਬਾਬਾ ਪਿੱਪਲ ਦਾਸ ਜੀ ਨੇ ਆਪਣੇ ਸਪੁੱਤਰ ਸਰਵਣ ਦੀ ਉਦਾਸੀ ਦੇਖ ਕੇ ਸੋਚਿਆ ਕਿ ਹੁਣ ਇਸ ਨਗਰੀ ਨੂੰ ਤਿਆਗਣਾ ਹੀ ਚੰਗਾ ਹੈ। ਆਪਣੇ ਪਿਆਰੇ ਬੇਟੇ ਨੂੰ ਨਾਲ ਲੈ ਕੇ ਸੰਸਾਰ ਦੀ ਯਾਤਰਾ ਸ਼ੁਰੂ ਕਰ ਦਿੱਤੀ। ਦੇਸ਼ ਦੀ ਯਾਤਰਾ ਕਰਦੇ-ਕਰਦੇ ਇਕ ਸਮੇਂ ਜ਼ਿਲ੍ਹਾ ਜਲੰਧਰ ਵਿਚ ਪਿੰਡ ਸਰਮਸਤ ਪੁਰ, ਬੱਲਾਂ ਅਤੇ ਰਾਇਪੁਰ ਪਿੰਡ ਨੂੰ ਆਪਣੀ ਚਰਨ ਛੋਹ ਨਾਲ ਪਵਿੱਤਰ ਕੀਤਾ।

ਬੱਲਾਂ ਪਿੰਡ ਦੇ ਵਸਨੀਕਾਂ ਨੇ ਸਤਿਗੁਰੂ ਜੀ ਨਾਲ ਬਹੁਤ ਪਿਆਰ ਕੀਤਾ ਅਤੇ ਬਹੁਤ ਹੀ ਸ਼ਰਧਾ ਨਾਲ ਸੇਵਾ ਕਰਨ ਲੱਗੇ। ਇਸ ਪਿੰਡ ਦੀ ਆਬਾਦੀ ਖੁੱਲ੍ਹੀ ਤੇ ਸਾਫ ਸੁਥਰੀ ਸੀ ਤੇ ਪਿੰਡ ਵਿਚ ਡੇਕਾਂ ਦੇ ਦਰੱਖਤ ਬਹੁਤ ਸਨ। ਪਿੰਡ ਦੀ ਕੁਦਰਤੀ ਸੁੰਦਰਤਾ ਤੇ ਸੰਗਤਾਂ ਦੇ ਪਿਆਰ ਨੂੰ ਦੇਖ ਕੇ ਸਤਿਗੁਰੂ ਜੀ ਨੇ ਇਸ ਅਸਥਾਨ ਨੂੰ ਬਹੁਤ ਪਸੰਦ ਕੀਤਾ।

ਕੁਝ ਦਿਨਾਂ ਪਿੱਛੋਂ ਬਾਬਾ ਪਿੱਪਲ ਦਾਸ ਜੀ ਬੱਲਾਂ ਦੀ ਧਰਤੀ ਨੂੰ ਛੱਡ ਕੇ ਅਗਲੇ ਪਿੰਡ ਕਾਹਨਪੁਰ ਵਿਖੇ ਗਏ ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਪਿਤਾ ਜੀ ਮੇਰਾ ਇੱਥੇ ਮਨ ਨਹੀਂ ਲੱਗਦਾ, ਮੈਨੂੰ ਤੁਸੀਂ ਡੇਕਾਂ ਵਾਲੇ ਪਿੰਡ ਬੱਲਾਂ ਨੂੰ ਹੀ ਲੈ ਚਲੋ, ਮੈਂ ਤਾਂ ਉਥੇ ਹੀ ਰਹਿਣਾ ਹੈ। ਬਾਬਾ ਪਿੱਪਲ ਦਾਸ ਜੀ ਫਿਰ ਆਪਣੇ ਸਪੁੱਤਰ ਨੂੰ ਨਾਲ ਲੈ ਕੇ ਪਿੰਡ ਬੱਲਾਂ ਨੂੰ ਵਾਪਸ ਆ ਗਏ। ਪਿੰਡ ਬੱਲਾਂ ਦੀਆਂ ਸੰਗਤਾਂ ਨੇ ਸਤਿਗੁਰੂ ਜੀ ਦੇ ਵਾਪਸ ਆਉਣ 'ਤੇ ਬੜਾ ਨਿੱਘਾ ਸਵਾਗਤ ਕੀਤਾ। ਉਸ ਦਿਨ ਤੋਂ ਬਾਬਾ ਪਿੱਪਲ ਦਾਸ ਜੀ ਆਪਣੇ ਸਪੁੱਤਰ ਸਰਵਣ ਸਮੇਤ ਪਿੰਡ ਬੱਲਾਂ ਵਿਚ ਹੀ ਰਹਿਣ ਲੱਗੇ।

ਪਿੰਡ ਦੀ ਸੰਗਤ ਨੇ ਸਤਿਗੁਰਾਂ ਦੇ ਰਹਿਣ ਵਾਸਤੇ ਇਕ ਛੋਟਾ ਜਿਹਾ ਕੱਚਾ ਮਕਾਨ ਦੇ ਦਿੱਤਾ। ਸਤਿਗੁਰੂ ਜੀ ਦਿਨ ਦੇ ਸਮੇਂ ਪਿੰਡੋਂ ਬਾਹਰ ਇਕਾਂਤ ਜਗ੍ਹਾ ਜਾ ਕੇ ਭਜਨ ਸਿਮਰਨ ਕਰਦੇ ਤੇ ਸ਼ਾਮ ਹੁੰਦਿਆਂ ਵਾਪਸ ਪਿੰਡ ਨੂੰ ਆ ਜਾਂਦੇ। ਬਾਬਾ ਪਿੱਪਲ ਦਾਸ ਜੀ ਸੰਗਤਾਂ ਨੂੰ ਭਜਨ ਸਿਮਰਨ ਦੀ ਜੁਗਤੀ ਦੱਸਣ ਲੱਗੇ ਜਿਸ ਦਾ ਸਦਕਾ ਸੰਗਤਾਂ ਦੀ ਗਿਣਤੀ ਦਿਨ ਦੁੱਗਣੀ ਤੇ ਰਾਤ ਚੌਗੁਣੀ ਵਧਣ ਲੱਗ ਪਈ। ਸੰਤਾਂ ਦੇ ਸ਼ਰਧਾਲੂ ਸਤਿਗੁਰੂ ਜੀ ਦੀ ਸੇਵਾ ਵਿਚ ਦੁੱਧ, ਆਟਾ, ਪ੍ਰਸ਼ਾਦਾ ਆਦਿ ਲੈ ਕੇ ਆਉਣ ਲੱਗੇ।

ਸੰਗਤਾਂ ਨੇ ਸਤਿਗੁਰੂ ਜੀ ਦੀ ਪ੍ਰਭੂ ਭਗਤੀ ਦੀ ਰੁਚੀ ਨੂੰ ਦੇਖ ਕੇ ਪਿੰਡ ਬੱਲਾਂ ਦੇ ਦੱਖਣ ਅਤੇ ਪੱਛਮ ਦਿਸ਼ਾ ਵੱਲ ਕੁਝ ਮਾਇਆ ਇਕੱਤਰ ਕਰਕੇ ਇਕ ਛੋਟੀ ਜਿਹੀ ਕੁਟੀਆ ਬਣਾ ਦਿੱਤੀ। ਇਸ ਤਰ੍ਹਾਂ ਦਿਨ ਦੇ ਸਮੇਂ ਸਤਿਗੁਰਾਂ ਲਈ ਧੁੱਪ ਅਤੇ ਮੀਂਹ ਹਨੇਰੀ ਤੋਂ ਆਰਾਮ ਹੋ ਗਿਆ। ਬਾਅਦ ਵਿਚ ਇਸ ਛੋਟੀ ਜਿਹੀ ਕੁਟੀਆ ਨੇ ਇਕ ਮਹਾਨ ਡੇਰਾ 'ਸੱਚ ਖੰਡ ਬੱਲਾਂ' ਦਾ ਸਰੂਪ ਧਾਰਨ ਕਰ ਲਿਆ।

ਹੁਣ ਸਤਿਗੁਰੂ ਸਰਵਣ ਦਾਸ ਜੀ ਗੱਭਰੂ ਅਵਸਥਾ ਵਿਚ ਹੋ ਗਏ। ਆਪਣੇ ਪਿਤਾ ਬਾਬਾ ਪਿੱਪਲ ਦਾਸ ਜੀ ਦੀ ਪ੍ਰੇਰਨਾ ਅਨੁਸਾਰ ਸ੍ਰੀ ਗੁਰੂ ਹਰਨਾਮ ਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਸਤਿਗੁਰੂ ਸਰਵਣ ਦਾਸ ਜੀ ਦਾ ਅਟੁੱਟ ਪਿਆਰ, ਸ਼ਰਧਾ ਭਾਵ ਅਤੇ ਉਤਮ ਜਗਿਆਸੂ ਜਾਣ ਕੇ ਸਿਮਰਨ ਦਾ ਸਾਰਾ ਭੇਦ ਸਮਝਾ ਦਿੱਤਾ। ਸਤਿਗੁਰੂ ਸਰਵਣ ਦਾਸ ਜੀ ਨੂੰ ਇਹ ਮਾਰਗ ਦੱਸ ਕੇ ਆਪਣੇ ਆਪ ਨੂੰ ਸੁਭਾਗਾ ਸਮਝਣ ਲੱਗੇ। ਸ੍ਰੀ ਗੁਰੂ ਹਰਨਾਮ ਦਾਸ ਜੀ ਸਤਿਗੁਰੂ ਸਰਵਣ ਦਾਸ ਜੀ ਦੀ ਪ੍ਰਭੂ ਭਗਤੀ ਦੀ ਰੁਚੀ ਦੇਖ ਕੇ ਕਹਿਣ ਲੱਗੇ ਕਿ ਇਹ ਹੋਣਹਾਰ ਬਾਲਕ ਸਰਵਣ ਮੇਰੇ ਨਾਂ ਨੂੰ ਤੇ ਆਪਣੇ ਖਾਨਦਾਨ ਦੇ ਨਾਂ ਨੂੰ ਸਾਰੇ ਸੰਸਾਰ ਵਿਚ ਉਜਾਗਰ ਕਰੇਗਾ।

ਸਤਿਗੁਰੂ ਜੀ ਛੋਟੀ ਅਵਸਥਾ ਵਿਚ ਹੀ 24 ਘੰਟੇ ਪ੍ਰਭੂ ਦੇ ਸਿਮਰਨ ਵਿਚ ਮਗਨ ਰਹਿੰਦੇ। ਆਪ ਇਕਾਂਤ ਅਸਥਾਨ ਨੂੰ ਬਹੁਤ ਪਸੰਦ ਕਰਦੇ ਸਨ। ਪਿੰਡ ਬੱਲਾਂ ਤੋਂ ਕੁਝ ਦੂਰ ਪੱਛਮ ਦਿਸ਼ਾ ਵੱਲ ਇਕ ਬੜਾ ਭਿਆਨਕ ਜੰਗਲ ਸੀ, ਜਿੱਥੇ ਕਿ ਦਿਨ ਦੇ ਸਮੇਂ ਹਿਰਨਾਂ ਦੀਆਂ ਡਾਰਾਂ ਜਾਂਦੀਆਂ ਦਿਸਦੀਆਂ ਸਨ। ਰਾਤ ਸਮੇਂ ਗਿੱਦੜਾਂ ਦੀਆਂ ਭਿਆਨਕ ਆਵਾਜ਼ਾਂ ਆਉਂਦੀਆਂ ਸਨ। ਇਸ ਸਥਾਨ ਦਾ ਨਾਂ ਲੋਕਾਂ ਨੇ 'ਗਿਦੜ ਆਲਾ' ਰੱਖਿਆ ਹੋਇਆ ਸੀ। ਸਤਿਗੁਰੂ ਜੀ ਦਿਨ ਦੇ ਸਮੇਂ ਇਸ ਸਥਾਨ 'ਤੇ ਆ ਜਾਂਦੇ ਤੇ ਸਮਾਧੀ ਵਿਚ ਜੁਟ ਜਾਂਦੇ। ਜੋਗ ਦੀ ਕਮਾਈ ਕਰਦੇ। ਇੱਥੇ ਹੀ ਸਤਿਗੁਰਾਂ ਨੇ 'ਅੰਗ ਕਟੀ' ਜੋਗ ਦੀ ਸਾਧਨਾ ਵੀ ਕੀਤੀ। ਇਸ ਦ੍ਰਿਸ਼ ਨੂੰ ਤਾਂ ਅਨੇਕ ਨਗਰ ਨਿਵਾਸੀਆਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ।

ਸਤਿਗੁਰੂ ਜੀ ਨੂੰ ਸ਼ੁਭ ਗੁਣ ਵਾਲੇ ਵਿਦਵਾਨ ਅਤੇ ਤਪ ਵਾਲੇ ਦੇਖ ਕੇ ਪਿੰਡ ਦੇ ਇਕ ਜ਼ਿਮੀਂਦਾਰ ਜਿਸ ਦਾ ਨਾਂ ਸਰਦਾਰ ਹਜ਼ਾਰਾ ਸਿੰਘ ਸੀ ਤੇ ਜਿਸ ਦਾ ਸੰਤਾਂ ਨਾਲ ਬਹੁਤ ਪ੍ਰੇਮ ਸੀ, ਇਕ ਕਨਾਲ ਜ਼ਮੀਨ ਸਤਿਗੁਰੂ ਜੀ ਨੂੰ ਕੁਟੀਆ ਵਾਸਤੇ ਦਾਨ ਕਰ ਦਿੱਤੀ। ਅੱਜ ਸਾਰੇ ਬ੍ਰਹਿਮੰਡ ਦੀ ਦੁਨੀਆਂ ਇਸ ਕੁਟੀਆ ਦੇ ਅਸਥਾਨ ਨੂੰ ਨਿਮਸਕਾਰਾਂ ਕਰਦੀ ਹੈ।

ਸ੍ਰੀ ਗੁਰੂ ਸਵਾਮੀ ਸਰਵਣ ਦਾਸ ਜੀ ਇਕ ਮਹਾਨ ਵਿਦਵਾਨ ਸਨ। ਆਪ ਬਚਪਨ ਤੋਂ ਹੀ ਬੜੇ ਚੇਤੰਨ ਤੇ ਭਾਗਾਂ ਵਾਲੇ ਪ੍ਰਤੀਤ ਹੋਣ ਲੱਗੇ। ਪਿਤਾ ਜੀ ਨੇ ਮੁਢਲੀ ਵਿੱਦਿਆ ਆਪ ਪੜ੍ਹਾਈ ਤੇ ਅੱਗੋਂ ਸੰਸਕ੍ਰਿਤ ਪੜ੍ਹਨ ਲਈ ਸ਼੍ਰੀਮਾਨ ਸੰਤ ਕਰਤਾ ਨੰਦ ਜੀ ਕਿਸ਼ਨਗੜ੍ਹ ਵਾਲਿਆਂ ਪਾਸ ਭੇਜ ਦਿੱਤਾ। ਸਤਿਗੁਰੂ ਜੀ ਵਿਦਿਆ ਪ੍ਰਾਪਤ ਕਰਨ ਲਈ ਹਰ ਰੋਜ਼ ਸਵੇਰ ਸਮੇਂ ਪਿੰਡ ਬੱਲਾਂ ਤੋਂ ਪੈਦਲ ਪਿੰਡ ਕਿਸ਼ਨਗੜ੍ਹ ਜਾਂਦੇ ਅਤੇ ਦੁਪਹਿਰ ਸਮੇਂ ਸਿੱਖਿਆ ਪ੍ਰਾਪਤ ਕਰਕੇ ਵਾਪਸ ਪਿੰਡ ਬੱਲਾਂ ਨੂੰ ਜਾਂਦੇ। ਵਿਦਿਆ ਪ੍ਰਾਪਤੀ ਵਿਚ ਸਤਿਗੁਰੂ ਜੀ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਸਤਿਗੁਰੂ ਜੀ ਬੜੇ ਦਲੇਰ ਸਨ ਅਤੇ ਮੁਸ਼ਕਿਲਾਂ ਦਾ ਸਾਹਮਣਾ ਬੜੀ ਬਹਾਦਰੀ ਨਾਲ ਕੀਤਾ। ਆਪ ਵਿੱਦਿਆ ਵਿਚ ਪੂਰੀ ਸਫਲਤਾ ਪ੍ਰਾਪਤ ਕਰਦੇ ਰਹੇ।

ਵਿਦਿਆ ਪ੍ਰਾਪਤੀ ਤੋਂ ਛੇਤੀ ਹੀ ਬਾਅਦ ਆਪ ਪ੍ਰਸਿੱਧੀ ਦੇ ਮਾਲਕ ਤੇ ਸੰਤਾਂ ਦੀ ਪੰਗਤੀ ਵਿਚ ਇਕ ਉੱਚ ਪਦਵੀ ਦੇ ਮਹਾਂਪੁਰਸ਼ ਮੰਨੇ ਜਾਣ ਲੱਗ ਪਏ।

ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਬਹੁਤ ਹੀ ਸੁਚੱਜੇ ਤੇ ਸੁੰਦਰ ਢੰਗ ਨਾਲ ਕਰਦੇ ਸੀ। ਆਪ ਜੀ ਦੇ ਮੁੱਖ 'ਚੋਂ ਨਿਕਲਿਆ ਹੋਇਆ ਸ਼ਬਦ ਜਗਿਆਸੂਆਂ ਦੇ ਮਨਾਂ 'ਤੇ ਗਹਿਰਾ ਅਸਰ ਕਰਦਾ ਸੀ। ਸਤਿਗੁਰੂ ਜੀ ਵਿਦਾਂਤ ਵਿਵੇਕ ਵੀ ਪੜ੍ਹੇ ਹੋਏ ਸਨ। ਇਸ ਤੋਂ ਇਲਾਵਾ ਸਤਿਗੁਰੂ ਜੀ ਆਯੁਰਵੈਦਿਕ ਦਵਾਈਆਂ ਦੇ ਹਕੀਮ ਸਨ।

ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਜੀਵਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਬੇਅੰਤ ਅਸਥਾਨਾਂ 'ਤੇ ਆਪਣੇ ਕਰ-ਕਮਲਾਂ ਨਾਲ ਨੀਂਹ ਪੱਥਰ ਰੱਖੇ ਅਤੇ ਉਸਾਰੀ ਕਰਵਾਈ। ਆਪ ਜੀ ਦੇ ਆਸ਼ੀਰਵਾਦ ਨਾਲ ਹੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜਨਮ ਅਸਥਾਨ ਬਨਾਰਸ ਵਿਖੇ ਇਕ ਬੜੇ ਸੱਤ ਮੰਜ਼ਿਲੇ ਮੰਦਰ ਦੀ ਲੱਖਾਂ ਰੁਪਏ ਖਰਚ ਕਰਕੇ ਉਸਾਰੀ ਕੀਤੀ ਗਈ ਹੈ।

ਇਸੇ ਤਰ੍ਹਾਂ ਜੋ ਸਤਿਗੁਰੂ ਜੀ ਨੇ ਸੰਗਤਾਂ ਨੂੰ ਪ੍ਰੇਰਿਤ ਕਰਕੇ ਹੋਰ ਅਸਥਾਨ ਬਣਵਾਏ, ਉਹਨਾਂ ਵਿਚੋਂ ਕੁਝ ਅਸਥਾਨ ਵਰਣਨਯੋਗ ਹਨ, ਜਿਵੇਂ ਇਕ ਕਮਰਾ ਸ੍ਰੀ ਗੁਰੂ ਰਵਿਦਾਸ ਹਾਈ ਸਕੂਲ ਜਲੰਧਰ, ਆਰਟਸ ਐਂਡ ਕਰਾਫਟ ਟਰੇਨਿੰਗ ਕਾਲਜ ਜਲੰਧਰ। ਗੁਰੂ ਰਵਿਦਾਸ ਟੈਕਨੀਕਲ ਕਾਲਜ ਫਗਵਾੜਾ (ਕਪੂਰਥਲਾ), ਪ੍ਰਾਇਮਰੀ ਸਕੂਲ ਰਾਏਪੁਰ ਰਸੂਲਪੁਰ (ਇਕ ਕਮਰਾ), ਭਗਵਾਨ ਰਵਿਦਾਸ ਮੰਦਰ, ਨਿਰਮਲਾ ਛਾਉਣੀ ਹਰਿਦੁਆਰ (ਯੂ. ਪੀ.) ਦੋ ਕਮਰੇ, ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ (ਜੰਜ ਘਰ) ਪਿੰਡ ਬੱਲਾਂ, ਹਾਈ ਸਕੂਲ ਬੱਲਾਂ (ਇਕ ਕਮਰਾ)।

ਇਸੇ ਤਰ੍ਹਾਂ ਸਤਿਗੁਰੂ ਜੀ ਅਨੇਕਾਂ ਭਲੇ ਦੇ ਕੰਮ ਕਰਦੇ-ਕਰਦੇ ਅਤੇ ਸੰਗਤਾਂ ਨੂੰ ਭਜਨ ਸਿਮਰਨ ਦੀ ਪ੍ਰੇਰਨਾ ਕਰਦੇ ਹੋਏ ਲੱਗਭੱਗ 85 ਸਾਲ ਦੀ ਉਮਰ ਭੋਗ ਕੇ ਮਿਤੀ 11 ਜੂਨ 1972 ਨੂੰ ਇਸ ਦੁਨੀਆਂ ਤੋਂ ਚੋਲਾ ਛੱਡ ਕੇ ਸੱਚਖੰਡ ਜਾ ਬਿਰਾਜੇ ਤੇ ਸੰਗਤਾਂ ਨੂੰ ਆਪਣੇ ਪਰਮ ਸੇਵਕ ਸੰਤ ਹਰੀ ਦਾਸ ਜੀ ਦੇ ਹਵਾਲੇ ਕਰ ਗਏ। ਸਤਿਗੁਰੂ ਸਰਵਣ ਦਾਸ ਜੀ ਬੇਸ਼ੱਕ ਆਪਣਾ ਸਰੀਰ ਰੂਪੀ ਚੋਲਾ ਤਿਆਗ ਚੁੱਕੇ ਹਨ ਪਰ ਉਹਨਾਂ ਦੇ ਪਰਉਪਕਾਰ ਸਾਨੂੰ ਰਹਿੰਦੀ ਦੁਨੀਆਂ ਤੱਕ ਉਹਨਾਂ ਦੀ ਯਾਦ ਦਿਵਾਉਂਦੇ ਰਹਿਣਗੇ।

*(ਡੇਰਾ ਬੱਲਾਂ ਦੀ ਕਿਤਾਬ ਵਿਚੋਂ ਧੰਨਵਾਦ ਸਹਿਤ)*

# ਕੀ ਦਲਿਤ ਸਮਾਜ ਦੀਆਂ ਧੀਆਂ, ਭੈਣਾਂ, ਮਾਵਾਂ ਭਾਰਤ ਦੀਆਂ ਹੋਰਨਾਂ ਧੀਆਂ, ਭੈਣਾਂ, ਮਾਵਾਂ ਵਾਂਗ ਨਹੀਂ?

ਭਾਰਤ ਵਿਚ ਦਲਿਤ ਲੜਕੀਆਂ ਨਾਲ ਬਲਾਤਕਾਰ ਅਤੇ ਹੱਤਿਆਵਾਂ ਦੀਆਂ ਘਟਨਾਵਾਂ ਹਰ ਰੋਜ਼ ਵਧਦੀਆਂ ਜਾ ਰਹੀਆਂ ਹਨ। ਹਾਲਾਤ ਇੰਨੇ ਗੰਭੀਰ ਹਨ ਕਿ ਕਈ ਥਾਵਾਂ ਤੇ ਤਾਂ ਦਹਿਸ਼ਤ ਵਾਲਾ ਮਾਹੌਲ ਪੈਦਾ ਹੋ ਗਿਆ ਹੈ, ਪਰ ਸਿਤਮ ਦੀ ਗੱਲ ਹੈ ਕਿ ਹੁਣ ਤੱਕ ਸਰਕਾਰਾਂ ਨੇ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ ਹੈ। ਉਤਰ ਪ੍ਰਦੇਸ਼ ਵਿਚ ਹਾਲ ਹੀ ਵਿਚ ਬਦਾਯੂੰ ਬਲਾਤਕਾਰ ਅਤੇ ਹੱਤਿਆ ਕਾਂਡ ਦੀ ਸੰਯੁਕਤ ਰਾਸ਼ਟਰ ਤੱਕ ਨੇ ਆਲੋਚਨਾ ਕੀਤੀ ਹੈ ਪਰ ਇਸ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਨੂੰ ਚਲਦਾ ਨਹੀਂ ਕੀਤਾ। ਇਸ ਕਾਂਡ ਤੋਂ ਬਾਅਦ 10 ਅਜਿਹੀਆਂ ਹੀ ਵਾਰਦਾਤਾਂ ਉਤਰ ਪ੍ਰਦੇਸ਼ ਵਿਚ ਹੀ ਵਾਪਰ ਚੁੱਕੀਆਂ ਹਨ, ਪਰ ਕੇਂਦਰ ਸਰਕਾਰ ਕੋਈ ਢੁਕਵਾਂ ਕਦਮ ਨਹੀਂ ਚੁੱਕ ਰਹੀ। ਉਤਰ ਪ੍ਰਦੇਸ਼ ਵਿਚ ਜਦੋਂ ਵੀ ਸਮਾਜਵਾਦੀ ਪਾਰਟੀ ਦੀ ਸਰਕਾਰ ਆਉਂਦੀ ਹੈ, ਦਲਿਤਾਂ ਉਤੇ ਅੱਤਿਆਚਾਰ ਵਧਦੇ ਹਨ। ਸਿਰਫ ਉਤਰ ਪ੍ਰਦੇਸ਼ ਹੀ ਨਹੀਂ ਬਲਕਿ ਭਾਰਤ ਦੇ ਸਾਰੇ ਹਿੱਸਿਆਂ ਵਿਚ ਦਲਿਤ ਲੜਕੀਆਂ ਦਾ ਸ਼ੋਸ਼ਣ ਅਤੇ ਬਲਾਤਕਾਰਾਂ ਤੋਂ ਬਾਅਦ ਹੱਤਿਆਵਾਂ ਆਮ ਵਰਤਾਰਾ ਹੋ ਗਿਆ ਹੈ। ਜ਼ਿਆਦਾਤਰ ਹਮਲੇ ਜਾਤੀ ਸੂਚਕ ਹਮਲੇ ਹਨ, ਜਿਹੜੇ ਯੋਜਨਾਬੱਧ ਤਰੀਕੇ ਨਾਲ ਦਲਿਤਾਂ ਵਿਰੁੱਧ ਕੀਤੇ ਜਾ ਰਹੇ ਹਨ। ਭਾਰਤ ਵਿਚ ਬੇਲਸ਼ੀ ਕਾਂਡ, ਪਿਪਰਾ ਕਾਂਡ, ਕੰਸਾਰਾ ਕਾਂਡ ਆਦਿ ਅਨੇਕਾਂ ਅਜਿਹੇ ਦਰਦਨਾਕ ਕਾਂਡ ਜੋ ਭਾਰਤ ਦੇ ਵੱਖ ਵੱਖ ਭਾਗਾਂ ਵਿਚ ਹੋਏ ਹਨ, ਦੇ ਬਾਵਜੂਦ ਦਲਿਤਾਂ ਦੀ ਸੁਰੱਖਿਆ ਲਈ ਕੋਈ ਢੁਕਵਾਂ ਇੰਤਜ਼ਾਮ ਨਹੀਂ ਹੋ ਸਕਿਆ ਹੈ। ਜਾਤੀ ਦੇ ਆਧਾਰ ਤੇ ਵਿਤਕਰੇ ਅਤੇ ਧੱਕੇਸ਼ਾਹੀਆਂ ਕੋਈ ਅੱਜ ਦੀ ਗੱਲ ਨਹੀਂ ਬਲਕਿ ਸਦੀਆਂ ਤੋਂ ਭਾਰਤ ਵਿਚ ਵੱਸੇ ਦਲਿਤ ਲੋਕ ਅਜਿਹੇ ਧੱਕਿਆਂ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਬਹੁਤ ਸਾਰੇ ਕੇਸ ਤਾਂ ਅਜਿਹੇ ਹਨ, ਜਿਹੜੇ ਸਾਹਮਣੇ ਹੀ ਨਹੀਂ ਆਉਂਦੇ, ਕੁਝ ਸਾਹਮਣੇ ਆਉਂਦੇ ਹਨ, ਉਹਨਾਂ ਵਿਰੁੱਧ ਸਰਕਾਰਾਂ ਕੋਈ ਠੋਸ ਕਦਮ ਨਹੀਂ ਚੁੱਕਦੀਆਂ, ਇਸ ਕਰਕੇ ਉਚ ਜਾਤੀਆਂ ਦੇ ਲੋਕਾਂ ਦਾ ਹੌਸਲਾ ਹੋਰ ਵੱਧ ਜਾਂਦਾ ਹੈ। ਕੀ ਇਹ ਧੀਆਂ, ਭੈਣਾਂ ਤੇ ਮਾਵਾਂ ਭਾਰਤੀ ਸਮਾਜ ਦਾ ਅੰਗ ਨਹੀਂ ਹਨ? ਕੀ ਅਖੌਤੀ ਅਜਿਹੀਆਂ ਨੂੰ ਅੰਜਾਮ ਦੇਣ ਵਾਲੇ ਦਰਿੰਦੇ ਇਹ ਸੋਚ ਸਕਦੀਆਂ ਹਨ ਕਿ ਉਹਨਾਂ ਦੀਆਂ ਲੜਕੀਆਂ ਨਾਲ ਜੇਕਰ ਅਜਿਹੀਆਂ ਵਾਰਦਾਤਾਂ ਹੋਣ ਤਾਂ ਉਹਨਾਂ ਦਾ ਜਵਾਬ ਕੀ ਹੋਵੇਗਾ? ਇਕ ਕਮਜ਼ੋਰ ਅਤੇ ਜਾਤੀ ਪੱਖੋਂ ਵਿਤਕਰੇ ਦਾ ਸ਼ਿਕਾਰ ਫਿਰਕੇ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਇਸ ਤਰ੍ਹਾਂ ਸ਼ਿਕਾਰ ਬਣਾਉਣ ਨਾਲ ਕੀ ਭਾਰਤੀ ਸਮਾਜ ਆਪਣੇ-ਆਪ ਨੂੰ ਤਾਕਤਵਰ ਸਮਝਦਾ ਹੈ? ਅੱਜ ਵੀ ਦਲਿਤ ਔਰਤ ਕਿਤੇ ਨਾ ਕਿਤੇ ਬਲਾਤਕਾਰ ਦਾ ਸ਼ਿਕਾਰ ਹੀ ਨਹੀਂ ਹੁੰਦੀ ਬਲਕਿ ਉਸ ਦੀ ਹੱਤਿਆ ਵੀ ਕੀਤੀ ਜਾਂਦੀ ਹੈ।

ਅਜਿਹੇ ਹੱਤਿਆਕਾਂਡ ਵਿਰੁੱਧ ਸਖਤੀ ਦੀ ਬਜਾਏ ਕਈ ਲੀਡਰ ਤਾਂ ਚੁਟਕੀਆਂ ਵਜਾਉਂਦੇ ਹਨ। ਅਜਿਹੇ ਵਰਤਾਰੇ ਵਿਚਕਾਰ ਕੀ ਦਲਿਤ ਧੀਆਂ, ਭੈਣਾਂ ਤੇ ਮਾਵਾਂ ਸੁਰੱਖਿਅਤ ਰਹਿ ਸਕਦੀਆਂ ਹਨ। ਅਜਿਹਾ ਵਰਤਾਰਾ ਜੇਕਰ ਫੂਲਨ ਦੇਵੀ ਵਰਗੀ ਨਾਲ ਹੁੰਦਾ ਹੈ ਤਾਂ ਉਹਨਾਂ ਨੂੰ ਗਦਾਰ ਕਿਹਾ ਜਾਂਦਾ ਹੈ। ਜਦੋਂ ਉਹ ਆਪਣੇ ਤੇ ਹੋਏ ਜ਼ੁਲਮਾਂ ਦਾ ਬਦਲਾ ਲੈਂਦੀਆਂ ਹਨ ਤਾਂ ਭਾਰਤ ਸਮਾਜ ਹਾਏ-ਕੁਰਲਾਹਟ ਮਚਾਉਂਦਾ ਹੈ। ਪਰ ਜਿਹੋ ਜਿਹੇ ਹਾਲਾਤ ਭਾਰਤ ਵਿਚ ਪਾਏ ਜਾ ਰਹੇ ਹਨ, ਅਜਿਹੇ ਹਾਲਾਤਾਂ ਵਿਚ ਫੂਲਨ ਦੇਵੀਆਂ ਨਾ ਪੈਦਾ ਹੋਣ ਤਾਂ ਹੋਰ ਦਲਿਤ ਵਰਗ ਕੀ ਕਰੇ?

**- ਤਰਸੇਮ ਜਲੰਧਰੀ**

## ਇਤਿਹਾਸ ਦੇ ਝਰੋਖੇ 'ਚੋਂ

ਇੱਥੇ ਆਮ ਆਦਮੀ ਇਨਕਲਾਬ ਕਰਨ ਦੀ ਵੀ ਹਿੰਮਤ ਨਹੀਂ ਕਰਦਾ, ਸੋਚਦਾ ਵੀ ਨਹੀਂ। ਗਰੀਬ ਝੌਂਪੜੀ ਵਾਲਾ ਥੱਕ ਗਿਆ ਹੈ, ਉਸ ਦੇ ਮਨ ਨੂੰ ਯਕੀਨ ਨਹੀਂ ਆਉਂਦਾ ਕਿ ਉਹ ਵੀ ਰਾਜਾ ਬਣ ਸਕਦਾ ਹੈ। ਵਿਸ਼ਵਾਸ ਨਾ ਹੋਣ ਦਾ ਕਾਰਨ ਰਿਹਾ ਹੈ, ਉਸ ਦੇ ਨਾਲ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਲਗਾਤਾਰ ਦਗਾਬਾਜ਼ੀ। ਵਿਸ਼ਵਾਸ ਉਠ ਗਿਆ ਹੈ। ਦੂਸਰੇ ਦੇਸ਼ਾਂ ਵਿਚ ਖਰੁਸ਼ਚੇਵ ਭੇਡਾਂ ਬੱਕਰੀਆਂ ਚਾਰਨ ਵਾਲੇ ਦਾ ਲੜਕਾ, ਤਾਕਤ ਵਿਚ ਵੱਡਾ ਸਟਾਲਿਨ ਚਮਾਰ ਦਾ ਬੇਟਾ, ਹਿਟਲਰ ਜਰਮਨੀ ਵਾਲਾ ਕਾਰੀਗਰ ਰਾਜ ਮਿਸਤਰੀ ਦਾ ਬੇਟਾ। ਇੰਗਲੈਂਡ ਦੇ ਵੀ, ਜਿਹਨਾਂ ਨਾਲ ਹੱਥ ਮਿਲਾਉਣ ਨੂੰ ਲੋਕ ਲਾਰਾਂ ਟਪਕਾਉਂਦੇ ਹਨ, ਬੇਵਾਨ, ਮਾਰਿਸਨ ਕੋਇਲੇ ਦੀਆਂ ਖਾਣਾਂ ਵਿਚ ਮਜ਼ਦੂਰ, ਸੜਕ ਤੇ ਅਖ਼ਬਾਰ ਵੇਚਣ ਵਾਲੇ ਰਹੇ ਹਨ। ਕੀ ਦੋ ਹਜ਼ਾਰ ਸਾਲ ਵਿਚ ਸਾਡੇ ਦੇਸ਼ ਵਿਚ ਛੋਟੇ ਪੇਸ਼ੇ ਵਾਲਾ ਆਦਮੀ ਕਦੇ ਵੱਡਾ ਬਣਿਆ ਹੀ ਨਹੀਂ?

(ਡਾ: ਰਾਮ ਮਨੋਹਰ ਲੋਹੀਆ: ਭਾਰਤ ਮਾਤਾ ਧਰਤੀ ਮਾਤਾ)

ਈਸ਼ਵਰ ਤੇ ਆਧਾਰਿਤ ਧਰਮ ਕਲਪਿਤ ਹਨ। ਈਸ਼ਵਰ ਤੇ ਆਧਾਰਿਤ ਧਰਮ ਅਪਣਾਉਣ ਦਾ ਕੋਈ ਫਾਇਦਾ ਨਹੀਂ। ਸੰਸਾਰ ਦਾ ਵਿਕਾਸ ਹੋਇਆ ਹੈ, ਨਿਰਮਾਣ ਨਹੀਂ। ਈਸ਼ਵਰ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਣਾ ਅਧਰਮ ਹੈ, ਇਹ ਕੇਵਲ ਝੂਠ ਵਿਚ ਵਿਸ਼ਵਾਸ ਕਰਨਾ ਹੈ।

- ਡਾ: ਅੰਬੇਦਕਰ

ਅੱਜ ਅਸੀਂ ਐਸੇ ਯੁੱਗ ਵਿਚ ਰਹਿ ਰਹੇ ਹਾਂ ਕਿ ਜੇ ਤੁਸੀਂ ਆਪਣੇ ਪੁੱਤਰ ਨਾਲ ਵੀ ਬੇ-ਇਨਸਾਫੀ ਕਰੋਗੇ ਤਾਂ ਉਹ ਬਗਾਵਤ ਕਰ ਦੇਵੇਗਾ, ਚਾਹੇ ਉਹ ਤੁਹਾਡਾ ਆਪਣਾ ਹੀ ਖ਼ੂਨ ਕਿਉਂ ਨਾ ਹੋਵੇ। ਤੁਸੀਂ ਇਹ ਕਿਵੇਂ ਉਮੀਦ ਕਰਦੇ ਹੋ ਕਿ ਕਰੋੜਾਂ ਲੋਕ ਜਿਹਨਾਂ ਨੂੰ ਹਿੰਦੂ ਕਿਹਾ ਜਾਂਦਾ ਹੈ, ਹਿੰਦੂ ਸਮਾਜ ਵਿਚ ਦੂਜੇ ਦਰਜੇ ਦੀ ਸਥਿਤੀ ਨੂੰ ਸਵੀਕਾਰ ਕਰਨਗੇ? ਹੁਣ ਇਹ ਸੰਭਵ ਨਹੀਂ ਹੈ। ਇਹ ਬਹੁਤ ਬੇਲੋੜੀ ਅਤੇ ਹਿੰਦੂ ਧਰਮ ਲਈ ਬੜੇ ਖਤਰੇ ਦੀ ਗੱਲ ਹੈ।

- ਡਾ: ਕਰਨ ਸਿੰਘ ਕ੍ਰਿਤ ਹਿੰਦੂ ਧਰਮ ਲਈ ਚੁਣੌਤੀਆਂ 'ਚੋਂ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਜ਼ੁਰਗ ਸਰਦਾਰ, ਉਮਰ ਦਿਨ ਚਾਰ


6 ਜੂਨ ਨੂੰ ਬਸਪਾ ਦੇ ਪੰਜਾਬ ਤੋਂ ਦੋ ਵਾਰ ਰਹਿ ਚੁੱਕੇ ਪਹਿਲੇ ਮੈਂਬਰ ਪਾਰਲੀਮੈਂਟ ਸ੍ਰੀ ਹਰਭਜਨ ਲਾਖਾ (ਹਰਭਜਨ ਸਿੰਘ ਖਾਲਸਾ) ਨੇ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਛਕਿਆ। ਇਸ ਦੌਰਾਨ ਲਈ ਗਈ ਇਕ ਤਸਵੀਰ।


ਤਰਲੋਚਨ ਸਿੰਘ 'ਦੁਪਾਲਪੁਰ'

ਇਸ ਤੋਂ ਪਹਿਲਾਂ ਕਿ ਇਕ ਅਤਿਅੰਤ ਅਚੰਭੇ ਭਰੀ ਦੁਖਦਾਈ ਸੂਚਨਾ ਦੀਆਂ ਉਦਾਸ ਤੇ ਵੈਰਾਗੀ ਤੰਦਾਂ ਖੜਕ ਕੇ ਉਸ ਦਾ ਵਿਸਥਾਰ ਲਿਖਣਾ ਸ਼ੁਰੂ ਕਰਾਂ, ਮੇਰੀ ਇੱਛਾ ਹੈ ਕਿ ਹੋਣੀ ਦੇ ਇਸ ਅਜਬ ਵਰਤਾਰੇ ਦੀ ਥੋੜ੍ਹੀ ਬਹੁਤੀ ਥਾਹ ਪਾਉਣ ਹਿਤ ਭੂਮਿਕਾ ਵਜੋਂ ਕੁਝ ਅਜਿਹੀਆਂ ਘਟਨਾਵਾਂ ਦਾ ਵਰਣਨ ਕਰ ਦਿਆਂ। ਜੋ ਕਿ ਮੈਂ ਇੱਧਰੋਂ ਉਧਰੋਂ ਸੁਣ ਕੇ ਜਾਂ ਪੜ੍ਹ ਕੇ, ਆਪਣੇ ਚੇਤਿਆਂ ਦੀ ਚੰਗੇਰ ਵਿਚ ਸਾਂਭੀਆਂ ਹੋਈਆਂ ਨੇ। ਉਮੀਦ ਕਰਦਾ ਹਾਂ ਕਿ ਇਹਨਾਂ ਦੇ ਲਿਖਤੀ-ਬਿਰਤਾਂਤ ਵਿਚੀਂ ਲੰਘ ਕੇ, ਵਰਤ ਚੁੱਕੇ ਭਾਣੇ ਦੇ ਦਰਦ ਨੂੰ ਸਹਿਜ ਨਾਲ ਸਮਝਿਆ ਜਾ ਸਕੇਗਾ। ਅਚਾਨਕ ਅਕਾਲ ਚਲਾਣਾ ਕਰ ਗਏ ਜਿਸ ਸੂਝਵਾਨ ਸੱਜਣ ਦੇ ਅੰਤਮ ਸਮੇਂ ਦੇ ਕੁਝ ਵਾਕਿਆਤ ਲਿਖਣ ਜਾ ਰਿਹਾਂ, ਉਹਨਾਂ ਦਾ ਰਹੱਸ ਜਾਨਣ ਵਾਸਤੇ ਇਹ ਕੁਝ ਵੇਰਵੇ ਜ਼ਰੂਰੀ ਜਾਪਦੇ ਨੇ।

ਜਥਾ ਭਿੰਡਰਾਂ ਦੇ ਇਕ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਗੜਵਈ ਰਹੇ ਭਾਈ ਲਛਮਣ ਸਿੰਘ ਮਾਜਰਾ ਜੱਟਾਂ ਕੋਲੇ ਜਥੇ ਦੀਆਂ ਗੱਲਾਂ ਦਾ ਅਮੁੱਕ ਖਜ਼ਾਨਾ ਸੀ। ਉਹ ਦੱਸਿਆ ਕਰਦੇ ਸਨ ਕਿ ਜਥੇ ਵਿਚ ਤਹਿਸ਼ੁਦਾ ਦਿਨਾਂ 'ਤੇ ਅੰਮ੍ਰਿਤ ਸੰਚਾਰ ਹੋਇਆ ਕਰਦਾ ਸੀ। ਇਕ ਵਾਰ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਦੀ ਪੂਰਨ ਸਮਾਪਤੀ ਮੌਕੇ ਇਕ ਸੱਜਣ ਆ ਕੇ ਕਹਿਣ ਲੱਗਾ ਕਿ ਮੈਨੂੰ ਵੀ ਅੰਮ੍ਰਿਤ ਛਕਾਉ। ਜਥੇ ਦੇ ਸਿੰਘਾਂ ਨੇ ਕਿਹਾ ਕਿ ਅੱਜ ਤਾਂ ਸਮਾਪਤੀ ਹੋ ਚੁੱਕੀ ਹੈ, ਅਗਲੀ ਵਾਰੀ ਸਹੀ। ਉਹ ਕਹੇ ਕਿ ਨਹੀਂ ਮੈਂ ਤਾਂ ਅੱਜ ਹੀ ਅੰਮ੍ਰਿਤਪਾਨ ਕਰਨਾ ਹੈ। ਸਿੰਘਾਂ ਨੇ ਉਸਦੀ ਅਭਿਲਾਸ਼ਾ ਦੇਖ ਕੇ ਆਖਿਆ ਕਿ ਹੁਣੇ ਤਾਂ ਨਹੀਂ, ਪਰ ਸਵੇਰੇ ਅਸੀਂ ਦੁਬਾਰਾ ਅੰਮ੍ਰਿਤ ਦਾ ਬਾਟਾ ਤਿਆਰ ਕਰਾਂਗੇ। ਤੁਸੀਂ ਕੱਲ੍ਹ ਆ ਜਾਣ। ਬਾਹਰੋਂ ਆਇਆ ਸੱਜਣ ਖਹਿੜੇ ਈ ਪੈ ਗਿਆ! ਅਖੇ, ਅੱਜ ਹੀ ਛਕਣਾ ਐ ਅੰਮ੍ਰਿਤ!

ਆਖਿਰ ਗੱਲ ਸੰਤਾਂ ਕੋਲ ਪਹੁੰਚੀ। ਉਹਨਾਂ ਨੇ ਉਸਨੂੰ ਪਿਆਰ ਸਤਿਕਾਰ ਨਾਲ ਮਨਾਇਆ ਕਿ ਭਾਈ ਸਿੱਖਾਂ ਜ਼ਿਦ ਨਹੀਂ ਕਰੀ ਦੀ, ਤੂੰ ਰਾਤ ਸਾਡੇ ਕੋਲ ਆਰਾਮ ਕਰ। ਸਵੇਰੇ ਤੈਨੂੰ ਅੰਮ੍ਰਿਤਪਾਨ ਕਰਵਾ ਦਿਆਂਗੇ। ਕਹਿੰਦੇ ਉਹ ਸੰਤਾਂ ਦਾ ਆਖਾ ਮੰਨ ਤਾਂ ਗਿਆ, ਪਰ ਨਿਰਾਸ਼ ਜਿਹਾ ਹੋ ਗਿਆ। ਰਾਤ ਨੂੰ ਲੰਗਰ ਪਾਣੀ ਛਕ ਕੇ ਉਹ ਸੌਂ ਗਿਆ। ਸੁਬਾਹ ਸਾਰੀ ਸੰਗਤ ਉੱਠ ਕੇ ਇਸ਼ਨਾਨ ਪਾਨ ਕਰਨ ਲੱਗ ਪਈ, ਪਰ ਉਹ ਉਠਿਆ ਹੀ ਨਾ। ਜਦੋਂ ਰਜਾਈ ਚੁੱਕ ਕੇ ਦੇਖਿਆ, ਉਹ ਪੂਰਾ ਹੋ ਚੁੱਕਾ ਸੀ।

ਭਾਈ ਲਛਮਣ ਸਿੰਘ ਦੱਸਿਆ ਕਰਦੇ ਸਨ ਕਿ ਸੰਤ ਜੀ ਨੇ ਇਸ ਘਟਨਾ ਦਾ ਬਹੁਤ ਵੈਰਾਗ ਕੀਤਾ। ਉਹ ਪਛਤਾਵਾ ਕਰਦਿਆਂ ਆਪਣੇ ਸਾਥੀਆਂ ਨੂੰ ਕਹਿਣ ਲੱਗੇ- ''ਸਿੰਘੋ ਦੇਖੋ ਸਾਡੀ ਘੌਲ ਕਾਰਨ ਇਕ ਸਰੀਰ ਅੰਮ੍ਰਿਤ ਤੋਂ ਵਾਂਝਾ ਚਲਾ ਗਿਆ ਦੁਨੀਆਂ ਤੋਂ!''

ਦੂਜੀ ਕਹਾਣੀ ਮੈਂ ਇਕ ਕਿਤਾਬਚੇ ਵਿਚੋਂ ਪੜ੍ਹੀ ਹੋਈ ਹੈ। ਸੰਨ 1999 ਦੇ ਉਨ੍ਹਾਂ ਦਿਨਾਂ ਵਿਚ ਜਦੋਂ ਅਕਾਲ ਲੀਡਰਾਂ ਵੱਲੋਂ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਦੇ ਐਲਾਨ ਕੀਤੇ ਜਾ ਰਹੇ ਸਨ। ਉਸ ਮੌਕੇ ਮੇਰੇ ਹੱਥ ਲੱਗੀ ਇਸ ਕਿਤਾਬ ਵਿਚ ਇੱਕ ਨਿੱਕੀ ਕਹਾਣੀ ਛਪੀ ਹੋਈ ਸੀ।

ਕਹਿੰਦੇ ਕੋਈ ਓਪਰਾ ਬੰਦਾ ਇਕ ਗ੍ਰਹਿਸਤੀ ਸਿੱਖ ਦੇ ਘਰੇ ਗਿਆ। ਕੁਝ ਛਕਣ-ਛਕਾਉਣ ਵੇਲੇ ਗੱਲਾਂ ਬਾਤਾਂ ਕਰਦਿਆਂ ਉਸ ਸਿੱਖ ਪਰਿਵਾਰ ਦੇ ਸਕੂਲ-ਕਾਲਜ ਜਾਂਦੇ ਇਕ ਗੱਭਰੂ ਮੂੰਹੋਂ ਬੜੇ ਗਿਆਨ-ਧਿਆਨ ਦੀਆਂ ਗੱਲਾਂ ਸੁਣ ਕੇ ਓਪਰਾ ਬੰਦਾ ਕਾਫੀ ਪ੍ਰਭਾਵਿਤ ਹੋਇਆ। ਹੈਰਾਨ ਹੁੰਦਿਆਂ ਉਸ ਨੇ ਮੁੰਡੇ ਨੂੰ ਉਸਦੀ ਉਮਰ ਪੁੱਛੀ। ਮੁੰਡਾ ਬੋਲਿਆ- ''ਜੀ ਮੈਂ ਚਾਰ ਸਾਲ ਦਾ ਹੋਇਆ ਹਾਂ ਹਾਲੇ।'' ਗੱਭਰੂ ਮੂੰਹੋਂ 'ਚਾਰ ਸਾਲ' ਵਾਲਾ ਜਵਾਬ ਸੁਣ ਕੇ, ਪੁੱਛਣ ਵਾਲੇ ਨੇ ਪਹਿਲੋਂ ਸੋਚਿਆ ਕਿ ਮੁੰਡੇ ਨੇ ਉਸਨੂੰ ਮਖੌਲ ਕੀਤਾ ਹੋਣੈ। ਪਰ ਸਾਧੂਆਂ ਸੰਤਾਂ ਵਰਗੇ ਮੁੰਡੇ ਦਾ ਸ਼ਾਂਤ-ਚਿੱਤ ਚਿਹਰਾ-ਮੋਹਰਾ ਦੱਸ ਰਿਹਾ ਸੀ ਕਿ ਮੁੰਡਾ ਯੱਕੜ ਮਾਰਨ ਵਾਲਾ ਨਹੀਂ।

ਸ਼ਸੋਪੰਜੀ 'ਚ ਪਏ ਬੰਦੇ ਨੂੰ ਹੋਰ ਤਾਂ ਕੁਝ ਨਾ ਸੁੱਝਾ। ਉਸ ਨੇ ਐਵੇਂ ਹੀ ਗੱਲ ਹੋਧਰੇ ਪਾਉਣ ਲਈ ਮੁੰਡੇ ਨੂੰ ਉਸਦੇ ਪਿਓ ਦੀ ਉਮਰ ਪੁੱਛ ਲਈ। ''ਉਹ ਤਾਂ ਜੀ ਦੋ ਸਾਲ ਦੇ ਹੋਏ ਆ!'' ਇਹ ਅਨੋਖਾ ਜਵਾਬ ਸੁਣ ਕੇ, ਓਪਰੇ ਬੰਦੇ ਦਾ ਮੂੰਹ ਹੀ ਅੱਡਿਆ ਰਹਿ ਗਿਆ! ਪਰ ਪੈਂਦੀ ਸੱਟੇ ਉਸ ਨੇ ਮਾਂ ਦੀ ਉਮਰ ਪੁੱਛੀ। ਉਹ ਵੀ ਦੋ ਸਾਲਾਂ ਦੀ ਹੀ ਸੁਣ ਕੇ ਬੰਦਾ ਸੋਚੀਂ ਪੈ ਗਿਆ, ਕਿ ਇਹ ਕੀ ਮਾਜਰਾ ਹੋਵੇਗਾ? 'ਮੁੱਛ ਫੁੱਟ ਗੱਭਰੂ ਚਾਰ ਸਾਲਾਂ ਦਾ, ਮਾਂ-ਬਾਪ ਦੋਵੇਂ ਦੋ ਦੋ ਸਾਲ ਉਮਰ ਦੇ?'

ਇਸ ਅਜੀਬ ਗੁੰਝਲ ਨੂੰ ਖੁਦ-ਬ-ਖੁਦ ਖੋਲ੍ਹਣ ਲਈ ਕੁਝ ਪਲ ਮਨ ਦੇ ਘੋੜੇ ਦੁੜਾਉਣ ਬਾਅਦ, ਓਪਰਾ ਬੰਦਾ ਮੁੰਡੇ ਦੇ ਬਾਪ ਨੂੰ ਇਸ ਬੁਝਾਰਤ ਜਿਹੀ ਦਾ ਉੱਤਰ ਪੁੱਛਦਾ ਹੈ। ਬਾਪ ਦੱਸਦਾ ਹੈ ਕਿ ਸਾਡਾ ਪੁੱਤਰ ਬਿਲਕੁਲ ਸੱਚ ਬੋਲ ਰਿਹਾ ਹੈ-

''ਸ੍ਰੀਮਾਨ ਜੀ, ਮੈਂ ਤੇ ਮੇਰੀ ਘਰ ਵਾਲੀ ਭਾਵੇਂ ਪੰਜਾਹਾਂ ਨੂੰ ਢੁੱਕੇ ਹੋਏ ਹਾਂ। ਪਰ ਗੁਰੂ ਘਰ ਵਿਚ ਜਨਮ ਲਿਆਂ ਨੂੰ, ਭਾਵ ਅੰਮ੍ਰਿਤਪਾਨ ਕਰਿਆਂ ਸਾਨੂੰ ਦੋ ਸਾਲ ਹੀ ਹੋਏ ਨੇ। ਨਿਗੁਰੇ ਰਹਿਣ ਵਾਲੇ ਸਾਲਾਂ ਨੂੰ ਅਸੀਂ ਆਪਣੀ ਉਮਰ ਵਿਚ ਗਿਣਦੇ ਹੀ ਨਹੀਂ। ਇੰਝ ਹੀ ਸਾਡਾ ਬੇਟਾ ਬੇਸ਼ੱਕ ਪੱਚੀ ਸਾਲ ਦਾ ਹੈ। ਪਰ ਅੰਮ੍ਰਿਤ ਛਕਿਆਂ ਉਸਨੂੰ ਸਿਰਫ ਚਾਰ ਸਾਲ ਹੀ ਹੋਏ ਨੇ। ਇਹ ਹੈ ਸਾਡੇ ਟੱਬਰ ਦੀਆਂ ਉਮਰਾਂ ਦਾ ਰਾਜ਼!'

ਹੁਣ ਅੱਗੇ ਵਧਦੇ ਹਾਂ। ਇਸ ਪਾਵਨ ਅੰਮ੍ਰਿਤ ਦਾ ਚਸ਼ਮਾ ਜਦੋਂ 1699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਫੁੱਟਿਆ ਸੀ। ਤਦ ਅੰਮ੍ਰਿਤ-ਦਾਤੇ ਕਲਗੀਆਂ ਵਾਲੇ ਪਾਤਸ਼ਾਹ ਨੇ ਜਾਤ-ਅਭਿਮਾਨੀਆਂ ਨੂੰ ਐਲਾਨੀਆ ਕਿਹਾ ਸੀ ਕਿ ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ। ਸਤਿਗੁਰੂ ਨੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ, ਜਿਹਨਾਂ ਨੂੰ ਆਪਣੇ ਆਪ ਨੂੰ ਉੱਚੀਆਂ ਜਾਤਾਂ ਕਹਾਉਣ ਵਾਲੇ- 'ਸ਼ੂਦਰ' ਕਹਿੰਦੇ ਸੀ। ਜਦ ਇਹ ਕਥਿਤ ਸ਼ੂਦਰ 'ਸ਼ਸਤਰਧਾਰੀ ਸਰਦਾਰ' ਬਣ ਕੇ ਮੈਦਾਨ 'ਚ ਨਿੱਤਰੇ। ਤਾਂ ਜਾਤ-ਅਭਿਮਾਨੀਆਂ ਦੇ ਝੁੰਡ ਪਹਾੜੀ ਰਾਜਿਆਂ ਨੇ ਇਨ੍ਹਾਂ ਗੁਰੂ ਕੇ ਸਿੱਖਾਂ ਨੂੰ ਟਿੱਚਰਾਂ ਕੀਤੀਆਂ-

'ਓਹਨੇ ਕੱਠੇ ਕੀਤੇ ਜੱਟ-ਬੂਟ, ਝੀਵਰ ਤਰਖਾਣਾ।
ਉਹ ਕੀ ਜਾਨਣ ਤੇਗ ਨੂੰ ਹੱਥ ਕਿੱਧਰੋਂ ਪਾਉਣਾ?'

ਸਮਾਂ ਆਪਣੀ ਤੋਰੇ ਤੁਰਦਾ ਗਿਆ। ਬਿਪਰ ਸ਼ਕਤੀਆਂ ਨੇ ਸਿੱਖਾਂ ਵਿਚ ਵੀ ਜਾਤਾਂ-ਗੋਤਾਂ ਦੇ ਕੁਲੱਛਣੇ ਬੀਜ ਬੀਜ ਦਿੱਤੇ। ਪੰਥ ਵਿਚ ਵੀ ਉੱਚੀਆਂ ਤੇ ਨੀਵੀਆਂ ਜਾਤਾਂ ਦੀਆਂ ਵੰਡੀਆਂ ਪਾ ਦਿੱਤੀਆਂ ਗਈਆਂ। ਇਤਿਹਾਸ ਨੇ ਉਹ ਪਲ ਵੀ ਤੱਕੇ ਜਦ ਸਿੰਘ ਸਭਾ ਲਹਿਰ ਦੇ ਜ਼ੋਰਦਾਰ ਪ੍ਰਭਾਵ ਸਦਕਾ ਕਥਿਤ 'ਅਛੂਤ ਸਿੱਖ' ਕੜਾਅ ਪ੍ਰਸ਼ਾਦ ਦੀਆਂ ਪਰਾਂਤਾਂ ਸਿਰਾਂ 'ਤੇ ਚੁੱਕ ਕੇ ਖਾਲਸਾ ਪੰਥ ਦਾ ਮੁੜ ਅੰਗ ਬਣਨ ਲਈ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋਏ। ਬਿਪਰ ਦੇ ਹੱਥ-ਠੋਕੇ ਪੁਜਾਰੀ ਉਦੋਂ ਹਰਿਮੰਦਰ ਸਾਹਿਬ ਸੁੰਨਾ ਛੱਡ ਕੇ ਦੌੜ ਗਏ। ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਪੰਥ ਨੇ ਜੈਕਾਰੇ ਛੱਡ ਕੇ ਆਪਣੇ ਵਿਛੜੇ ਭਰਾਵਾਂ ਦਾ ਚਾਅਵਾਂ ਤੇ ਰੀਝਾਂ ਨਾਲ ਸਵਾਗਤ ਕੀਤਾ!

ਵਕਤ ਦੀ ਤਿਰਛੀ ਨਜ਼ਰ ਨੇ ਫਿਰ ਉਹ ਲਮਹੇਂ ਵੀ ਦੇਖੇ, ਜਦੋਂ ਵਿਦਵਤਾ ਦੇ ਵਗਦੇ ਦਰਿਆ ਤੇ ਕੌਮੀ ਚਿੰਤਕ ਡਾ. ਅੰਬੇਦਕਰ ਜੀ ਨੇ ਕਰੋੜਾਂ ਸਾਥੀਆਂ ਸਮੇਤ ਅੰਮ੍ਰਿਤਪਾਨ ਕਰਨ ਦੀਆਂ ਯੋਜਨਾਵਾਂ ਬਣਾਈਆਂ। ਬਿਪਰ ਆਗੂ 'ਮਹਾਤਮਾ' ਗਾਂਧੀ ਦੇ ਢਿੱਡ ਪੀੜ ਹੋਣ ਲੱਗ ਪਈ। ਉਸ ਨੇ ਤਾਂ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਇੱਧਰ ਸਿੱਖ ਆਗੂਆਂ ਵਿਚ ਵੀ ਕੁਝ ਅਜਿਹੇ ਸਨ, ਜਿਹਨਾਂ ਨੂੰ 'ਕੇਸਾ ਧਾਰੀ ਬਿਪਰ' ਹੀ ਕਿਹਾ ਜਾ ਸਕਦਾ ਹੈ। ਇਹਨਾਂ ਸਾਰਿਆਂ ਦੀਆਂ ਗੁੰਦੀਆਂ ਹੋਈਆਂ ਗੋਂਦਾਂ ਨੇ, ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਸੁਪਨਾ ਚਕਨਾਚੂਰ ਕਰ ਦਿੱਤਾ। ਕਾਲ-ਚੱਕਰ ਚਲਦਾ ਗਿਆ। ਬਹੁਤ ਕੁਝ ਅਜਿਹਾ ਵਾਪਰਦਾ ਰਿਹਾ, ਜਿਸ ਨੇ ਸਿੱਖਾਂ ਅਤੇ ਪੱਛੜੇ ਵਰਗਾਂ ਵਿਚਕਾਰ ਪਾੜੇ ਪਾਏ- ਦਿਲਾਂ ਦੀਆਂ ਦੂਰੀਆਂ ਵਧਾਈਆਂ।

ਫਿਰ ਚੜ੍ਹਿਆ 2014 ਦਾ ਮਹੀਨਾ ਜੂਨ। ਭਾਵੇਂ ਸਾਰਾ ਸਿੱਖ ਜਗਤ ਜੂਨ ਚੁਰਾਸੀ ਦੇ ਘੱਲੂਘਾਰੇ ਦੀ ਤੀਹਵੀਂ ਵਰ੍ਹੇਗੰਢ ਦੇ ਵੈਰਾਗਮਈ ਪ੍ਰੋਗਰਾਮਾਂ ਨੂੰ ਅੰਤਿਮ ਛੋਹਾਂ ਦੇ ਰਿਹਾ ਸੀ ਪਰ ਇਨ੍ਹਾਂ ਤਪਸ਼ ਭਰੇ ਦਿਨਾਂ ਵਿਚ, ਠੰਡੇ ਠਾਰ ਕਰ ਦੇਣ ਵਾਲੀ ਇਕ 'ਖੁਸ਼ ਖਬਰੀ' ਨੇ ਸਭ ਦਾ ਧਿਆਨ ਖਿੱਚਿਆ। ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਜੀ ਦੇ ਸਾਥੀ ਅਤੇ ਦੋ ਵਾਰ ਲੋਕ ਸਭਾ ਦੇ ਮੈਂਬਰ ਰਹੇ ਸ੍ਰੀ ਹਰਭਜਨ ਲਾਖਾ ਦੇ ਬਿਆਨ ਅਖ਼ਬਾਰਾਂ ਵਿਚ ਛਪੇ ਕਿ ਉਹ ਆਪਣੇ ਸਾਥੀਆਂ ਸਮੇਤ ਅੰਮ੍ਰਿਤਪਾਨ ਕਰਨ ਜਾ ਰਹੇ ਹਨ! ਉਹਨਾਂ ਐਲਾਨ ਕੀਤਾ ਕਿ ਉਹ ਛੇ ਜੂਨ ਵਾਲੇ ਇਤਿਹਾਸਕ ਦਿਨ 'ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤਪਾਨ ਕਰਨ ਉਪਰੰਤ ਇਕ ਲਹਿਰ ਚਲਾਉਣਗੇ। ਜਿਸਦਾ ਮਿਸ਼ਨ ਹੋਵੇਗਾ ਜਾਤਾਂ-ਪਾਤਾਂ ਦੇ ਸੰਗਲਾਂ ਨੂੰ ਤੋੜ ਕੇ, ਸਰਬੱਤ ਮਾਈ ਭਾਈ ਨੂੰ ਸਾਹਿਬ ਕਲਗੀਆਂ ਵਾਲੇ ਪਾਤਸ਼ਾਹ ਦੇ ਚਰਨੀਂ ਲਾਉਣਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਫਲਸਫੇ ਨੂੰ ਘਰ ਘਰ ਪਹੁੰਚਾਉਣ ਦਾ ਉਹਨਾਂ ਤਹੱਈਆ ਕਰ ਲਿਆ। ਅਖਬਾਰਾਂ ਵਿਚ ਚੋਣਵੇਂ ਸਾਥੀਆਂ ਨਾਲ ਉਹਨਾਂ ਦੀਆਂ ਤਸਵੀਰਾਂ ਵੀ ਛਪੀਆਂ। ਜਿਹਨਾਂ ਵਿਚ ਸ੍ਰੀ ਲਾਖਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਿਖਾਈ ਦੇ ਰਹੇ ਸਨ।

ਖਬਰ ਪੜ੍ਹ ਕੇ ਫੁੱਲ ਵਾਂਗ ਖਿੜੇ ਦਿਲ ਅਤੇ ਡੁੱਲ੍ਹ ਡੁੱਲ੍ਹ ਪੈਂਦੀਆਂ ਖੁਸ਼ੀਆਂ ਨਾਲ ਮੈਂ 'ਡਾ. ਅੰਬੇਦਕਰ ਸਿੱਖ ਫਾਊਂਡੇਸ਼ਨ' ਦੇ ਸਿਆਟਲ ਵਾਲੇ ਵੀਰਾਂ ਨੂੰ ਵਧਾਈਆਂ ਦਿ-ੱਤੀਆਂ। ਉਹ ਵੀ ਬਾਗੋ ਬਾਗ ਹੋ ਗਏ ਸਨ। ਇਸ ਕ੍ਰਾਂਤੀਕਾਰੀ ਐਲਾਨ ਦੀ ਖੁਸ਼ੀ ਮਾਣਦਿਆਂ, ਮੈਨੂੰ 1989 ਦਾ ਉਹ ਸਮਾਂ ਯਾਦ ਆਇਆ ਜਦੋਂ ਸ੍ਰੀ ਲਾਖਾ ਜੀ ਸਾਡੇ ਲੋਕ ਸਭਾ ਹਲਕਾ ਫਿਲੌਰ ਤੋਂ ਚੋਣ ਲੜ ਰਹੇ ਸਨ। ਪਿੰਡ ਦੁਪਾਲਪੁਰ ਮੇਰੇ ਗਰੀਬਖਾਨੇ ਉਹਨਾਂ ਚਾਹ ਪਾਣੀ ਛਕਦਿਆਂ ਢੇਰ ਸਾਰੀਆਂ ਗੱਲਾਂ ਕੀਤੀਆਂ ਸਨ। ਉਦੋਂ ਹੀ ਉਹਨਾਂ ਮੈਨੂੰ ਆਪਣੀ ਏਅਰ ਫੋਰਸ ਵਾਲੀ ਪੰਦਰਾਂ ਸਾਲ ਦੀ ਸਰਵਿਸ ਬਾਰੇ ਅਤੇ ਸ੍ਰੀ ਕਾਂਸ਼ੀ ਰਾਮ ਨਾਲ ਸਬੰਧਤ ਕਈ ਯਾਦਾਂ ਬਾਰੇ ਦੱਸਿਆ ਸੀ। ਉਹਨਾਂ ਦਾ ਪਿੰਡ ਕਰਨਾਣਾ ਮੇਰੇ ਸ਼੍ਰੋਮਣੀ ਕਮੇਟੀ ਚੋਣ ਹਲਕੇ ਵਿਚ ਪੈਂਦਾ ਹੋਣ ਕਰਕੇ, ਉਹਨਾਂ ਸੰਨ 1996 ਵਿਚ ਮੇਰੀ ਕਾਫੀ ਮਦਦ ਵੀ ਕੀਤੀ ਸੀ। ਮੈਨੂੰ ਉਹ ਕੁਸੈਲੇ ਪਲ ਵੀ ਯਾਦ ਆਏ ਜਦੋਂ ਸੰਨ 1999 ਵਿਚ ਨਵਾਂ ਸ਼ਹਿਰ ਦੇ 'ਭਾਈ ਹਿੰਮਤ ਸਿੰਘ ਯਾਦਗਾਰੀ ਭਵਨ' ਵਿਖੇ ਹੋਏ ਇਕ ਸਮਾਗਮ ਵਿਚ, ਮੇਰਾ ਉਹਨਾਂ ਨਾਲ ਤਿੱਖਾ ਬਹਿਸ ਮੁਬਹਿਸਾ ਵੀ ਹੋਇਆ ਸੀ। ਸਟੇਜ 'ਤੇ ਬੋਲਦਿਆਂ ਅੰਮ੍ਰਿਤ ਛਕਣ ਬਾਰੇ ਉਹਨਾਂ ਕੁਝ ਅਯੋਗ ਜਿਹਾ ਲਫਜ਼ ਬੋਲੇ ਸਨ। ਜਿਹਨਾਂ ਦਾ ਮੈਂ ਉਸ ਵੇਲੇ ਹੀ ਜਵਾਬ ਦਿੱਤਾ ਸੀ, ਪਰ ਉਹਨਾਂ ਵਡੱਪਣ ਦਿਖਾਉਂਦਿਆਂ ਹੋਇਆਂ ਗੁੱਸਾ ਕਰਨ ਦੀ ਬਜਾਏ, ਹੱਸਦਿਆਂ ਹੋਇਆਂ ਮੈਨੂੰ ਗਲਵੱਕੜੀ 'ਚ ਲੈ ਕੇ 'ਛੋਟਾ ਵੀਰ' ਆਖਿਆ ਸੀ।

ਖ਼ੈਰ, ਤਾਂਘ ਨਲ ਉਡੀਕਦਿਆਂ ਛੇ ਜੂਨ ਆਇਆ। ਇਸ ਦਿਨ ਸ਼ਾਮ ਨੂੰ ਖਬਰਾਂ ਸੁਣਦਿਆਂ ਪਤਾ ਲੱਗਾ ਕਿ ਸ੍ਰੀ ਅਕਾਲ ਤਖਤ ਸਾਹਿਬ 'ਤੇ ਡਾਂਗ-ਸੋਟਾ ਅਤੇ ਤਲਵਾਰ-ਬਾਜੀ ਦੇ ਆਪੋ ਵਿਚੀਂ ਹੀ 'ਜੌਹਰ' ਦਿਖਾਏ ਗਏ। ਵੱਡੀ ਉਤਸੁਕਤਾ ਨਾਲ ਦੂਜੇ ਦਿਨ ਸੱਤ ਜੂਨ ਦੀਆਂ ਅਖਬਾਰਾਂ ਪੜ੍ਹੀਆਂ। ਦਲਿਤ-ਪੁਣਾ ਵਗਾਹ ਕੇ ਮਾਰਦਿਆਂ ਗੁਰੂ ਕਾ ਲਾਡਲਾ ਸਿੰਘ ਬਣਨ ਵਾਲੇ ਸ. ਲਾਖਾ ਜੀ ਦੀ ਮਹੱਤਵਪੂਰਨ ਖਬਰ, ਪੁਜਾਰੀਆਂ ਦੇ ਹਉਮੈ ਭਰੇ ਪ੍ਰਗਟਾਵੇ ਦੇ ਭਾਰ ਥੱਲੇ ਦੱਬੀ ਪਈ ਸੀ! ਹਾਂ, ਕੁਝ ਅਖਬਾਰਾਂ ਵਿਚ ਛਪੀ ਫੋਟੋ ਦੱਸ ਰਹੀ ਸੀ ਕਿ ਸਰਦਾਰ ਹਰਭਜਨ ਸਿੰਘ ਲਾਖਾ 'ਚਮਕੇ ਸਿੰਘ ਭੁਜੰਗੀਏ ਨੀਲ ਅੰਮ੍ਰਿਤਧਾਰੇ' ਦਾ ਸਾਕਾਰ ਰੂਪ ਹੋਏ ਬੈਠੇ ਨੇ!

ਸਰਦਾਰ ਲਾਖਾ ਦੇ ਇਸ ਇਨਕਲਾਬੀ ਕਦਮ ਦੀਆਂ ਵਧਾਈਆਂ ਦਾ ਹਾਲੇ ਆਦਾਨ-ਪ੍ਰਦਾਨ ਹੀ ਚੱਲ ਰਿਹਾ ਸੀ ਕਿ ਚਾਰ ਦਿਨਾਂ ਬਾਅਦ ਹੀ 'ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ' ਦਾ ਭਾਣਾ ਵਰਤ ਗਿਆ। 'ਮਨ ਕੀ ਮਨ ਹੀ ਮਾਹਿ ਰਹੀ' ਅਨੁਸਾਰ ਸ. ਲਾਖਾ ਦੀਆਂ ਰੀਝਾਂ ਧਰੀਆਂ ਧਰਾਈਆਂ ਰਹਿ ਗਈਆਂ। ਕੁਦਰਤ ਦੇ ਅਜੀਬ ਵਰਤਾਰਿਆਂ ਵਿਚ ਇਕ ਅਧਿਆਇ ਹੋਰ ਜੁੜ ਗਿਆ। ਫੌਲਾਦੀ ਹੌਸਲੇ ਅਤੇ ਚੱਟਾਨ ਵਰਗੇ ਮਜ਼ਬੂਤ ਇਰਾਦੇ ਵਾਲੇ ਸ: ਲਾਖਾ ਦੇ ਬੇਵਕਤ ਚਲਾਣੇ ਨਾਲ ਪੈਣ ਵਾਲੇ ਕੌਮੀ ਘਾਟੇ ਬਾਰੇ ਸੋਚਦਾ ਹਾਂ। ਛੇ ਜੂਨ ਤੋਂ ਦਸ ਜੂਨ, ਸਿਰਫ ਚਾਰ ਦਿਨ! ਲਾਖਾ ਸਰਦਾਰ, ਉਮਰ ਲਿਖਾਈ ਦਿਨ ਚਾਰ!! ਸਦਮੇ ਵਿਚ ਡੁੱਬੇ ਦੇ ਬੁੱਲ੍ਹਾਂ 'ਤੇ ਆਪ ਮੁਹਾਰੇ ਇਕ ਸ਼ਿਅਰ ਆ ਗਿਆ-

'ਉਮਰੇ ਦਰਾਜ਼ ਮਾਂਗ ਕਰ, ਲਾਏ ਥੇ ਚਾਰ ਦਿਨ
ਦੋ ਆਰਜੂ ਮੇਂ ਕਟ ਗਏ, ਦੋ ਇੰਤਜ਼ਾਰ ਮੇਂ!'

ਸਿੱਖ ਸੱਭਿਆਚਾਰ ਮੁਤਾਬਕ ਸਰਦਾਰ ਹਰਭਜਨ ਸਿੰਘ ਦੇ 'ਹੁਕਮ ਰਜਾਈ' ਚਲੇ ਜਾਣ 'ਤੇ, ਜਿੱਥੇ ਅਰਦਾਸ ਕਰਨੀ ਬਣਦੀ ਹੈ ਕਿ ਵਾਹਿਗੁਰੂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ, ਉਥੇ ਉਹਨਾਂ ਦੇ ਅਰੰਭੇ ਮਿਸ਼ਨ ਨੂੰ ਅਗਾਂਹ ਤੋਰਨ ਵਾਲੇ ਕਿਸੇ ਮਰਦੇ ਮੁਜ਼ਾਹਿਦ ਦੀ ਉਡੀਕ ਵੀ ਕਰਦੇ ਹਾਂ!

# 001-408-915-1268

# ਸ੍ਰੀ ਹਰਭਜਨ ਲਾਖਾ ਦਾ 'ਹੱਡਾ ਰੋੜੀ ਤੋਂ ਪਾਰਲੀਮੈਂਟ ਤੱਕ' ਦਾ ਸਫ਼ਰ

## ਕਦੇ ਸਾਇਕਲ 'ਤੇ ਚੋਣ ਪ੍ਰਚਾਰ ਕਰਕੇ ਬਣੇ ਸੀ 'ਐਮ ਪੀ'


ਸੁਰਜੀਤ ਮਜਾਰੀ
98721 93237






1989 'ਚ ਲੋਕ ਸਭਾ ਚੋਣਾਂ ਦਾ ਪੰਜਾਬ 'ਚੋਂ ਪਹਿਲਾ ਨਤੀਜਾ ਸਾਹਮਣੇ ਆਇਆ ਸੀ ਤਾਂ ਬਹੁਜਨ ਸਮਾਜ ਪਾਰਟੀ 'ਚ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਹਰਭਜਨ ਲਾਖਾ ਤਾਤਕਲੀਨ ਲੋਕ ਸਭਾ ਹਲਕਾ ਫਿਲੌਰ ਤੋਂ ਵੱਡੇ ਫ਼ਰਕ ਨਾਲ ਐਮ ਪੀ ਚੁਣੇ ਗਏ ਸਨ। ਉਦੋਂ ਦੀ ਗੱਲ ਕਰਦਿਆਂ ਹਰਭਜਨ ਲਾਖਾ ਨੇ ਦੱਸਿਆ ਕਿ ਉਹਨਾਂ ਨੇ ਹਲਕੇ ਅੰਦਰ ਸਾਇਕਲ 'ਤੇ ਚੋਣ ਪ੍ਰਚਾਰ ਕੀਤਾ ਸੀ ਅਤੇ ਨਾ ਤਾਂ ਨਸ਼ਿਆਂ ਦਾ ਪ੍ਰਛਾਵਾਂ ਪੈਣ ਦਿੱਤਾ ਅਤੇ ਨਾ ਹੀ ਪੈਸਿਆਂ ਦੇ ਲਾਲਚ ਦਾ। ਉਹਨਾਂ ਅਨੁਸਾਰ ਜਦੋਂ ਮਿਸ਼ਨ 'ਸਮਾਜਿਕ ਪ੍ਰੀਵਰਤਨ ਅਤੇ ਆਰਥਿਕ ਮੁਕਤੀ' ਦਾ ਹੋਵੇ ਤਾਂ ਲੋਕਾਂ ਦਾ ਤੁਹਾਡੇ ਨਾਲ ਤੁਰਨਾ ਸੁਭਾਵਿਕ ਹੁੰਦਾ ਹੈ ਤੇ ਇਹੀ ਵਰਤਾਰਾ ਉਦੋਂ ਵਾਪਰਿਆ ਤੇ ਲੋਕਾਂ ਨੇ ਉਹਨਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਐਮ ਪੀ ਬਣ ਕੇ ਹਰਭਜਨ ਲਾਖਾ ਖੇਤਰ 'ਚੋਂ ਕਿਸੇ ਵਰਕਰ ਦਾ ਆਇਆ ਟੈਲੀਫੂਨ ਵੀ ਖੁਦ ਸੁਣਦੇ ਸਨ, ਘਰ ਦਫ਼ਤਰ ਆਏ ਲੋਕਾਂ ਨੂੰ ਵੀ ਸਿੱਧੇ ਮਿਲਦੇ ਸਨ। ਇਥੋਂ ਤੱਕ ਉਦੋਂ ਤੋਂ ਲੈ ਕੇ ਹੁਣ ਤੱਕ ਉਹਨਾਂ ਸਫ਼ਰ ਵੀ ਜ਼ਿਆਦਾਤਰ ਰੋਡਵੇਜ਼ ਦੀਆਂ ਬੱਸਾਂ 'ਚ ਹੀ ਕੀਤਾ। ਹੁਣ ਜਦੋਂ ਮਿਸ਼ਨ 'ਤੇ ਸਿਆਸਤ ਭਾਰੂ ਹੋਣ ਕਾਰਨ ਉਹ ਪਾਰਟੀ ਤੋਂ ਅਲੱਗ ਹਨ ਤੇ ਹੁਣ ਉਹਨਾਂ ਦੀਆਂ ਅੱਖਾਂ ਦੀ ਨਮੀ ਤੇ ਬੋਲਾਂ ਦੀ ਭਾਵੁਕਤਾ ਇਕ ਕਹਾਣੀ ਆਪ ਮੁਹਾਰੇ ਬਿਆਨ ਕਰਦੀ ਹੈ ਕਿ ਜਦੋਂ ਹੱਥੀਂ ਲਾਏ ਮਿਸ਼ਨ ਦੇ ਬੂਟੇ 'ਤੇ ਰਾਜਸੀ ਮਾਹੌਲ ਭਾਰੂ ਹੋ ਜਾਵੇ ਤਾਂ ਸਮਰਪਿਤ ਸੇਵਾਵਾਂ ਨਿਭਾ ਕੇ ਕੀਤੀ ਮਿਹਨਤ ਦੀਆਂ ਯਾਦਾਂ ਆਪਣੇ ਆਪ 'ਚ ਨਾਸੂਰ ਬਣ ਜਾਂ-ਦੀਆਂ ਹਨ। ਉਹਨਾਂ ਪਿੰਡ ਕਰਨਾਣਾ ਦੇ ਲਹਿੰਦੇ ਪਾਸੇ ਛੋਟੀ ਜਿਹੀ ਗਲੀ ਦੀ ਨੁੱਕਰ 'ਤੇ ਬਣਾਏ ਘਰ 'ਚੋਂ ਲੋਕ ਭਲਾਈ ਹਿੱਤ ਸਫ਼ਰ ਆਰੰਭ ਕੀਤਾ ਸੀ। ਇੱਕ ਨਹੀਂ ਸਗੋਂ ਦੋ ਵਾਰ ਐਮ ਪੀ ਬਣਨ ਵਾਲੇ ਹਰਭਜਨ ਲਾਖਾ ਦਾ ਸਧਾਰਨ ਪਹਿਰਾਵਾ, ਠੇਠ ਬੋਲ ਚਾਲ ਵੀ ਜ਼ਿਕਰਯੋਗ ਹੈ।

ਸਰਕਾਰੀ ਨੌਕਰੀ ਤਿਆਗ ਕੇ ਬਸਪਾ ਦੇ ਬੈਨਰ ਹੇਠ ਸੰਘਰਸ਼ ਕਰਨ ਵਾਲੇ ਹਰਭਜਨ ਲਾਖਾ ਨੇ ਲੰਬਾ ਸਮਾਂ ਪਾਰਟੀ ਬਾਨੀ ਸਾਹਿਬ ਕਾਸ਼ੀ ਰਾਮ ਨਾਲ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਸਾਇਕਲ ਮਾਰਚ ਕੀਤਾ ਅਤੇ ਪਾਰਟੀ ਪ੍ਰਧਾਨ ਕੁਮਾਰੀ ਮਾਇਆਵਤੀ ਨਾਲ ਜੇਲਾਂ ਕੱਟੀਆਂ। ਹੁਣ ਉਹਨਾ ਦੇ ਪੁੱਤਰਾਂ ਨੇ ਉੱਕਤ ਜੀਵਨ ਸੰਘਰਸ਼ ਸਬੰਧੀ ਇੱਕ ਵੀਡੀਓ ਦਸਤਾਵੇਜ 'ਹੱਡਾ ਰੋੜੀ ਤੋਂ ਪਾਰਲੀਮੈਟ ਤੱਕ' ਤਿਆਰ ਕਰਵਾਈ ਹੈ।

ਹਰਭਜਨ ਲਾਖਾ ਅਨੁਸਾਰ, '' ਰਾਜਨੀਤਿਕ ਪਾਰਟੀਆਂ ਦਾ ਗਠਨ ਲੋਕਾਂ ਲਈ ਕੰਮ ਕਰਨ ਵਾਲੇ ਨੁਮਾਇੰਦੇ ਬਣਾਉਣ ਲਈ ਹੁੰਦਾ ਹੈ ਪਰ ਅੱਜ ਜਿਸ ਕਦਰ ਸ਼ਰਮਾਏਦਾਰੀ, ਪਰਿਵਾਰਵਾਦ ਅਤੇ ਧੱਕੇਸ਼ਾਹੀ ਨੇ ਦੇਸ਼ ਦੀ ਰਾਜਸੀ ਪ੍ਰਕਿਰਿਆ ਨੂੰ ਤਾਰੋ ਤਾਰ ਕਰ ਦਿੱਤਾ ਹੈ, ਉਹ ਬਹੁਤ ਮੰਦਭਾਗਾ ਹੈ।''



-ਹਰਮੇਸ਼ ਜੱਸਲ
94644-83080

# ਬਹੁਗੁਣੀ ਸ਼ਖਸੀਅਤ: ਚਾਨਣ ਚਾਹਲ


ਸ੍ਰੀ ਚਾਨਣ ਚਾਹਲ ਦਾ ਜਨਮ 13 ਜੂਨ, 1946 ਨੂੰ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਨਵਾਲੀਪੁਰ ਵਿਖੇ ਸ਼੍ਰੀਮਤੀ ਬਿੱਸੋ ਅਤੇ ਸ਼੍ਰੀ ਧੰਨਾ ਰਾਮ ਚਾਹਲ ਦੇ ਘਰ ਹੋਇਆ। ਦੂਜੇ ਅਛੂਤ ਪਰਿਵਾਰਾਂ ਵਾਂਗ ਇਹ ਪਰਿਵਾਰ ਵੀ ਚਮੜੇ ਦਾ ਕੰਮ ਕਰਦਾ ਸੀ। ਆਪਣੀ ਆਰਥਿਕ ਹਾਲਤ ਸੁਧਾਰਨ ਖਾਤਰ ਸ੍ਰੀ ਧੰਨਾ ਰਾਮ ਚਾਹਲ ਚਮੜੇ ਦੇ ਵਪਾਰ ਦੇ ਸਬੰਧ 'ਚ ਕਲਕੱਤਾ ਚਲੇ ਗਏ, ਜਿੱਥੇ ਪਹਿਲਾਂ ਹੀ ਬਹੁਤ ਸਾਰੇ ਪੰਜਾਬੀ ਇਸ ਕੰਮ 'ਚ ਲੱਗੇ ਹੋਏ ਸਨ। ਇੱਥੇ ਹੀ ਧੰਨਾ ਰਾਮ ਚਾਹਲ ਨੇ ਕੁਝ ਪੈਸੇ ਇਕੱਠੇ ਕੀਤੇ ਅਤੇ ਹੋਰ ਦਲਿਤਾਂ ਵਾਂਗ ਵਲੈਤ ਜਾਣ ਦਾ ਇਰਾਦਾ ਬਣਾਇਆ ਅਤੇ 1950 ਦੇ ਆਸ-ਪਾਸ ਯੂ. ਕੇ. ਚਲੇ ਗਏ। ਸੰਨ 1962 ਦੇ ਨੇੜੇ ਤੇੜੇ ਸ੍ਰੀ ਧੰਨਾ ਰਾਮ ਚਾਹਲ ਨੇ ਆਪਣਾ ਪਰਿਵਾਰ ਕੋਲ ਬੁਲਾ ਲਿਆ ਅਤੇ ਬੈਡਫੋਰਡ ਵਿਖੇ ਰਹਿਣ ਲੱਗ ਪਏ। ਸ੍ਰੀ ਚਾਨਣ ਚਾਹਲ ਉਦੋਂ ਅੱਠਵੀਂ ਕਲਾਸ 'ਚ ਪੜ੍ਹਦਾ ਸੀ ਅਤੇ ਮਸਾਂ 14 ਕੁ ਸਾਲ ਦਾ ਹੋਵੇਗਾ ਜਦੋਂ ਉਹ ਇੰਗਲੈਂਡ ਪੁੱਜਾ। ਇੱਥੇ ਉਸਨੇ ਪੜ੍ਹਾਈ ਦੇ ਨਾਲ-ਨਾਲ ਫੋਟੋਗ੍ਰਾਫੀ ਦਾ ਡਿਪਲੋਮਾ ਲੰਡਨ ਦੇ ਗਿਲਡ ਕਾਲਜ ਤੋਂ ਕੀਤਾ ਅਤੇ ਪ੍ਰੋਫੈਸ਼ਨਲ ਫੋਟੋਗ੍ਰਾਫਰ ਬਣ ਗਏ।

ਉਮਰ ਦੇ ਤਕਾਜ਼ੇ ਨਾਲ ਵਿਚਾਰ ਬਦਲਣੇ ਸ਼ੁਰੂ ਹੋਏ ਅਤੇ ਸਮਾਜ ਸੁਧਾਰ ਦੀ ਲਗਨ ਲੱਗ ਗਈ। ਸਭ ਤੋਂ ਪਹਿਲਾਂ ਉਸਨੇ ਆਪਣੇ ਕੁਝ ਸਾਥੀਆਂ ਨੂੰ ਇਕੱਠਾ ਕਰਕੇ 1970 ਵਿਚ ਸ਼੍ਰੀ ਗੁਰੂ ਰਵਿਦਾਸ ਸਭਾ ਬੈਡਫੋਰਡ ਬਣਾਈ ਅਤੇ ਗੁਰੂ ਰਵਿਦਾਸ ਗੁਰਦੁਆਰੇ ਦਾ ਨਿਰਮਾਣ ਕੀਤਾ। ਫਿਰ ਯੂ. ਕੇ. ਦੀਆਂ ਹੋਰ ਗੁਰੂ ਰਵਿਦਾਸ ਸਭਾਵਾਂ ਨੂੰ ਇਕੱਠਾ ਕਰਕੇ ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ. ਬਣਾਈ ਅਤੇ ਉਸਦੇ ਪਹਿਲੇ ਜਨਰਲ ਸਕੱਤਰ ਬਣੇ। ਦਲਿਤ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਇਹਨਾਂ ਦਾ ਮੁਢਲਾ ਕੰਮ ਸੀ।

ਡਾ. ਅੰਬੇਦਕਰ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਕਰਨ ਲੱਗੇ ਕਿ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਸਹੀ ਹੱਲ, ਜੇਕਰ ਕਿਸੇ ਕੋਲ ਹੈ ਤਾਂ ਉਹ ਡਾ. ਅੰਬੇਦਕਰ ਹਨ ਅਤੇ ਇਸ ਤੋਂ ਬਾਅਦ ਉਨ੍ਹਾਂ ਡਾ. ਅੰਬੇਦਕਰ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਸ੍ਰੀ ਚਾਨਣ ਚਾਹਲ, ਡਾ. ਅੰਬੇਦਕਰ ਦੇ ਮਿਸ਼ਨ ਨੂੰ ਪੂਰਾ ਕਰਨ ਹਿੱਤ ਆਪਣੇ ਆਖਰੀ ਸਾਹਾਂ ਤੱਕ ਗਰਮਜੋਸ਼ੀ ਨਾਲ ਲੱਗੇ ਰਹੇ।

ਸੰਨ 1972 'ਚ ਉਨ੍ਹਾਂ ਭੀਮ ਐਸੋਸੀਏਸ਼ਨ ਦਾ ਗਠਨ ਕੀਤਾ, ਜੋ ਹੁਣ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਬੈਡਫੋਰਡ ਦੇ ਨਾਂ ਨਾਲ ਸ਼ਲਾਘਾਯੋਗ ਕੰਮ ਕਰ ਰਹੀ ਹੈ। ਇਸ ਸੁਸਾਇਟੀ ਨੇ ਕੀ-ਕੀ ਕੰਮ ਕੀਤੇ ਇਹ ਇਕ ਅਲੱਗ ਵਿਸ਼ਾ ਹੈ, ਜੋ ਵੱਖਰੇ ਲੇਖ ਦੀ ਮੰਗ ਕਰਦਾ ਹੈ ਪਰ ਇੰਨਾ ਜ਼ਰੂਰ ਹੈ ਕਿ ਸ੍ਰੀ ਚਾਨਣ ਚਾਹਲ ਜੀਵਨ ਭਰ ਇਸਦੇ ਮੈਂਬਰ ਰਹੇ ਅਤੇ ਇਸ ਦੀ ਅਗਵਾਈ ਕੀਤੀ।

ਭਾਰਤ 'ਚ ਦਲਿਤਾਂ ਉਪਰ ਹੋ ਰਹੇ ਅੱਤਿਆਚਾਰਾਂ ਨੂੰ ਅੰਤਰ ਰਾਸ਼ਟਰੀ ਪੱਧਰ ਉਪਰ ਪ੍ਰਚਾਰਨ ਅਤੇ ਭਾਰਤ ਸਰਕਾਰ ਉਪਰ ਦਬਾਅ ਪਾਉਣ ਲਈ 1976 'ਚ ਰਿਪਬਲਿਕਨ ਗਰੁੱਪ ਆਫ ਗ੍ਰੇਟ ਬ੍ਰਿਟੇਨ ਨਾਮਕ ਸੰਸਥਾ ਬਣਾ ਕੇ ਜ਼ੋਰਦਾਰ ਮੁਜ਼ਾਹਰੇ ਕੀਤੇ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਅਤੇ ਹਾਈ ਕਮਿਸ਼ਨ ਆਫ ਇੰਡੀਆ ਨੂੰ ਮੰਗ ਪੱਤਰ ਦੇ ਕੇ ਦਲਿਤਾਂ ਉਪਰ ਹੋ ਰਹੇ ਅੱਤਿਆਚਾਰਾਂ ਨੂੰ ਰੋਕਣ ਦੀ ਮੰਗ ਕੀਤੀ। ਇਨ੍ਹਾਂ ਨੇ ਮਹਿਸੂਸ ਕੀਤਾ ਕਿ ਕਿਸੇ ਲਹਿਰ ਨੂੰ ਕਾਮਯਾਬ ਕਰਨ ਅਤੇ ਆਪਣੀਆਂ ਮੰਗਾਂ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਉਣ ਲਈ ਅਖ਼ਬਾਰ ਦਾ ਹੋਣਾ ਜ਼ਰੂਰੀ ਹੈ। ਇਹ ਸੋਚ ਕੇ 1984 'ਚ 'ਕਿਰਤੀ ਪਬਲਿਕੇਸ਼ਨ ਟਰੱਸਟ' ਬਣਾਇਆ ਅਤੇ ਗਦਰੀ ਬਾਬਿਆਂ ਦੀ ਵਿਰਾਸਤ 'ਕਿਰਤੀ' ਅਖਬਾਰ ਨੂੰ ਦੁਬਾਰਾ ਚਾਲੂ ਕੀਤਾ ਅਤੇ ਸ੍ਰੀ ਹਰਮੇਸ਼ ਜੱਸਲ ਨੂੰ ਹਫਤਾਵਾਰ 'ਕਿਰਤੀ' ਦਾ ਸੰਪਾਦਕ ਬਣਾਇਆ ਗਿਆ। ਤਿੰਨ ਸਾਲ ਇਸ ਪੇਪਰ ਦੁਆਰਾ ਅੰਬੇਦਕਰ ਮਿਸ਼ਨ, ਦਲਿਤਾਂ, ਗਰੀਬਾਂ, ਕਿਰਤੀ-ਕਿਸਾਨਾਂ-ਮਜ਼ਦੂਰ ਦਾ ਪੱਖ ਦ੍ਰਿੜ੍ਹਤਾ ਨਾਲ ਪੇਸ਼ ਕੀਤਾ।



ਚਾਨਣ ਚਾਹਲ

ਜਿਉਂ-ਜਿਉਂ ਇਨ੍ਹਾਂ ਨੇ ਹਿੰਦੂ ਧਰਮ ਦਾ ਅਧਿਐਨ ਕੀਤਾ, ਇਹਨਾਂ ਦਾ ਵਿਸ਼ਵਾਸ ਡੋਲਦਾ ਗਿਆ। ਇਹਨਾਂ ਨੇ ਡਾ. ਅੰਬੇਦਕਰ ਦੇ ਵਿਸ਼ਲੇਸ਼ਣ ਤੋਂ ਜਾਣਿਆ ਕਿ ਹਿੰਦੂ ਧਰਮ ਹੀ ਦਲਿਤਾਂ ਦੀ ਗੁਲਾਮੀ ਦਾ ਕਾਰਨ ਹੈ। ਇਨ੍ਹਾਂ ਨੇ ਹਿੰਦੂ ਧਰਮ ਤਿਆਗ ਕੇ ਬੁੱਧ ਧਰਮ ਅਪਣਾਉਣ ਦਾ ਫੈਸਲਾ ਕਰ ਲਿਆ ਅਤੇ 'ਮੈਂ ਹਿੰਦੂ ਕਿਉਂ ਨਹੀਂ?' ਪ੍ਰਸਿੱਧ ਪੁਸਤਕ ਲਿਖੀ ਜਿਸ 'ਚ ਹਿੰਦੂ ਧਰਮ ਅਤੇ ਬੁੱਧ ਧਰਮ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਹੁਣ ਤੱਕ ਇਸ ਪੁਸਤਕ ਦੇ ਕਈ ਸੰਸਕਰਨ ਛਪ ਚੁੱਕੇ ਹਨ। 1987 'ਚ ਆਪਣੇ ਸਾਥੀਆਂ ਸਮੇਤ ਬੁੱਧ ਧਰਮ ਗ੍ਰਹਿਣ ਕਰਕੇ ਹਿੰਦੂ ਧਰਮ ਨੂੰ ਤਿਲਾਂਜਲੀ ਦੇ ਦਿੱਤੀ।

ਸੰਨ 1989 'ਚ ਇਨ੍ਹਾਂ ਨੇ ਯੂ. ਕੇ. ਦੀਆਂ ਅੰਬੇਦਕਰੀ ਅਤੇ ਬੋਧੀ ਸੰਸਥਾਵਾਂ ਨੂੰ ਇਕ ਪਲੇਟ ਫਾਰਮ ਉਪਰ ਇਕੱਠਾ ਕਰਕੇ ਇਕ ਵਿਸ਼ਾਲ ਜਥੇਬੰਦੀ ਕਾਇਮ ਕਰਨ ਦੀ ਯੋਜਨਾ ਬਣਾਈ ਅਤੇ 'ਫੈਡਰੇਸ਼ਨ ਆਫ ਅੰਬੇਡਕਰਾਈਟਸ ਐਂਡ ਬੁੱਧਿਸਟ ਆਰਗੇਨਾਈਜੇਸ਼ਨ' ਦਾ ਜਨਮ ਹੋਇਆ। ਇਸ ਸੰਸਥਾ ਨੇ ਸ੍ਰੀ ਚਾਨਣ ਚਾਹਲ ਦੀ ਪ੍ਰਧਾਨਗੀ ਹੇਠ ਵਿਸ਼ਵ ਪੱਧਰ ਉਪਰ ਡਾ. ਅੰਬੇਦਕਰ ਅਤੇ ਬੁੱਧ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।

1991 'ਚ ਬਾਬਾ ਸਾਹਿਬ ਡਾ. ਅੰਬੇਦਕਰ ਦੀ ਜਨਮ ਸ਼ਤਾਬਦੀ ਨੂੰ ਵਿਸ਼ਵ ਪੱਧਰ ਉਪਰ ਮਨਾਉਣ ਦਾ ਫੈਸਲਾ ਲਿਆ ਅਤੇ 'ਡਾ. ਅੰਬੇਦਕਰ ਸੈਂਟੀਨਰੀ ਸੈਲੀਬ੍ਰੇਸ਼ਨ ਕਮੇਟੀ ਯੂ. ਕੇ.' ਬਣਾਈ। ਸ਼ਤਾਬਦੀ ਵਰ੍ਹੇ ਦੌਰਾਨ ਇਸ ਕਮੇਟੀ ਨੇ ਖੂਬ ਪ੍ਰਚਾਰ ਕੀਤਾ- ਸੋਵੀਨਰ ਪ੍ਰਕਾਸ਼ਿਤ ਕੀਤੇ ਗਏ, ਅਖ਼ਬਾਰਾਂ ਨੂੰ ਲੇਖ ਅਤੇ ਇਸ਼ਤਿਹਾਰ ਭੇਜੇ ਗਏ। ਰੇਡੀਓ ਅਤੇ ਟੀ. ਵੀ. ਉਪਰ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਗਿਆ। ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਬਾਬਾ ਸਾਹਿਬ ਉਪਰ ਫਿਲਮ, ਡਾਕੂਮੈਂਟਰੀਆਂ ਅਤੇ ਕੈਸਟਾਂ ਜਾਰੀ ਕੀਤੀਆਂ। ਬਾਬਾ ਸਾਹਿਬ ਨਾਲ ਸਬੰਧਤ ਵਿਸ਼ੇਸ਼ ਤੇ ਪ੍ਰਸਿੱਧ ਥਾਂਵਾਂ ਜਿਵੇਂ ਹਾਊਸ ਆਫ ਕਾਮਨਜ਼, ਗ੍ਰੇਜ਼ਇਨ, ਲੰਡਨ ਸਕੂਲ ਆਫ ਇਕਨਾਮਿਕਸ, ਆਫਿਸ ਆਫ ਕਾਮਨਵੈਲਥ ਕੰਟਰੀਜ਼ ਵਿਖੇ- ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਗਏ, ਜਿਹਨਾਂ ਵਿਚ ਵਿਸ਼ਵ ਪ੍ਰਸਿੱਧ ਸ਼ਖਸੀਅਤਾਂ ਨੂੰ ਡਾ. ਅੰਬੇਦਕਰ ਦੀ ਵਿਚਾਰਧਾਰਾ ਉਪਰ ਆਪਣੇ ਵਿਚਾਰ ਰੱਖਣ ਲਈ ਬੁਲਾਇਆ ਗਿਆ। ਇੰਡੀਆ ਤੋਂ ਉਸ ਵਕਤ ਦੇ ਪ੍ਰਧਾਨ ਮੰਤਰੀ ਸ੍ਰੀ ਵੀ. ਪੀ. ਸਿੰਘ ਅਤੇ ਰਾਮਵਿਲਾਸ ਪਾਸਵਾਨ ਉਚੇਚੇ ਤੌਰ ਤੇ ਲੰਡਨ ਪਧਾਰੇ ਸਨ। ਕਮੇਟੀ ਨੇ ਉਹਨਾਂ ਹਸਤੀਆਂ ਨੂੰ 'ਭੀਮ ਰਤਨ' ਐਵਾਰਡ ਦੇ ਕੇ ਸਨਮਾਨਿਤ ਕਰਨ ਦਾ ਫੈਸਲਾ ਲਿਆ, ਜਿਹਨਾਂ ਨੇ ਡਾ. ਅੰਬੇਦਕਰ ਦੇ ਮਿਸ਼ਨ ਨੂੰ ਪ੍ਰਚਾਰਨ 'ਚ ਉੱਘਾ ਯੋਗਦਾਨ ਪਾਇਆ ਸੀ। ਕਮੇਟੀ ਨੇ ਯੂ. ਕੇ. ਤੋਂ ਇਲਾਵਾ ਮੁੰਬਈ ਅਤੇ ਦਿੱਲੀ ਵਿਖੇ ਸਮਾਗਮ ਕਰਕੇ ਅੰਬੇਡਕਰੀ- ਪੈਰੋਕਾਰਾਂ ਨੂੰ 'ਭੀਮ ਰਤਨ ਐਵਾਰਡ' ਦਿੱਤੇ। ਸਭ ਤੋਂ ਮਹੱਤਵਪੂਰਨ ਕੰਮ ਜੋ ਇਸ ਸੰਸਥਾ ਨੇ ਕੀਤਾ ਉਹ ਸੀ- ਬਾਬਾ ਸਾਹਿਬ ਦੇ ਬੁੱਤ-ਇੰਡੀਆ ਹਾਊਸ, ਲੰਡਨ ਸਕੂਲ ਆਫ ਇਕਨਾਮਿਕਸ, ਕੋਲੰਬੀਆ ਯੂਨੀਵਰਸਿਟੀ, ਸਾਈਮਨ ਫਰੇਜ਼ਰ ਯੂਨੀਵਰਸਿਟੀ ਵੈਨਕੂਵਰ 'ਚ ਲਾਏ ਗਏ। ਜਰਮਨ ਦੀ ਇੰਡੀਅਨ ਅੰਬੈਸੀ 'ਚ ਬਾਬਾ ਸਾਹਿਬ ਦਾ ਪੋਰਟਰੇਟ ਲਾਇਆ ਗਿਆ। ਬਾਬਾ ਸਾਹਿਬ ਦੇ ਰਿਹਾਇਸ਼ੀ ਘਰ 10 ਕਿੰਗ ਹੈਨਰੀ ਰੋਡ ਵਿਖੇ 6 ਦਸੰਬਰ 1991 ਨੂੰ ਨੇਮ ਪਲੇਟ ਲਾਈ ਗਈ, ਜਿੱਥੇ ਬਾਬਾ ਸਾਹਿਬ 1921-22 ਦੌਰਾਨ ਰਹਿੰਦੇ ਸੀ।

ਆਪ ਇਕ ਅੰਤਰ ਰਾਸ਼ਟਰੀ ਪ੍ਰਭਾਵਸ਼ਾਲੀ ਬੁਲਾਰੇ ਅਤੇ ਗੋਸ਼ਟੀਵਾਨ ਸਨ। ਵਿਸ਼ਵ ਦੇ ਕਿਸੇ ਕੋਨੇ ਤੋਂ ਵੀ ਬਾਬਾ ਸਾਹਿਬ ਉਪਰ ਵਿਚਾਰ ਰੱਖਣ ਦਾ ਸੱਦਾ ਆਇਆ ਤਾਂ ਹਥਲੇ ਸਾਰੇ ਕੰਮ ਛੱਡ ਕੇ, ਆਪਣੀ ਸਿਹਤ ਅਤੇ ਪਰਿਵਾਰ ਦੀ ਪਰਵਾਹ ਨਾ ਕਰਕੇ, ਉਥੇ ਪੁੱਜੇ ਅਤੇ ਬਾਬਾ ਸਾਹਿਬ ਦੀ ਵਿਚਾਰਧਾਰਾ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਯੂਨੈਸਕੋ ਦੀ ਪੈਰਿਸ ਕਾਨਫਰੰਸ 'ਚ ਦਲਿਤਾਂ ਦੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕੀਤੀ ਅਤੇ ਦਲਿਤਾਂ ਦਾ ਮੁੱਦਾ ਵਿਸ਼ਵ ਪੱਧਰ ਤੱਕ ਉਠਾਉਣ ਲਈ ਅਮਰੀਕਾ, ਕੈਨੇਡਾ, ਇਟਲੀ ਆਦਿ ਦੇਸ਼ਾਂ ਦੇ ਦੌਰੇ ਕੀਤੇ। ਮਈ 2003 'ਚ ਆਪਣੇ ਸਾਥੀਆਂ ਸਮੇਤ ਦਲਿਤ ਇੰਟਰਨੈਸ਼ਨਲ ਕਾਨਫਰੰਸ ਵੈਨਕੂਵਰ 'ਚ ਉੱਘਾ ਰੋਲ ਅਦਾ ਕੀਤਾ ਅਤੇ 14 ਅਕਤੂਬਰ, 2004 ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ, ਵੈਨਕੂਵਰ (ਕੈਨੇਡਾ) ਵਿਖੇ ਬਾਬਾ ਸਾਹਿਬ ਦਾ ਪੁੱਤ ਲਾਇਆ ਅਤੇ ਡਾ. ਅੰਬੇਦਕਰ ਅਤੇ ਉਸਦੀ ਮਨੁੱਖੀ ਅਧਿਕਾਰਾਂ ਨੂੰ ਦੇਣ ਵਿਸ਼ੇ ਉਪਰ ਪੇਪਰ ਪੜ੍ਹਿਆ। ਭਾਰਤ 'ਚ ਜਿੰਨੀ ਦੇਰ ਵੀ ਹੁੰਦੇ, ਕਦੀ ਟਿਕ ਕੇ ਨਹੀਂ ਬੈਠਦੇ ਸਨ: ਮੀਟਿੰਗਾਂ, ਬੈਠਕਾਂ, ਗੋਸ਼ਟੀਆਂ ਅਤੇ ਕਾਨਫਰੰਸਾਂ 'ਚ ਮੁੱਖ ਬੁਲਾਰੇ ਹੁੰਦੇ। ਬਾਮਸੇਫ ਦੀਆਂ ਮੁੰਬਈ ਅਤੇ ਅਹਿਮਦਾਬਾਦ ਦੀਆਂ ਕਾਨਫਰੰਸਾਂ ਦਾ ਉਦਘਾਟਨ ਕੀਤਾ ਅਤੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਪੰਜਾਬ 'ਚ ਬੁੱਧ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ 28 ਮਾਰਚ, 2004 ਨੂੰ 'ਪੰਜਾਬ ਬੁੱਧਿਸਟ ਸੁਸਾਇਟੀ ਯੂ. ਕੇ.' ਦਾ ਗਠਨ ਕੀਤਾ। ਇਸ ਦੀ ਇਕ ਸਹਾਇਕ ਸੰਸਥਾ 'ਪੰਜਾਬ ਬੁੱਧਿਸਟ ਸੁਸਾਇਟੀ ਪੰਜਾਬ' ਬਣਾਈ ਗਈ। ਪੰਜਾਬ ਬੁੱਧਿਸਟ ਸੁਸਾਇਟੀ ਯੂ. ਕੇ., ਭਿੱਖੂ ਸੰਘ ਪੰਜਾਬ, ਪੰਜਾਬ ਬੁੱਧਿਸਟ ਸੁਸਾਇਟੀ, ਪੰਜਾਬ ਦੇ ਸਹਿਯੋਗ ਅਤੇ ਭੰਤੇ ਚੰਦਰਾ ਬੋਧੀ ਦੀ ਪ੍ਰਧਾਨਗੀ, ਸ੍ਰੀ ਚਾਨਣ ਚਾਹਲ ਦੀ ਵਾਈਸ-ਪ੍ਰਧਾਨਗੀ ਹੇਠ ਲੁਧਿਆਣਾ ਦੇ ਪਿੰਡ ਕਾਦੀਆਂ ਵਿਖੇ ਲੱਗਭੱਗ 2 ਕਰੋੜ ਰੁਪਏ ਦੀ ਲਾਗਤ ਨਾਲ 'ਤਕਸ਼ਿਲਾ ਮਹਾਂ ਬੁੱਧ ਵਿਹਾਰ' ਦਾ ਨਿਰਮਾਣ ਹੋਇਆ, ਜਿੱਥੇ ਸ੍ਰੀ ਰਾਮਪਾਲ 'ਰਾਹੀ' ਨੇ ਤਕਰੀਬਨ 10 ਲੱਖ ਰੁਪਏ ਦੀ ਲਾਗਤ ਨਾਲ 'ਸਾਂਚੀ ਸਤੂਪ ਗੇਟ' ਦਾ ਨਿਰਮਾਣ ਕਰਵਾਇਆ। ਤਕਸ਼ਿਲਾ ਮਹਾਂਬੁੱਧ ਵਿਹਾਰ ਦਾ ਉਦਘਾਟਨ 6 ਅਕਤੂਬਰ, 2006 ਨੂੰ ਹੋਇਆ ਅਤੇ 8 ਅਕਤੂਬਰ, 2006 ਨੂੰ ਲੋਕਾਂ ਲਈ ਖੋਲ੍ਹਿਆ ਗਿਆ। ਇੱਥੇ ਪੰਜਾਬ ਦੀ ਪਹਿਲੀ 'ਸੀਮਾ' ਹੈ, ਜਿੱਥੇ ਭਿਕਸ਼ੂ ਬਣਾ ਕੇ, ਟ੍ਰੇਨਿੰਗ ਦਿੱਤੀ ਜਾਂਦੀ ਹੈ।

ਉਹ ਜਾਤੀਵਾਦ ਦੇ ਕੱਟੜ ਵਿਰੋਧੀ ਸਨ। 'ਜਾਤ' ਵਿਸ਼ੇ ਦੇ ਉਹ ਮਾਹਿਰ ਮੰਨੇ ਜਾਂਦੇ ਸਨ। ਸੰਨ 2009 'ਚ ਉਹਨਾਂ ਨੇ 'ਹਿੰਦੂ ਕੌਂਸਲ ਯੂ. ਕੇ.' ਦੀ ਰਿਪੋਰਟ ਦਾ ਢੁਕਵਾਂ ਜਵਾਬ 'ਦੀ ਈਵਲ ਆਫ ਕਾਸਟ' ਨਾਮਕ ਰਿਪੋਰਟ ਰਾਹੀਂ ਦਿੱਤਾ, ਜਿਸ ਨੂੰ 'ਫ਼ੈਬੋ' ਅਤੇ 'ਡੀ. ਐਸ. ਐਨ' ਨੇ ਮਿਲ ਕੇ ਪ੍ਰਕਾਸ਼ਿਤ ਕੀਤਾ ਅਤੇ 'ਹਾਊਸ ਆਫ ਕਾਮਨਜ਼' ਵਿਚ ਜਾਰੀ ਕੀਤੀ। ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ 'ਜਾਤੀਵਾਦ' ਦੇ ਬੀਜ ਪੂਰੇ ਵਿਸ਼ਵ 'ਚ ਫੈਲ ਚੁੱਕੇ ਹਨ ਅਤੇ ਮਨੁੱਖੀ ਬਰਾਬਰੀ ਉਪਰ ਮਾਰੂ ਅਸਰ ਪਾ ਰਹੇ ਹਨ। ਹੁਣ ਯੂ. ਕੇ. 'ਚ ਵੀ ਇਸਦਾ ਹਮਲਾ ਹੋ ਚੁੱਕਾ ਹੈ। ਇਸ ਲਈ ਇਸ ਬਿਮਾਰੀ ਨਾਲ ਨਿਪਟਣ ਲਈ ਸਿੰਗਲ ਇਕੁਇਲਟੀ ਬਿਲ ਵਿਚ ਕਾਸਟ ਡਿਸਕ੍ਰਿਮੀਨੇਸ਼ਨ ਦੀ ਮੱਦ ਰੱਖੀ ਜਾਵੇ। ਇਹ ਰਿਪੋਰਟ ਚਾਨਣ ਚਾਹਲ ਦੀ ਆਖਰੀ ਰਿਪੋਰਟ ਹੋ ਨਿੱਬੜੀ ਕਿਉਂਕਿ ਇਹ ਰਿਪੋਰਟ ਉਹਨਾਂ ਬਿਮਾਰੀ ਦੀ ਹਾਲਤ 'ਚ ਹਸਪਤਾਲ ਦੇ ਬੈਡ ਉਪਰ ਹੀ ਤਿਆਰ ਕੀਤੀ ਸੀ।

ਉਹਨਾਂ ਦੇ ਸਾਥੀਆਂ ਨੇ ਕੌਮ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ- ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਅਤੇ ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁਧਿਸਟ ਆਰਗੇਨਾਈਜੇਸ਼ਨ ਵੱਲੋਂ 'ਲਾਈਫ ਟਾਈਮ ਅਚੀਵਮੈਂਟ' ਐਵਾਰਡ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ। 30 ਮਈ 2009 ਨੂੰ ਵੂਲਵਰਹੈਂਪਟਨ ਵਿਖੇ ਆਪਣੇ ਸਨਮਾਨ ਸਮਾਰੋਹ ਵਿਚ ਬੋਲਦਿਆਂ, ਉਹਨਾਂ ਰੋਹ ਭਰੇ ਅੰਦਾਜ਼ ਵਿਚ ਆਪਣੇ ਧੱਮ ਬੰਧੂਆਂ ਨਾਲ ਸ਼ਿਕਵਾ ਕੀਤਾ ''ਏਕਲਵਿਆ ਤੋਂ ਲੈ ਕੇ ਹੁਣ ਤੱਕ ਦੂਸਰੀਆਂ ਜਾਤਾਂ ਸਾਡੇ ਨਾਲ ਉਹੀ ਵਿਵਹਾਰ ਕਰਦੀਆਂ ਆ ਰਹੀਆਂ ਹਨ ਪਰ ਅਸੀਂ ਇਤਿਹਾਸ ਤੋਂ ਕੋਈ ਸਬਕ ਨਹੀਂ ਸਿੱਖਿਆ। ਅਸੀਂ ਡਾ. ਬਾਬਾ ਸਾਹਿਬ ਅੰਬੇਦਕਰ ਦੇ ਸੁਨੇਹੇ ਨੂੰ ਨਹੀਂ ਅਪਣਾਇਆ। ਸਾਨੂੰ ਆਪਣੀ ਗਿਣਤੀ ਅਤੇ ਵਿਦਵਤਾ 'ਚ ਵਾਧਾ ਕਰਨਾ ਚਾਹੀਦਾ ਹੈ। ਅਸੀਂ ਕਿਸੇ ਦੇ ਘਰ 'ਚ ਪਨਾਹ ਨਹੀਂ ਲੈ ਸਕਦੇ, ਜੋ ਕਦੀ ਵੀ ਸਾਡਾ ਨਹੀਂ ਹੋ ਸਕਦਾ, ਇਸ ਲਈ ਸਾਨੂੰ ਆਪਣਾ ਘਰ ਤਿਆਰ ਕਰਨਾ ਚਾਹੀਦਾ ਹੈ।''




Picture courtesy: Seth Kishan Dass (Babu Mangu Ram Mugowalia Souvenir 1985 by Mr. C. L. Chumber)

**ਆਦਿ ਧਰਮ ਮੰਡਲ ਦੇ ਪਹਿਲੀ ਵਿਧਾਨ ਸਭਾ (1937) ਵਿਚ ਪਹਿਲੇ ਵਿਧਾਇਕ**

(ਖੱਬੇ ਤੋਂ ਸੱਜੇ) ਪਹਿਲੀ ਕਤਾਰ ਵਿਚ (ਆਖਰੀ ਤਿੰਨ) ਸ੍ਰੀ ਗੋਪਾਲ ਸਿੰਘ ਖਾਲਸਾ, ਸੇਠ ਕ੍ਰਿਸ਼ਨ ਦਾਸ, ਚੌਧਰੀ ਚੁਗਲ ਕਿਸ਼ੋਰ

6ਵੀਂ ਕਤਾਰ ਵਿਚ ਸ੍ਰੀ ਮੂਲਾ ਸਿੰਘ (ਅੱਠਵੀਂ ਕਤਾਰ ਵਿਚ) ਸ੍ਰੀ ਭਗਤ ਹੰਸ ਰਾਜ (ਨੌਵੀਂ ਕਤਾਰ ਵਿਚ) ਮਾਸਟਰ ਹਰਨਾਮ ਦਾਸ (ਆਖਰੀ) ਸਭ ਤੋਂ ਪਿੱਛੇ ਸ੍ਰੀ ਮਦਨ ਰਾਮ ਅਤੇ ਸ੍ਰੀ ਫਕੀਰ ਚੰਦ ਇਸ ਤਸਵੀਰ ਵਿਚ ਦਿਖਾਈ ਨਹੀਂ ਦੇ ਰਹੇ।

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ ਵਿਖੇ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

ਸੇਲਮਾ (ਡੀ ਡੀ ਬੀ) ਬੀਤੇ ਐਤਵਾਰ 15 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ (ਕੈਲੇਫੋਰਨੀਆ) ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਸਾਹਿਬ ਜੀ ਦਾ ਪਵਿੱਤਰ ਗੁਰਪੁਰਬ ਬੜੇ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸੰਗਤਾਂ ਨੇ ਭਰਪੂਰ ਹਾਜ਼ਰੀਆਂ ਲਗਵਾ ਕੇ ਆਪਣੀ ਸੰਪੂਰਨ ਸ਼ਰਧਾ ਦੇ ਨਾਲ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਸਬੰਧਤ 13 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਅਤੇ ਐਤਵਾਰ 15 ਜੂਨ ਨੂੰ ਭੋਗ ਪਾਏ ਗਏ। ਜਿਸ ਦੌਰਾਨ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਸਤਨੌਰ ਅਤੇ ਭਾਈ ਸਾਹਿਬ ਭਾਈ ਹਰਬਲਾਸ ਸਿੰਘ ਜੀ ਤੋਂ ਇਲਾਵਾ ਪ੍ਰਸਿੱਧ ਗਾਇਕ ਕਲਾਕਾਰ ਸ੍ਰੀ ਰਣਜੀਤ ਤੇਜੀ ਜੀ ਨੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਅਤੇ ਸਤਿਗੁਰੂ ਕਬੀਰ ਸਾਹਿਬ ਜੀ ਦੀ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਗਾਇਕ ਕਲਾਕਾਰ ਸ੍ਰੀ ਰਣਜੀਤ ਤੇਜੀ ਤੇ ਹੋਰਨਾਂ ਦਾ ਸਿਰੋਪਾਓ ਨਾਲ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਅਤਾਰ ਸਿੰਘ ਜੀ ਸਤਨੌਰ ਅਤੇ ਕੌਮ ਦੇ ਨਿਸ਼ਕਾਮ ਸੇਵਕ ਰਾਜਿੰਦਰ ਗੰਗੜ ਜੀ ਨੇ ਸਨਮਾਨ ਕੀਤਾ। ਮੀਡੀਏ ਦੀ ਤਰਫੋਂ ਉਚੇਚੇ ਤੌਰ ਤੇ ਪੱਤਰਕਾਰ ਸੋਹਣ ਸਿੰਘ ਸਰਹਾਲ ਨੇ ਹਾਜ਼ਰੀ ਲਵਾਈ।

ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੇ ਸੇਵਕ ਸਵਰਗਵਾਸੀ ਸੰਤਰਾਮ ਨਰ ਜੀ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ।

ਨਰ ਪਰਿਵਾਰ ਦੇ ਸ੍ਰੀ ਸਲਿੰਦਰ ਨਰ ਜੀ (ਐਸ ਐਨ ਟਰਾਂਸਪੋਰਟ ਸੈਲਮਾ, ਕੈਲੀਫੋਰਨੀਆ 93662) ਪਹਿਲਾਂ ਵੀ ਇਸੇ ਤਰ੍ਹਾਂ ਗੁਰੂ ਘਰ ਦੇ ਸਮਾਗਮਾਂ ਵਿਚ ਆਪਣੀ ਨੇਕ ਕਮਾਈ ਵਿਚ ਸੇਵਾ ਕਰਵਾਉਂਦੇ ਰਹਿੰਦੇ ਹਨ।

ਪ੍ਰੋਗਰਾਮ ਦੀ ਸਮਾਪਤੀ ਤੇ ਗੁਰੂ ਜੀ ਦੇ ਕੜਾਅ ਪ੍ਰਸ਼ਾਦ ਤੇ ਅਤੁੱਟ ਲੰਗਰ ਵਰਤਾਏ ਗਏ। ਸਮੂਹ ਪ੍ਰਬੰਧਕ ਕਮੇਟੀ ਅਤੇ ਨਰ ਪਰਿਵਾਰ ਵੱਲੋਂ ਸਮੂਹ ਸੰਗਤਾਂ ਤਾਂ ਕੋਟਿਨ ਕੋਟਿ ਧੰਨਵਾਦ ਕੀਤਾ ਗਿਆ।





















## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਲੋਂ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ **22 ਜੂਨ ਦਿਨ ਐਤਵਾਰ** ਨੂੰ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਮਨਾਇਆ ਜਾਵੇਗਾ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 20 ਜੂਨ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ ਅਤੇ 21 ਜੂਨ ਦਿਨ ਸ਼ਨਿਚਰਵਾਰ ਸ਼ਾਮ ਸੱਤ ਵਜੇ ਕੀਰਤਨ ਦਰਬਾਰ ਸਜਾਏ ਜਾਣਗੇ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਤੇ ਕਥਾਵਾਚਕ ਸ਼ਬਦ ਗਾਇਨ ਅਤੇ ਕਥਾ ਰਾਹੀਂ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਉਹਨਾਂ ਤੋਂ ਇਲਾਵਾ ਬੁਲਾਰੇ ਆਪਣੀਆਂ ਧਾਰਮਿਕ ਕਵਿਤਾਵਾਂ ਤੇ ਗੀਤਾਂ ਤੋਂ ਇਲਾਵਾ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਮਾਨਵਤਾ ਦੇ ਭਲੇ ਹਿੱਤ ਸੰਘਰਸ਼ ਬਾਰੇ ਵਿਚਾਰ ਰੱਖਣਗੇ।ਇਸ ਉਪਰੰਤ ਗੁਰੂ ਦੇ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਜਾਣਗੇ। ਸ਼ਨਿਚਰਵਾਰ ਵਾਲੇ ਦਿਨ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰਾਂ ਸਮੇਤ ਉਪਰੋਕਤ ਦਰਸਾਏ ਗਏ ਪ੍ਰੋਗਰਾਮਾਂ ਵਿਚ ਜ਼ਰੂਰ ਹਾਜ਼ਰੀਆਂ ਭਰ ਕੇ ਸਤਿਗੁਰੂਆਂ ਦੀਆਂ ਖੁਸ਼ੀਆਂ ਪ੍ਰਾਪਤ ਕਰਦਿਆਂ ਸਾਨੂੰ ਧੰਨਵਾਦੀ ਬਣਾਉਣ ਦੀ ਕਿਰਪਾਲਤਾ ਕਰਨਾ ਜੀ।




ਸਤਿਗੁਰੂ ਕਬੀਰ ਸਾਹਿਬ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ (530) 674-2564, ਭਾਈ ਕੁਲਵਿੰਦਰ ਸਿੰਘ ਜੀ ਜਾਂ ਫਿਰ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ (530) 773-1823 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੰਤ ਰਾਮਾਨੰਦ ਜੀ ਦੀ ਪੰਜਵੀਂ ਬਰਸੀ ਮੌਕੇ ਭਰਪੂਰ ਸ਼ਰਧਾਂਜਲੀਆਂ




















ਤਸਵੀਰਾਂ ਪ੍ਰੇਮ ਕੁਮਾਰ ਚੁੰਬਰ

ਸੈਕਰਾਮੈਂਟੋ (ਡੀ ਡੀ ਬੀ)- ਬੀਤੇ ਐਤਵਾਰ 8 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦਾ ਜੀ ਦੀ ਪੰਜਵੀ. ਬਰਸੀ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਦੇ ਵਿਸ਼ੇਸ਼ ਉਪਰਾਲੇ ਨਾਲ "ਸੰਤ ਰਾਮਾਨੰਦ ਸ਼ਰਧਾਂਜਲੀ ਸਮਾਰੋਹ" ਦਾ ਪ੍ਰਬੰਧ ਕੀਤਾ ਗਿਆ। ਇਸ ਸਬੰਧਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ 6 ਜੂਨ ਦਿਨ ਸ਼ੁੱਕਰਵਾਰ ਨੂੰ ਆਰੰਭ ਕੀਤੇ ਗਏ ਅਤੇ 8 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਦੌਰਾਨ ਗੁਰੂ ਘਰ ਦੇ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਤੇ ਉਹਨਾਂ ਦੇ ਸਾਥੀ ਜਥੇ ਨੇ ਗੁਰਬਾਣੀ ਵਿਚੋਂ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਇਕੱਤਰ ਹੋਈਆਂ ਸੰਗਤਾਂ ਨੂੰ ਜਿੱਥੇ ਨਿਹਾਲ ਕੀਤਾ, ਉਥੇ ਉਹਨਾਂ ਸੰਤਾਂ ਮਹਾਂਪੁਰਖਾਂ ਦੀ ਮਹਿਮਾ ਬਾਰੇ ਵਿਖਿਆਨ ਕੀਤਾ।

ਇਹਨਾਂ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਨੇ ਸੰਤ ਰਾਮਾਨੰਦ ਜੀ ਦੇ ਜੀਵਨ, ਉਹਨਾਂ ਦੇ ਸਮਾਜ ਪ੍ਰਤੀ ਕੀਤੇ ਕੰਮਾਂ ਅਤੇ ਸ਼ਹਾਦਤ ਬਾਰੇ ਆਪੋ-ਆਪਣੇ ਵਿਚਾਰ ਰੱਖੇ, ਜਿਹਨਾਂ ਵਿਚ ਸਰਵਸ੍ਰੀ ਰਾਮ ਮੂਰਤੀ ਸਰੋਏ, ਡਾ. ਹਰਮੇਸ਼ ਕੁਮਾਰ, ਕੇਵਲ ਬੋਲੀਨਾ, ਪਰਮਜੀਤ ਭੁੱਟਾ, ਰਾਕੇਸ਼ ਚੰਦਰ, ਤਵਿੰਦਰ ਕਾਜਲਾ, ਸੋਨੂੰ ਅੰਬੇਦਕਰ, ਰਾਜ ਸੂਦ, ਦਿੱਲੀ ਤੋਂ ਪ੍ਰੋਫੈਸਰ ਮਿਸਿਜ਼ ਬਾਲੀ, ਸੰਤਾਂ ਦੇ ਅਨਿਨ ਸੇਵਕ ਪਰਿਵਾਰ ਦੇ ਸ੍ਰੀ ਹੰਸ ਰਾਜ ਕਾਜਲਾ ਅਤੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਸੰਤ ਰਾਮਾਨੰਦ ਜੀ ਦੇ ਜੀਵਨ, ਉਹਨਾਂ ਦੇ ਦੁਆਰਾ ਕੀਤੇ ਸਮਾਜਿਕ, ਧਾਰਮਿਕ, ਵਿਦਿਅਕ, ਸਿਹਤ ਸਬੰਧਤ, ਮੀਡੀਆ, ਲਿਟਰੇਚਰ ਅਤੇ ਲੇਖਕਾਂ ਦਾ ਮਾਣ ਸਨਮਾਨ ਆਦਿ ਖੇਤਰਾਂ 'ਚ ਪਾਏ ਯੋਗਦਾਨ ਦੀ ਭਰਪੂਰ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ।

ਇਸ ਮੌਕੇ ਤਾਜ ਐਂਟਰਟੇਨਮੈਂਟ ਅਤੇ ਹਰਮੇਸ਼ ਹੱਪੋਵਾਲੀਆ ਵੱਲੋਂ 'ਦਾ ਗ੍ਰੇਟ ਭੀਮ' ਸੀ ਡੀ ਦੀਆਂ ਕਾਪੀਆਂ ਸੰਗਤਾਂ ਨੂੰ ਵੰਡੀਆਂ ਗਈਆਂ ਅਤੇ ਕੈਨੇਡਾ ਤੋਂ ਪਰਮਜੀਤ ਸਿੰਘ ਲਾਖਾ ਅਤੇ ਤੇਜਪਾਲ ਬੰਗੜ ਦੁਆਰਾ ਪ੍ਰਕਾਸ਼ਿਤ ਸੁਨਹਿਰੀ ਇਤਿਹਾਸ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਦੀ ਕਾਪੀ ਸ੍ਰੀ ਗੁਰੂ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਮੌਜੂਦਾ ਪ੍ਰਧਾਨ ਸ੍ਰੀ ਜੋਗਿੰਦਰ ਚੁੰਬਰ ਅਤੇ ਸਾਬਕਾ ਪ੍ਰਧਾਨ ਸ੍ਰੀ ਪਰਮਜੀਤ ਭੁੱਟਾ ਤੇ ਹੋਰਨਾਂ ਕਮੇਟੀ ਦੇ ਪ੍ਰਬੰਧਕਾਂ ਅਤੇ ਮੈਂਬਰਾਂ ਨੇ ਰਿਲੀਜ਼ ਕੀਤੀ।

ਜੇਕਰ ਸੰਤ ਰਾਮਾਨੰਦ ਜੀ ਦੇ ਜੀਵਨ ਉਤੇ ਝਾਤ ਮਾਰੀਏ ਤਾਂ ਉਹਨਾਂ ਦੀਆਂ ਸਭ ਪ੍ਰਾਪਤੀਆਂ ਲਈ ਉਹਨਾਂ ਦੀ ਵਿਦਿਅਕ ਯੋਗਤਾ ਦੇ ਨਾਲ ਨਾਲ ਸੰਤ ਸਰਵਣ ਦਾਸ ਜੀ ਮਹਾਰਾਜ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਡਾ. ਅੰਬੇਦਕਰ ਜੀ ਆਦਿ ਵੱਲੋਂ ਪੰਜਾਬ ਦੇ ਲੋਕਾਂ ਅੰਦਰ ਭਰੀ ਚੇਤਨਾ ਖੜ੍ਹੀ ਨਜ਼ਰ ਆਉਂਦੀ ਹੈ। ਇਸ ਦੀ ਸਾਫ ਝਲਕ ਦਸੰਬਰ 1970 ਨੂੰ ਡੇਰਾ ਸੱਚਖੰਡ ਬੱਲਾਂ ਵਿਖੇ ਕੀਤੇ ਆਦਿ ਧਰਮੀ ਸਮਾਜ ਦੇ ਵਿਸ਼ਾਲ ਸਮਾਗਮ ਦੌਰਾਨ ਹੋਈਆਂ ਤਕਰੀਰਾਂ ਅਤੇ ਵਿਚਾਰਾਂ ਦੌਰਾਨ ਗਦਰੀ ਬਾਬਾ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਉਚੇਚੇ ਤੌਰ ਤੇ ਪ੍ਰਮੁੱਖ ਆਗੂ ਵਜੋਂ ਉਪਸਥਿਤ ਹੋਣਾ ਪੰਜਾਬ ਦੇ ਦਲਿਤ ਸਮਾਜ ਅਤੇ ਡੇਰਿਆਂ ਦੀ ਆਪਸੀ ਨੇੜਤਾ ਦਾ ਆਗਾਜ਼ ਨਜ਼ਰ ਆਉਂਦਾ ਹੈ। ਇਸ ਤੋਂ ਪਹਿਲਾਂ ਸੰਤ ਸਰਵਨ ਦਾਸ ਮਹਾਰਾਜ ਜੀ ਦੀ ਸ੍ਰੀ ਬਿਸ਼ਨਾ ਰਾਮ ਨਾਲ ਡਾ. ਅੰਬੇਦਕਰ ਜੀ ਨਾਲ ਦਿੱਲੀ ਵਿਖੇ 1948 ਦੀ ਮੁਲਾਕਾਤ ਅਤੇ ਡਾਕਟਰ ਸਾਹਿਬ ਦਾ ਸੰਤਾਂ ਪ੍ਰਤੀ ਨਿੱਘਾ ਸਵਾਗਤ ਕੌਮ ਲਈ ਚੰਗੇ ਸੰਕੇਤ ਦਿੰਦਾ ਨਜ਼ਰ ਆਉਂਦਾ ਹੈ।

ਕਾਸ਼! ਅਜਿਹੇ ਚੰਗੇ ਸੰਕੇਤ ਇਕ ਵਾਰ ਫਿਰ ਤੋਂ ਇਸ ਸਮਾਜ ਨੂੰ ਨਸੀਬ ਹੋਣ। ਸਾਡਾ ਸਮਾਜ ਅਤੇ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਆਗੂ ਫਿਰ ਤੋਂ ਇਕ ਪਲੇਟਫਾਰਮ ਤੇ ਇਕੱਠੇ ਹੋਣ। ਤਾਂ ਕਿ ਸੰਤਾਂ ਅਤੇ ਹੋਰਨਾਂ ਆਗੂਆਂ ਦੇ ਕੀਤੇ ਸੰਘਰਸ਼ ਉਦੋਂ ਤੱਕ ਨਾ ਰੁਕਣ ਜਦੋਂ ਤੱਕ ਅਸੀਂ ਅਸਲ ਮਕਸਦ ਨੂੰ ਨਹੀਂ ਪਾ ਲੈਂਦੇ। ਸਟੇਜ ਸੇਵਾ ਸ੍ਰੀ ਜੀਵਨ ਰੱਤੂ ਨੇ ਬਾਖੂਬੀ ਨਾਲ ਨਿਭਾਈ। ਲੰਗਰ ਦੀ ਸੇਵਾ ਗਿਆਨ ਚੰਦਰ ਕਾਜਲਾ ਪਰਿਵਾਰ, ਕੇਵਲ ਕ੍ਰਿਸ਼ਨ ਬੋਲੀਨਾ ਪਰਿਵਾਰ ਅਤੇ ਸੁਖ ਰਾਮ ਪਰਿਵਾਰ ਵੱਲੋਂ ਕੀਤੀ ਗਈ।

# ਦਲਿਤ ਸਮਾਜ ਦੇ 'ਬਾਬਾ ਬੋਹੜ' ਹਰਭਜਨ ਲਾਖਾ ਦਾ ਸਸਕਾਰ

ਬੰਗਾ- ਮਰਹੂਮ ਹਰਭਜਨ ਲਾਖਾ ਦਾ ਉਹਨਾਂ ਦੇ ਜੱਦੀ ਪਿੰਡ ਕਰਨਾਣਾ ਵਿਖੇ 14 ਜੂਨ ਨੂੰ ਸਸਕਾਰ ਕਰ ਦਿੱਤਾ ਗਿਆ। ਉਹਨਾਂ ਦਾ 11 ਜੂਨ ਨੂੰ ਦਿਲ ਦੇ ਦੌਰੇ ਕਾਰਨ ਦੇਹਾਂਤ ਹੋ ਗਿਆ ਸੀ। ਉਹਨਾਂ ਦੇ ਵੱਡੇ ਪੁੱਤਰ ਕਮਲਜੀਤ ਲਾਖਾ ਨੇ ਚਿਖਾ ਨੂੰ ਅਗਨੀ ਦਿਖਾਈ। ਸਸਕਾਰ ਮੌਕੇ ਖਚਾ ਖਚ ਭਰੀ ਸਮਸ਼ਾਨ ਘਾਟ ਲਾਖਾ ਦੇ ਲੋਕ ਪਿਆਰ ਦਾ ਸਬੂਤ ਦੇ ਰਹੀ ਸੀ। ਉਹਨਾਂ ਦੀ ਮਿਤ੍ਰਕ ਦੇਹ ਨੂੰ ਬੰਗਾ ਵਿਖੇ ਉਹਨਾਂ ਦੇ ਘਰ ਤੋਂ ਅੰਤਿਮ ਯਾਤਰਾ ਲਈ ਲੰਬੇ ਕਾਫਲੇ ਦੇ ਰੂਪ ਵਿਚ ਸ਼ਹਿਰ ਦੇ ਮੁੱਖ ਮਾਰਗ ਤੋਂ ਹੁੰਦਾ ਹੋਏ ਪਿੰਡ ਕਰਨਾਣਾ ਲਿਆਂਦਾ ਗਿਆ।

ਉਹਨਾਂ ਦਾ ਪਾਰਥਕ ਸਰੀਰ ਅੰਤਿਮ ਦਰਸ਼ਨਾ ਲਈ ਪਹਿਲਾਂ ਰਾਜਾ ਸਾਹਿਬ ਮੁਹੱਲਾ ਵਿਖੇ ਉਹਨਾ ਦੇ ਜੱਦੀ ਘਰ 'ਚ ਰੱਖਿਆ ਗਿਆ।

ਲਾਖਾ ਦੀ ਮੌਤ 'ਤੇ ਪਿੰਡ ਕਰਨਾਣਾ ਦਾ ਚੁਫੇਰਾ ਸੋਗ 'ਚ ਡੁੱਬਿਆ ਹੋਇਆ ਸੀ। ਘਰ ਤੋਂ ਸ਼ਮਸ਼ਾਨ ਘਾਟ ਤੱਕ ਪੁੱਜਦਿਆਂ '- ਲਾਖਾ ਜੀ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ',' ਲਾਖਾ ਜੀ ਤੁਹਾਡਾ ਮਿਸ਼ਨ ਅਧੂਰਾ, ਜਿੰਦੜੀਆਂ ਲਾ ਕੇ ਕਰਾਂਗੇ ਪੂਰਾ', 'ਹਰਭਜਨ ਲਾਖਾ ਅਮਰ ਰਹੇ' ਆਦਿ ਨਾਅਰੇ ਬੁਲੰਦ ਕੀਤੇ ਗਏ। ਇਸ ਮੌਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਐਡਵੋਕੇਟ ਹਰਗੋਪਾਲ ਸਿੰਘ ਬਲਾਚੌਰ, ਪੰਜਾਬ ਸਰਵਿਸ ਸਿਲੈਕਸ਼ਨ ਕਮਿਸ਼ਨ ਦੇ ਮੈਂਬਰ ਦਰਸ਼ਨ ਲਾਲ ਜੇ-ਠੂਮਜ਼ਾਰਾ, ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾਕਟਰ ਸੁਖਵਿੰਦਰ ਸੁੱਖੀ, ਸਾਬਕਾ ਵਿਧਾਇਕ ਚੌਧਰੀ ਮੋਹਣ ਸਿੰਘ ਬਹਿਰਾਮ, ਤਹਿਸੀਲਦਾਰ ਬੰਗਾ ਜਸਪਾਲ ਕੌਰ, ਪ੍ਰਵੀਨ ਬੰਗਾ, ਬਿਮਲਾ ਔਜਲਾ, ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰ, ਅਸ਼ੋਕ ਸੰਧੂ, ਬਾਬੂ ਅਜੀਤ ਰਾਮ ਗੁਰਨਾਮ ਸਿੰਘ ਕੋਟ ਫਤੂਹੀ, ਮੈਂਬਰ ਸ਼੍ਰੋਮਣੀ ਕਮੇਟੀ ਗੁਰਬਖ਼ਸ ਸਿੰਘ ਖਾਲਸਾ, ਬੁੱਧ ਸਿੰਘ ਬਲਾਕੀਪੁਰ, ਕਰਮਜੀਤ ਸਿੰਘ ਕਰਨਾਣਾ, ਕਰਨੈਲ ਸਿੰਘ ਪੀਰ ਮੁਹੰਮਦ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਹਰਪ੍ਰੀਤ ਸਿੰਘ ਦਹੇੜੂ, ਮਨਜੀਤ ਸਿੰਘ ਰਸੂਲਪੁਰ,ਤੀਰਥ ਸਿੰਘ ਚਾਹਲ, ਹਰਮਿੰਦਰ ਸਿੰਘ ਤਲਵੰਡੀ ਫੱਤੂ, ਰੇਸ਼ਮ ਸਿੰਘ ਕਾਹਲੋਂ, ਤੀਰਥ ਸਿੰਘ ਗਿੱਲ, ਹੀਰਾ ਲਾਲ ਜਵੱਦੀ, ਮੈਂਬਰ ਜ਼ਿਲ੍ਹਾ ਪਰਿਸ਼ਦ ਰਕੇਸ਼ ਕੁਮਾਰ, ਸਰਪੰਚ ਕਰਨਾਣਾ ਲਵਪ੍ਰੀਤ ਕੁਮਾਰ, ਜਗਤਾਰ ਬੀਕਾ, ਸਤਨਾਮ ਸੰਧੂ, ਸੰਤੋਖ ਜੱਸੀ, ਮੋਹਣ ਬੀਕਾ, ਸੁਰਿੰਦਰ ਰੱਤੂ, ਪ੍ਰਸ਼ੋਤਮ ਚੱਢਾ, ਆਦਿ ਹਾਜ਼ਰ ਸਨ।



ਹਰਭਜਨ ਲਾਖਾ ਦੇ ਅੰਤਿਮ ਦਰਸ਼ਨ ਕਰਦੇ ਹੋਏ ਪਰਿਵਾਰਕ ਮੈਂਬਰ।
-ਰੇਸ਼ਮ ਕਰਨਾਣਵੀ

ਇਥੇ ਗੌਰਤਲਬ ਹੈ ਕਿ ਭਾਵੇਂ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਇਸ ਮੌਕੇ ਨੂੰ ਸ਼ਰਧਾਂਜ਼ਲੀ ਦੇਣ ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਪਾਲ ਆਪਣੇ ਅਮਲੇ ਨਾਲ ਪੁੱਜੇ ਹੋਏ ਸਨ ਪਰ ਹਰਭਜਨ ਲਾਖਾ ਜੋ ਕਿ ਦੋ ਵਾਰ ਲੋਕ ਸਭਾ ਦੇ ਮੈਂਬਰ ਰਹੇ ਦੀ ਸਸਕਾਰ ਸਮੇਂ ਸਰਕਾਰੀ ਤੌਰ 'ਤੇ ਸਲਾਮੀ ਨਾ ਦੇਣਾ ਦਲਿਤ ਭਾਈਚਾਰੇ 'ਚ ਰੋਸ ਦਾ ਕਾਰਨ ਬਣੀ ਰਹੀ। ਇਸ ਮੌਕੇ ਪਰਿਵਾਰਕ ਮੈਂਬਰਾਂ 'ਚ ਲਾਖਾ ਦੇ ਭਰਾ ਆਈ ਏ ਐਸ ਸ਼ਿੰਗਾਰਾ ਰਾਮ, ਪਤਨੀ ਚਰਨ ਕੌਰ, ਪੁੱਤਰ ਪਰਮਜੀਤ ਲਾਖਾ, ਰਸ਼ਪਾਲ ਲਾਖਾ,ਜੁਆਈ ਆਈ ਆਰ ਐੱਸ ਜਸਵੰਤ ਰਾਏ, ਪੁੱਤਰੀ ਕਮਲੇਸ਼ ਰਾਏ ਹਾਜ਼ਰ ਸਨ।

# ਜਦੋਂ ਬਸਪਾ ਦੇ ਮੋਢੀ ਆਗੂ ਭੁੱਬਾਂ ਮਾਰ ਕੇ ਰੋਏ



ਪਿੰਡ ਕਰਨਾਣਾ ਵਿਖੇ ਬਹੁਜਨ ਸਮਾਜ ਪਾਰਟੀ ਦੇ ਟਕਸਾਲੀ ਆਗੂ ਅਤੇ ਦਲਿਤ ਵਰਗ ਦੇ ਬਾਬਾ ਬੋਹੜ ਹਰਭਜਨ ਲਾਖਾ ਨੂੰ ਅੰਤਿਮ ਵਿਦਾਇਗੀ ਦੇਣ ਸਮੇਂ ਇਕੱਠੇ ਹੋਏ ਪਾਰਟੀ ਦੇ ਮੋਢੀ ਆਗੂ ਆਪੋ ਆਪਣੀਆਂ ਯਾਦਾਂ ਦੇ ਸਨਮੁੱਖ ਹੁੰਦਿਆਂ ਹੀ ਅੱਖਾਂ ਦੇ ਨੀਰ ਨੂੰ ਰੋਕ ਨਹੀਂ ਸਕੇ। ਆਪਣੇ ਮਾਰਗ ਦਰਸ਼ਕ ਨੂੰ ਆਖਰੀ ਵਿਦਾਇਗੀ ਦੇਣ ਪੁੱਜੇ ਪੰਜਾਬ ਸਰਕਾਰ ਦੇ ਸੰਸਦੀ ਸਕੱਤਰ ਪਵਨ ਕੁਮਾਰ ਟੀਨੂੰ ,ਪੰਜਾਬ ਸਰਕਾਰ 'ਚ ਵਿਰੋਧੀ ਧਿਰ ਦੇ ਨੇਤਾ ਰਹੇ ਸਤਨਾਮ ਕੈਂਥ, ਬਸਪਾ ਦੇ ਸਾਬਕਾ ਸੂਬਾ ਪ੍ਰਧਾਨ ਮੋਹਣ ਸਿੰਘ ਫਲੀਆਂਵਾਲਾ, ਪਾਰਟੀ ਦੇ ਨਿਧੜਕ ਜਰਨੈਲ ਵਜੋਂ ਪ੍ਰਮਾਣਿਤ ਰਹੇ ਡਾਕਟਰ ਰਾਮ ਲਾਲ ਜੱਸੀ, ਪਾਰਟੀ ਚ ਸ਼ੇਰਦਿਲ ਆਗੂ ਦਾ ਸਨਮਾਨ ਹਾਸਲ ਕਰਨ ਵਾਲੇ ਦੋ ਵਾਰ ਵਿਧਾਇਕ ਰਹੇ ਸ਼ਿੰਗਾਰਾ ਰਾਮ ਸਹੂੰਗੜਾ ਜਦੋਂ ਇਕੱਠੇ ਹੋ ਕੇ ਹਰਭਜਨ ਲਾਖਾ ਦੀ ਮ੍ਰਿਤਕ ਦੇਹ ਨੂੰ ਨਤਮਸਤ ਹੋਣ ਲੱਗੇ ਤਾਂ ਲੰਬਾ ਸਮਾਂ ਉਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਵਗਦੇ ਰਹੇ । ਇਹਨਾਂ ਆਗੂਆਂ ਨੇ ਮੀਡੀਆ ਨਾਲ ਮਰਹੂਮ ਲਾਖਾ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਲਾਖਾ ਜੀ ਦਾ ਉਹਨਾਂ ਦੇ ਜੀਵਨ ਪ੍ਰੀਵਰਤਨ 'ਚ ਅਹਿਮ ਯੋਗਦਾਨ ਹੈ ਅਤੇ ਦਲਿਤ ਸਮਾਜ ਦੇ ਮਸੀਹਾ ਡਾਕਟਰ ਅੰਬੇਦਕਰ , ਬਸਪਾ ਬਾਨੀ ਸਾਹਿਬ ਕਾਸ਼ੀ ਰਾਮ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਦਾ ਜੋ ਰੋਲ ਹਰਭਜਨ ਲਾਖਾ ਨੇ ਨਿਭਾਇਆ ਹੈ, ਉਹ ਰਹਿੰਦੀ ਦੁਨੀਆਂ ਤੱਕ ਇੱਕ ਵਿਲੱਖਣ ਇਤਿਹਾਸ ਦੇ ਰੂਪ 'ਚ ਅਮਰ ਰਹੇਗਾ। **– ਸੁਰਜੀਤ ਮਜਾਰੀ**



ਫੋਟੋਆਂ- ਸੁਰਜੀਤ ਮਜਾਰੀ ਤੇ ਰੇਸ਼ਮ ਕਰਨਾਣਵੀ





**22 ਜੂਨ ਨੂੰ ਭੋਗ 'ਤੇ ਵਿਸ਼ੇਸ਼**

# ਦਲਿਤ ਜਾਗ੍ਰਤੀ ਲਈ ਸੰਘਰਸ਼ ਦੀ ਮਿਸ਼ਾਲ ਬਣੇ ਹਰਭਜਨ ਲਾਖਾ



**-ਰੇਸ਼ਮ ਕਰਨਾਣਵੀ**
**98158-80104**

ਦੁਆਬੇ ਦੇ ਪਿੰਡ ਕਰਨਾਣਾ 'ਚ ਪਰਿਵਾਰਕ ਮਾਹੌਲ 'ਚੋਂ ਹੱਕ ਸੱਚ ਦੀ ਗੁੜ੍ਹਤੀ ਮਿਲਣਾ, ਕੌਮ ਦੇ ਹਿੱਤਾਂ ਲਈ ਆਪਣੀ ਸਰਕਾਰੀ ਨੌਕਰੀ ਦਾ ਤਿਆਗਣਾ, ਸਮਾਜਿਕ ਪ੍ਰੀਵਰਤਨ ਲਈ ਸਮਰਪਿਤ ਹੋ ਜਾਣਾ, ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਮਿਸ਼ਨ ਅਤੇ ਬਸਪਾ ਬਾਨੀ ਬਾਬੂ ਕਾਂਸ਼ੀ ਰਾਮ ਦੇ ਕਾਫਲੇ ਦਾ ਝੰਡਾ ਬਰਦਾਰ ਬਣਨਾ, ਦੇਸ਼ ਦੇ ਪਚਾਸੀ ਫੀਸਦੀ ਬਹੁਜਨਾਂ 'ਤੇ ਪੰਦਰਾਂ ਫ਼ੀਸਦੀ ਲੋਕਾਂ ਦਾ ਰਾਜ ਖਤਮ ਕਰਨ ਲਈ ਸੰਘਰਸ਼ ਕਰਨਾ ਆਦਿ ਪੰਜਾਬ ਅੰਦਰ ਮਰਹੂਮ ਆਗੂ ਹਰਭਜਨ ਲਾਖਾ ਦੀ ਲਾਸਾਨੀ







ਦੇਣ ਦਾ ਪ੍ਰਤੀਕ ਹੈ। ਉਹਨਾਂ ਦੀ ਵਿਲੱਖਣਤਾ ਇਹ ਵੀ ਸੀ ਕਿ ਉਹਨਾਂ ਦੇ ਵਿਚਾਰਾਂ 'ਚ ਹਮੇਸ਼ਾਂ ਦਲਿਤ ਸਮਾਜ ਲਈ ਤੜਫ ਹੁੰਦੀ ਸੀ, ਇਮਾਨ ਉਹਨਾਂ ਦੀ ਸਖਸ਼ੀਅਤ ਦਾ ਵੱਡਾ ਗੁਣ ਸੀ ਅਤੇ ਆਮ ਜ਼ਿੰਦਗੀ ਵਸਰ ਕਰਦਿਆਂ ਉਹਨਾਂ ਦਾ ਮਿਲਵਰਤਨ ਹਮੇਸ਼ਾਂ ਹੀ ਸਹਿਜਤਾ ਵਾਲਾ ਰਿਹਾ। ਬਾਬਾ ਸਾਹਿਬ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਲਈ ਉਹਨਾਂ ਨੇ ਪਿੰਡ ਪਿੰਡ ਕੇਡਰ ਲਾ ਕੇ ਲੋਕਾਂ ਨੂੰ ਲਾਮਬੰਦ ਕੀਤਾ । ਪਾਰਟੀ 'ਚ ਆਪਣੀਆਂ ਕੁਲ ਵਕਤੀ ਸੇਵਾਵਾਂ ਨਿਭਾਉਣ ਲਈ ਹਰਭਜਨ ਲਾਖਾ ਨੇ ਆਪਣੀ ਸਰਕਾਰੀ ਨੌਕਰੀ ਤਿਆਗ ਦਿੱਤੀ। ਉਸ ਤੋਂ ਬਾਅਦ ਬਸਪਾ ਦੇ ਜੰਮੂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਸ਼ੁਰੂ ਕੀਤੀ ਸਮਾਜਿਕ ਪ੍ਰੀਵਰਤਨ ਅਤੇ ਆਰਥਿਕ ਮੁਕਤੀ ਦੇ ਸਫ਼ਰ 'ਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਇਸ ਸ਼ੰਘਰਸ਼ ਦੇ ਚਲਦਿਆਂ ਹਰਭਜਨ ਲਾਖਾ ਬਹੁਜਨ ਸਮਾਜ ਪਾਰਟੀ ਦੇ ਬੈਨਰ ਹੇਠ ਦੋ ਵਾਰ ਲੋਕ ਸਭਾ ਦੇ ਮੈਂਬਰ ਬਣੇ। ਸਧਾਰਨ ਪਹਿਰਾਵੇ ਅਤੇ ਰਹਿਣੀ ਸਹਿਣੀ ਵਾਲੇ ਹਰਭਜਨ ਲਾਖਾ ਘਰ ਆਏ ਹਰ ਵਰਕਰ ਨੂੰ ਬਿਨਾਂ ਕਿਸੇ ਰਸਮ ਦੇ ਮਿਲਦੇ ਸਨ। ਪੰਜਾਬ ਅੰਦਰ ਉਹਨਾਂ ਪ੍ਰਤੀ ਵਰਕਰਾਂ ਦਾ ਪਿਆਰ ਸਤਿਕਾਰ ਐਨਾ ਬਣਿਆ ਕਿ ਉਹ ਪਾਰਟੀ ਖੇਮੇ ਅੰਦਰ 'ਬਾਬਾ ਬੋਹੜ' ਵਜੋਂ ਪਰਮਾਣਿਤ ਹੋਏ। ਉਹਨਾਂ ਦੇ ਮਾਤਾ ਆਤੀ ਪਿਤਾ ਰਾਮ ਲੋਕ ਘਰ ਦੇ ਆਰਥਿਕ ਵਸੀਲੇ ਜੁਟਾਉਣ ਲਈ ਭੱਠਿਆਂ 'ਤੇ ਪਥੇਰ ਦਾ ਕੰਮ ਕੀਤਾ। ਘਰ ਦੀ ਮੰਦੀ ਆਰਥਿਕਤਾ 'ਚ 1941 ਦੀ 25 ਅਗਸਤ ਨੂੰ ਜਨਮੇ ਹਰਭਜਨ ਰਾਮ ਨੇ ਮਾਪਿਆਂ ਨਾਲ ਕੰਮ 'ਚ ਹੱਥ ਵਟਾਉਂਦਿਆਂ ਪੜ੍ਹਾਈ ਨਾਲ ਲਿਵ ਲਾਈ ਰੱਖੀ । ਕਿਰਤ ਨੂੰ ਭਾਗ ਲੱਗੇ ਅਤੇ ਵਿਦਿਆਂ ਪ੍ਰਾਪਤੀ ਦੀ ਲਗਨ ਨੂੰ ਬੂਰ ਪਿਆ ਕਿ ਉਹ ਏਅਰ ਫੋਰਸ 'ਚ ਭਰਤ ਹੋਣ ਤੋਂ ਬਾਅਦ ਬਤੌਰ ਇਲੈਕਟਰੀਕਲ ਇੰਜਨੀਅਰ ਸੇਵਾ 'ਚ ਰਹੇ ਅਤੇ ਜ਼ਿੰਦਗੀ 'ਚ ਇੱਕ ਅਜਿਹਾ ਕ੍ਰਾਂਤੀਕਾਰੀ ਮੋੜ ਆਇਆ ਕਿ ਉਹ 1977 ਬਾਬੂ ਕਾਸ਼ੀ ਰਾਮ ਦੇ ਸੰਪਰਕ 'ਚ ਆਏ ਅਤੇ ਜਦੋਂ ਦੋਵਾਂ ਦੀ ਸੋਚ ਦਾ ਸੁਮੇਲ ਬਣਿਆਂ ਤਾਂ ਉਹਨਾ ਬਹੁਜਨ ਸਮਾਜ ਦੇ ਹਿੱਤਾਂ ਦੀ ਸੁਰੱਖਿਆ ਲਈ ਸੰਕਲਪ ਲਿਆ । ਬਹੁਜਨ ਸਮਾਜ ਪਾਰਟੀ ਦੇ ਬੈਨਰ ਹੇਠ ਆਰੰਭੇ ਸੰਘਰਸ਼ ਨਾਲ ਉਹ ਆਪ ਵੀ 1989 'ਚ ਪਹਿਲੀ ਵਾਰ ਅਤੇ 1996 'ਚ ਦੂਜੀ ਵਾਰ ਐਮ ਪੀ ਬਣੇ ਅਤੇ ਪਾਰਟੀ ਦੇ ਜਨਰਲ ਸਕੱਤਰ ਹੁੰਦਿਆਂ ਪੰਜਾਬ ਅੰਦਰ ਪਾਰਟੀ ਦੇ ਤਿੰਨ ਐਮ ਪੀ ਅਤੇ ਨੌ ਐਮ ਐਲ ਏ ਬਣਾਉਣ ਮਾਣ ਵੀ ਹਾਸਲ ਰਿਹਾ।

ਪਾਰਟੀ ਆਦਿ ਗੁਰੂ ਗਰੰਥ ਸਾਹਿਬ 'ਚ ਆਪਣੀ ਸਾਰਥਿਕ ਸੋਚ ਅਤੇ ਸਮਾਜ ਸੁਧਾਰ ਵਾਲੀ ਆਸਥਾ ਦਾ ਪ੍ਰਗਟਾਵਾ ਕਰਦਿਆਂ ਅਤੇ ਅਮਲ ਕਰਦਿਆਂ ਉਹ ਇਸ 6 ਜੂਨ ਨੂੰ ਦਰਬਾਰ ਸਾਹਿਬ ਅਮ੍ਰਿਤਸਰ ਵਿਖੇ ਅਮ੍ਰਿੰਤ ਛਕ ਕੇ ਸਿੰਘ ਸਜ ਗਏ ਸਨ।

ਉਹ ਜ਼ਿੰਦਗੀ ਦੇ 74ਵੇਂ ਵਰ੍ਹੇ ਤੱਕ ਆਪਣੀ ਕਹਿਣੀ ਅਤੇ ਕਰਨੀ ਤੇ ਅਡੋਲ ਰਹੇ ਉਸ ਮਹਾਨ ਆਗੂ ਦਾ ਬੀਤੀ 11ਜੂਨ ਨੂੰ ਸਰੀਰਕ ਤੌਰ ਵਿਛੋੜੇ ਨਾਲ ਉਹਨਾਂ ਦੇ ਸਨੇਹੀਆਂ ਨੂੰ ਅਸਹਿ ਸਦਮਾ ਪੁੱਜਾ ਪਰ ਉਹਨਾਂ ਦੀ ਸੋਚ ਵਾਲੀ ਚਿਣਗ ਅਗਾਂਹ ਵਧੂ ਵਿਚਾਰਾਂ ਦੇ ਰੂਪ 'ਚ ਹਮੇਸ਼ਾਂ ਸਾਥ ਨਿਭਾਉਂਦੀ ਰਹੇਗੀ।

# ਇਖ਼ਲਾਕ ਵਾਲੇ ਆਗੂ ਕਦੇ ਮਰਦੇ ਨਹੀਂ-ਮਾਨ



ਸਿਮਰਨਜੀਤ ਸਿੰਘ ਮਾਨ ਮਰਹੂਮ ਆਗੂ ਹਰਭਜਨ ਲਾਖਾ ਦੇ ਭਰਾ ਨੂੰ ਦਿਲਾਸਾ ਦਿੰਦੇ ਹੋਏ।

ਸ਼੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਚਾਨਕ ਵਿਛੋੜਾ ਦੇ ਗਏ ਬਸਪਾ ਦੇ ਟਕਸਾਲੀ ਆਗੂ ਹਰਭਜਨ ਲਾਖਾ ਦੇ ਇਥੇ ਸਥਿਤ ਘਰ ਵਿਖੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਪੁੱਜੇ।

ਉਹਨਾਂ ਕਿਹਾ ਕਿ ਹਰਭਜਨ ਲਾਖਾ ਜ਼ਮੀਨ, ਜ਼ਮੀਰ ਨਾਲ ਜੁੜੇ ਆਗੂ ਸਨ ਜਿਹਨਾ ਦਾ ਦਲਿਤ ਸਮਾਜ ਨੂੰ ਸਮਾਜ ਦੇ ਹਾਣੀ ਬਣਾਉਣ ਲਈ ਕੀਤਾ ਸ਼ੰਘਰਸ਼ ਇਤਿਹਾਸ ਅੰਦਰ ਹਮੇਸਾਂ ਸਤਿਕਾਰਿਆ ਜਾਵੇਗਾ।

ਉਹਨਾ ਕਿਹਾ ਕਿ ਇਖਲਾਕ ਵਾਲੇ ਅਜਿਹੇ ਆਗੂ ਸਮਾਜ ਨੂੰ ਭਾਵੇਂ ਸਰੀਰਕ ਤੌਰ 'ਤੇ ਭਾਵੇਂ ਵਿਛੜ ਜਾਂਦੇ ਹਨ ਪਰ ਉਹਨਾਂ ਦੀ ਸੋਚ ਹਮੇਸਾਂ ਦਿਲਾਂ ਅੰਦਰ ਇੱਕ ਚੇਤਨਾ ਦਾ ਬਿੰਬ ਬਣਕੇ ਸਥਿਰ ਰਹਿੰਦੀ ਹੈ।

ਜਥੇਦਾਰ ਮਾਨ ਨੇ ਵਿਛੜੇ ਆਗੂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿ ਸ੍ਰੀ ਲਾਖਾ ਜਦੋਂ ਵੀ ਉਹਨਾਂ ਨਾਲ ਗੱਲਬਾਤ ਕਰਦੇ ਸਨ ਤਾਂ ਸਿਰਫ ਇੱਕ ਹੀ ਵਿਸ਼ਾ ਭਾਰੂ ਹੁੰਦਾ ਸੀ ਕਿ ਸਮਾਜ ਅੰਦਰ ਜਾਤਾ ਪਾਤਾ ਦੇ ਅਧਾਰ 'ਤੇ ਹੋਈ ਵਰਗ ਵੰਡ ਦਾ ਖਾਤਮਾ ਹੋਣਾ ਚਾਹੀਦਾ ਹੈ ਅਤੇ ਦੇਸ਼ ਅੰਦਰ ਪਚਾਸੀ ਫੀਸਦੀ ਬਹੁਜਨਾ ਦੇ ਹੱਕਾਂ 'ਤੇ ਮਹਿਜ਼ ਪੰਦਰਾਂ ਫੀਸਦੀ ਲੋਕਾਂ ਦਾ ਰਾਜ ਮੁਕਣਾ ਚਾਹੀਦਾ ਹੈ।

ਉਹਨਾ ਕਿਹਾ ਕਿ ਹਰਭਜਨ ਲਾਖਾ ਨੇ ਐਮ ਪੀ ਹੁੰਦਿਆਂ ਵੀ ਆਪਣੀ ਦਲੇਰੀ ਦੀ ਗੂੰਜ ਲੋਕ ਸਭਾ ਵੀ ਦਬ ਹੋਣ ਨਹੀਂ ਦਿੱਤੀ। ਇਸ ਮੌਕੇ ਉਹਨਾਂ ਨਾਲ ਦਲ ਦੇ ਦਰਜ ਬ ਦਰਜ ਆਗੂ ਵੀ ਹਾਜ਼ਰ ਸਨ। ਲਾਖਾ ਦੇ ਪਰਿਵਾਰਕ ਮੈਂਬਰਾਂ 'ਚ ਉਹਨਾਂ ਦਾ ਭਰਾ ਆਈ ਏ ਐਸ ਸ਼ਿੰਗਾਰਾ ਰਾਮ ਲਾਖਾ, ਜਵਾਈ ਆਈ ਆਰ ਐਸ ਜਸਵੰਤ ਰਾਏ, ਤਿੰਨ ਪੁੱਤਰ ਕਮਲਜੀਤ ਲਾਖਾ, ਪਰਮਜੀਤ ਲਾਖਾ, ਰਸ਼ਪਾਲ ਲਾਖਾ ਆਦਿ ਮੌਜੂਦ ਸਨ। **–ਰੇਸ਼ਮ ਕਰਨਾਣਵੀ**

# HAPPY TRAVELS AGENCY



Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World

Email: happytravelsusa@yahoo.com
PHONE: 209-594-8473
E-FAX: 877-623-6177

Harjit (Happy)
Agency Owner
HappyTravels Agency

1743 GRAND CANAL BLVD
12 STOCKTON, CA 95207

Mikasa HOMES & FUNDING

## Rakesh Chander



Rakesh Chander
Realtor

Mikasa Homes & Funding
1601 S. De Anza Blvd, Suite 118
Cupertino, CA 95014

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com

FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

## Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi
Varieties of Video Games Available
Variety of Sandwiches are also available
FREE WiFi
FREE WiFi

Ram Gopal (916) 448-6239
200 "J" Street, Sacramento, CA 95814




BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com



Manjinder S Jhamat

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)

# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

## STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004





$10.00 Off initial Smog Check
Restrictions Apply - See Store for Details


(916) 334-7664
6421 Watt Ave.
North Highlands, CA 95660
STAR Certified

## ਪਹਿਲਵਾਨ ਪੰਜਾਬ ਦੇ

# ਮੇਰਾ ਬਚਪਨ




ਜਿੱਥੋਂ ਤੱਕ ਮੈਨੂੰ ਹੋਸ਼ ਹੈ ਉਮਰ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਪਰ ਅਟੇ-ਸਟੇ ਤਿੰਨ ਚਾਰ ਸਾਲਾਂ ਦਾ ਕਹਿ ਲਵੋ, ਪਿੰਡ ਦੇ ਹਾਣੀਆਂ ਨਾਲ ਮਿੱਟੀ ਵਿਚ ਖੇਡਣ ਦਾ ਮੈਨੂੰ ਬੜਾ ਸ਼ੌਂਕ ਸੀ, ਨੰਗ ਧੜੰਗੇ, ਸਾਰੇ ਸਰੀਰ ਤੇ ਤੜਾਗੀ ਤੋਂ ਸਿਵਾ ਹੋਰ ਕੁਝ ਨਹੀਂ। ਮੈਂ ਆਪਣੇ ਹਾਣੀਆਂ ਨਾਲ ਪਿੰਡ ਧਰਮੂਚੱਕ ਦੇ ਪਿਛਵਾੜੇ ਢਾਬ ਤੇ ਖੇਡ ਰਿਹਾ ਸੀ ਕਿ ਮੇਰਾ ਮਾਮਾ ਰੂੜ ਸਿੰਘ, ਜਿਹੜਾ ਸਾਡੇ ਪਿੰਡ ਅਕਸਰ ਲੋਹੜੀ ਵਗੈਰਾ ਜਾਂ ਦੂਸਰੇ ਤਿਓਹਾਰਾਂ ਤੇ ਆਉਂਦਾ ਸੀ, ਵਾਪਸ ਰਤਨਗੜ੍ਹ ਨੂੰ ਜਾ ਰਿਹਾ ਸੀ। ਢਾਬ ਦੇ ਕੋਲ ਹੀ ਰਤਨਗੜ੍ਹ ਨੂੰ ਜਾਣ ਵਾਲਾ ਪਹਿਆ ਸੀ। ਮੈਂ ਜਦੋਂ ਮਾਮੇ ਦੀ ਲਾਲ ਘੋੜੀ ਲਾਗੋਂ ਦੀ ਲੰਘਦੀ ਵੇਖੀ ਤਾਂ ਦੌੜ ਪਿਆ ਮਾਮੇ ਦੇ ਪਿੱਛੇ। ਪਹਿਲਾਂ ਤਾਂ ਮਾਮੇ ਰੂੜ ਸਿੰਘ ਨੇ ਮਨ੍ਹਾ ਕੀਤਾ ਪਰ ਫਿਰ ਮੇਰੀ ਹਾਲਤ ਤੇ ਤਰਸ ਖਾ ਕੇ, ਚੁੱਕ ਕੇ ਘੋੜੀ ਤੇ ਚਾੜ੍ਹ ਲਿਆ। ਉਸੇ ਤਰ੍ਹਾਂ, ਨੰਗ ਧੜੰਗੇ ਨੂੰ ਧਰਮੂਚੱਕੋਂ ਰਤਨਗੜ੍ਹ, ਜੋ ਕੋਈ ਦਸ ਬਾਰ੍ਹਾਂ ਕਿਲੋਮੀਟਰ ਦੂਰ ਸੀ ਲੈ ਗਿਆ ਤੇ ਮੇਰੇ ਹਾਣੀਆਂ ਨੂੰ ਕਿਹਾ ਓਏ ਮੁੰਡਿਓ ਘਰ ਜਾ ਕੇ ਦੱਸ ਦੇਣਾ ਕਿ ਮੈਂ ਦਾਰੀ ਨੂੰ ਆਪਣੇ ਪਿੰਡ ਲੈ ਚੱਲਿਆਂ, ਕਿਤੇ ਉਹ ਇਸ ਨੂੰ ਲੱਭਦੇ ਨਾ ਫਿਰਨ। ਮੇਰੇ ਵਾਸਤੇ ਘੋੜੀ ਤੇ ਚੜ੍ਹਨਾ, ਉਸ ਵੇਲੇ ਬੜੀ ਖੁਸ਼ੀ ਦੀ ਗੱਲ ਸੀ। ਜਦੋਂ ਮਾਮਾ ਪਹੁੰਚਿਆ ਤਾਂ ਮਾਮੀ ਨੇ ਕਿਹਾ, ਭਈ ਬੱਚੇ ਨੂੰ ਲਿਆਉਣਾ ਸੀ ਤਾਂ ਕੱਪੜਾ ਤਾਂ ਪਾ ਲਿਆਉਂਦਾ! ਮਾਮਾ ਮੈਨੂੰ ਉਸੇ ਵੇਲੇ ਕੁੱਛੜ ਚੁੱਕ ਕੇ ਪਿੰਡ ਦੀ ਇਕ ਹੱਟੀ ਤੇ ਲੈ ਗਿਆ। ਉਹ ਹੱਟੀ ਬੂਆ ਦਿੱਤੇ ਪੰਡਿਤ ਦੀ ਸੀ। ਕੱਪੜੇ ਵੀ ਸਨ ਤੇ ਦਰਜੀ ਵੀ ਉਥੇ ਹੈਗਾ ਸੀ। ਮਾਮੇ ਨੇ ਕਿਹਾ, ''ਸ਼ਾਹ ਜੀ, ਜ਼ਰਾ ਮੁੰਡੇ ਵਾਸਤੇ ਇਕ ਝੱਗਾ (ਕਮੀਜ਼) ਬਣਾ ਦਿਓ।'' ਬੂਏ ਪੰਡਿਤ ਨੇ ਪੁੱਛਿਆ, ਭਾਈ ਰੂੜ ਸਿਆਂ ਇਹ ਕਿਹਦਾ ਮੁੰਡਾ ਹੈ ਤਾਂ ਮਾਮੇ ਨੇ ਦੱਸਿਆ, ''ਮੇਰੀ ਭੈਣ ਨੰਤੀ ਦਾ। ਜਿੱਦ ਕਰਕੇ ਮੇਰੇ ਨਾਲ ਆ ਗਿਆ।'' ਮੈਨੂੰ ਮਾਪ ਲੈਣ ਵਾਸਤੇ ਬੂਏ ਪੰਡਿਤ ਨੇ ਖੜ੍ਹਾ ਕੀਤਾ। ਮੱਥੇ ਦੀ ਰੇਖਾ ਵੇਖੀ, ਨਾਪ ਲੈ ਕੇ ਮੇਰਾ ਹੱਥ ਵੇਖਿਆ ਤਾਂ ਮਾਮੇ ਨੂੰ ਕਹਿਣ ਲੱਗਾ, ''ਰੂੜ ਸਿਆਂ, ਇਹ ਬਾਲਕ ਤਾਂ ਬੜੇ ਨਛੱਤਰ ਵਾਲਾ ਹੈ। ਇਸ ਦਾ ਨੰਗੇਜ ਤੂੰ ਅੱਜ ਢਕਿਆ ਹੈ, ਇਹ ਵਕਤ ਆਉਣ ਤੇ ਬਹੁਤਿਆਂ ਦੇ ਨੰਗੇਜ ਢੱਕੇਗਾ।'' ਮਾਮੇ ਰੂੜ ਸਿੰਘ ਨੇ ਮੈਨੂੰ ਨਿਮੋਝੂਣੇ ਖੜ੍ਹੇ ਨੂੰ ਘੁੱਟ ਕੇ ਕਲੇਜੇ ਨਾਲ ਲਾਇਆ ਤੇ ਕਿਹਾ, ''ਮੈਂ ਜਦੋਂ ਵੀ ਇਸ ਦੀ ਭੋਲੀ ਭਾਲੀ ਸੂਰਤ ਵੇਖਦਾ ਹਾਂ, ਪਿਆਰ ਕਰਨ ਨੂੰ ਜੀਅ ਕਰ ਆਉਂਦਾ ਹੈ।'' ਇਹ ਉਪਰ ਲਿਖਿਆ ਕਿਹਾ ਇਕ ਦਿਨ ਮੈਂ ਅਖ਼ਬਾਰ ਵਿਚ ਪੜ੍ਹਿਆ ਤਾਂ ਹੈਰਾਨ ਰਹਿ ਗਿਆ।



ਮੇਰੇ ਫਿਲਮ ਸਟਾਰ ਬਣਨ ਤੋਂ ਬਾਅਦ ਇਕ ਵਾਰ ਮੇਰਾ ਮਾਮਾ ਰੂੜ ਸਿੰਘ ਮੈਨੂੰ ਮਿਲਣ ਬੰਬਈ ਆਇਆ ਤਾਂ ਕਿਸੇ ਮੈਗਜ਼ੀਨ ਦੇ ਰਿਪੋਰਟਰ ਨੇ ਉਹਨਾਂ ਨਾਲ ਮੁਲਾਕਾਤ ਕੀਤੀ। ਮੇਰੇ ਬਚਪਨ ਦੇ ਮੁਤਅੱਲਕ (ਬਾਰੇ) ਪੁੱਛੀਆਂ ਗੱਲਾਂ ਵਿਚੋਂ ਉਪਰ ਵਾਲੀ ਗੱਲ ਜਦੋਂ ਮੈਂ ਪੜ੍ਹੀ ਤਾਂ ਪੂਰਾ ਨਕਸ਼ਾ ਮੇਰੇ ਜ਼ਿਹਨ ਵਿਚ ਫਿਰ ਤੋਂ ਉਕਰਿਆ ਗਿਆ। ਮੈਂ ਹਾਲੀਂ ਵੀ ਆਪਣੇ ਆਪ ਨੂੰ ਉਸ ਪੰਡਿਤ ਦੀ ਦੁਕਾਨ ਤੇ ਤੜਾਗੀ ਪਾਈ ਖੜ੍ਹਾ ਮਹਿਸੂਸ ਕਰ ਸਕਦਾ ਹਾਂ, ਪਰ ਪੰਡਿਤ ਦੀ ਸ਼ਕਲ ਬਹੁਤ ਯਾਦ ਕਰਨ ਤੇ ਵੀ ਯਾਦ ਨਹੀਂ ਆ ਰਹੀ, ਹਾਲਾਂਕਿ ਮੇਰਾ ਬਚਪਨ ਜ਼ਿਆਦਾਤਰ ਨਾਨਕੇ ਹੀ ਗੁਜ਼ਰਿਆ ਹੈ। ਉਸ ਝੱਗਾ ਸਿਲਾਉਣ ਦੇ ਕਿੱਸੇ ਤੋਂ ਬਾਅਦ ਵੀ ਮੈਂ ਕਈ ਵਾਰ ਪੰਡਿਤ ਬੂਆ ਦਿੱਤੇ ਨੂੰ ਮਿਲਿਆ ਸਾਂ ਤੇ ਉਹ ਬੜੇ ਚਾਅ ਨਾਲ ਮੇਰਾ ਹਾਲ ਚਾਲ ਪੁੱਛਦੇ ਹੁੰਦੇ ਸੀ। ਨਾਨਕੇ ਪਿੰਡ ਜ਼ਿਆਦਾ ਤੇ ਆਪਣੇ ਪਿੰਡ ਘੱਟ ਬੀਤਿਆ ਮੇਰਾ ਬਚਪਨ।

ਬਾਪੂ ਦੇ ਸਿੰਘਾਪੁਰ ਜ਼ਿਆਦਾ ਰਹਿਣ ਕਰਕੇ ਵੀ ਸ਼ਾਇਦ ਇਹ ਗੱਲ ਹੋਈ ਹੋਵੇ। ਜਦੋਂ ਬਾਪੂ ਨੇ ਖਾਸ ਤੌਰ ਤੇ ਚਿੱਠੀ ਲਿਖ ਕੇ ਆਪਣੀ ਇੱਛਾ ਜ਼ਾਹਿਰ ਕੀਤੀ ਕਿ ਮੁੰਡੇ ਨੂੰ ਸਕੂਲੇ ਪੜ੍ਹਨੇ ਪਾ ਦਿਓ ਤਾਂ ਮੈਂ ਪੱਕੇ ਤੌਰ ਤੇ ਧਰਮੂਚੱਕ ਰਹਿਣ ਲੱਗ ਪਿਆ। ਪੜ੍ਹਨ ਦਾ ਮੈਨੂੰ ਬਹੁਤ ਸ਼ੌਂਕ ਸੀ। ਸਾਡੇ ਲਾਗਦੇ ਪਿੰਡ ਜਲਾਲ ਉਸਮਾਨ ਮਦਰੱਸਾ ਸੀ ਤੇ ਉਸ ਸਕੂਲ ਦਾ ਮਾਸਟਰ ਸੀ ਮਣਸਾ ਰਾਮ। ਬਹੁਤ ਛੇਤੀ ਮੈਂ ਮਾਸਟਰ ਮਣਸਾ ਰਾਮ ਦਾ ਚਹੇਤਾ ਬਣ ਗਿਆ ਤੇ ਆਪਣੀ ਪਹਿਲੀ ਪੱਕੀ ਕਲਾਸ ਦਾ ਮਨੀਟਰ ਵੀ ਮੈਨੂੰ ਥਾਪਿਆ ਗਿਆ। ਮੇਰੇ ਹਾਣੀ, ਜਿਹੜੇ ਮੈਥੋਂ ਪਹਿਲਾਂ ਉਸ ਸਕੂਲ ਵਿਚ ਬੈਠੇ ਸਨ, ਈਰਖਾ ਵੀ ਕਰਨ ਲੱਗੇ ਪਰ ਮੈਂ ਉਹਨਾਂ ਨੂੰ ਟਿੱਚ ਜਾਣਦਾ ਸਾਂ ਕਿਉਂਕਿ ਮਾਸਟਰ ਜੀ ਦਾ ਮੇਹਰਾਂ ਭਰਿਆ ਹੱਥ ਮੇਰੇ ਸਿਰ ਤੇ ਸੀ। ਮਾੜੇ ਮੁੰਡੇ ਤਾਂ ਵੈਸੇ ਹੀ ਡਰਦੇ ਸਨ ਤੇ ਜਿਹੜੇ ਜ਼ਰਾ ਵੱਡੇ ਤੇ ਤਗੜੇ ਸਨ, ਉਹਨਾਂ ਨੂੰ ਮੈਂ ਮਾਸਟਰ ਕੋਲ ਸ਼ਿਕਾਇਤ ਦਾ ਡਰ ਪਾ ਕੇ ਡਰਾ ਲੈਂਦਾ ਸਾਂ। ਲੱਕੜ ਦੀ ਤਖ਼ਤੀ ਤੇ ਉਰਦੂ ਜ਼ਬਾਨ ਦਾ ਕਾਇਦਾ ਮੇਰਾ ਬਸਤਾ ਸੀ। ਤਖ਼ਤੀ ਨੂੰ ਪਾਣੀ ਨਾਲ ਧੋ ਕੇ ਉਪਰ ਗਾਚੀ ਮਲੀ ਜਾਂਦੀ ਸੀ ਤੇ ਫਿਰ ਉਸ ਨੂੰ ਧੁੱਪੇ ਸੁਕਾ ਕੇ ਸਬਕ ਲਿਖਣ ਵਾਸਤੇ ਤਿਆਰ ਕੀਤਾ ਜਾਂਦਾ ਸੀ। ਮੇਰੀ ਤਖ਼ਤੀ ਹਮੇਸ਼ਾ ਮੇਰੇ ਹਾਣੀ ਹੀ ਤਿਆਰ ਕਰ ਦਿੰਦੇ ਸਨ। ਜਿੰਨਾ ਚਿਰ ਮੈਂ ਮਨੀਟਰ ਨਹੀਂ ਸਾਂ ਬਣਿਆ ਉਨਾ ਚਿਰ ਤਾਂ ਮੈਂ ਖੁਦ ਹੀ ਇਹ ਕੰਮ ਦੁਪਹਿਰ ਦੀ ਛੁੱਟੀ ਵੇਲੇ ਕਰਦਾ ਸੀ ਕਿਉਂਕਿ ਸਾਰੇ ਸਕੂਲ ਨੂੰ ਹਦਾਇਤਾਂ ਸਨ ਕਿ ਦੁਪਹਿਰ ਦੀ ਛੁੱਟੀ ਵੇਲੇ ਖਾਣਾ ਵੀ ਖਾਓ ਤੇ ਤਖ਼ਤੀਆਂ ਵੀ ਤਿਆਰ ਕਰੋ। ਪਰ ਜਦੋਂ ਮੈਂ ਮਨੀਟਰ ਬਣਿਆ ਤਾਂ ਕਈ ਮੁੰਡੇ ਮੇਰੇ ਦੋਸਤ ਬਣ ਗਏ। ਮੈਂ ਅੱਧੀ ਛੁੱਟੀ ਵੇਲੇ ਬੜੇ ਟੌਹਰ ਨਾਲ ਆਚਾਰ ਨਾਲ ਪਰੌਂਠੇ ਚੱਬਦਾ ਤੇ ਮੇਰੇ ਦੋਸਤ ਮੇਰੀ ਫੱਟੀ ਤਿਆਰ ਕਰਦੇ। ਅਫਸਰ ਬਣਨ ਦਾ ਇੰਨਾ ਫਾਇਦਾ ਤਾਂ ਹੋਣਾ ਹੀ ਚਾਹੀਦਾ ਹੈ।

ਮਾਸਟਰ ਜੀ ਵੱਲੋਂ ਘਰ ਵਾਲਿਆਂ ਨੂੰ ਖ਼ਬਰ ਪਹੁੰਚਾਈ ਗਈ ਕਿ ਤੁਹਾਡਾ ਮੁੰਡਾ ਬੜਾ ਲਾਇਕ ਏ। ਪਰ ਘਰ ਦਾ ਮਾਹੌਲ ਕੁਝ ਹੋਰ ਹੀ ਸੀ। ਕਈ ਦਿਨਾਂ ਤੋਂ ਮਾਂ ਨਾਲ ਦਾਦੇ ਬੂੜ ਸਿੰਘ ਦਾ ਤਣਾਅ ਵਧਦਾ ਹੀ ਜਾਂਦਾ ਸੀ। ਬਾਬਾ ਕਹਿੰਦਾ, ਭਈ ਮੁੰਡਾ ਛੇ ਸੱਤ ਸਾਲ ਦਾ ਹੋ ਗਿਆ ਇਸ ਨੂੰ ਘਰ ਦਾ ਕੰਮਕਾਜ ਕਰਨ ਦਿਓ, ਭੇਜ ਦਿੰਦੀ ਆ ਪਰੌਂਠੇ ਬੰਨ੍ਹ ਕੇ ਮਦਰੱਸੇ। ਸਾਰਾ ਦਿਨ ਮੁਣਸ਼ੀਆਂ ਦੀਆਂ ਝਿੜਕਾਂ ਖਾ ਕੇ ਮੁੰਡੇ ਦਾ ਸਾਹ ਖੁਸ਼ਕ ਹੋਇਆ ਰਹਿੰਦੈ। ਇਹ ਕਿਹੜਿਆਂ ਕੰਮਾਂ ਵਿਚੋਂ ਕੰਮ ਹੋਇਆ। ਡੰਗਰ ਖੁਰਲੀਆਂ ਤੇ ਭੁੱਖੇ ਤਿਹਾਏ ਬੱਧੇ ਰਹਿੰਦੇ ਹਨ। ਮੱਝਾਂ ਨੂੰ ਬਾਹਰ ਨਾ ਛੱਡਿਆ ਜਾਵੇ ਤਾਂ ਦੁੱਧੋਂ ਸੁੱਕ ਜਾਂਦੀਆਂ ਨੇ। ਇਹਦੀ ਉਮਰ ਦੇ ਮੁੰਡੇ ਤਾਂ ਵੱਗ ਚਾਰਨ ਤੋਂ ਇਲਾਵਾ ਪੱਠੇ ਦੱਥਾ ਵੀ ਕਰਵਾਉਂਦੇ ਨੇ। ਇਕ ਦਿਨ ਮੇਰੀ ਮਾਂ ਨੇ ਕਿਹਾ, ''ਪੁੱਤ ਤੂੰ ਪੜ੍ਹਨ ਨਾ ਜਾਇਆ ਕਰ।'' ਮੈਂ ਕਿਹਾ, ''ਕਿਉਂ?'' ਤਾਂ ਜਵਾਬ ਸੀ, ''ਆਪਣੇ ਬਾਬੇ ਦਾ ਕੰਮ ਕਰਨ ਵਿਚ ਹੱਥ ਵਟਾਇਆ ਕਰ।'' ਮੈਂ ਕਿਹਾ ਕਿ ਮੈਂ ਤਾਂ ਪੜ੍ਹਨ ਜ਼ਰੂਰ ਜਾਣਾ ਹੈ। ਇਸੇ ਤਰ੍ਹਾਂ ਕੁਝ ਦਿਨ ਹੋਰ ਲੰਘ ਗਏ। ਮਾਂ ਨੇ ਬਾਬੇ ਨੂੰ ਇਹ ਵੀ ਕਿਹਾ, ਭਈ ਮੁੰਡੇ ਦੇ ਬਾਪੂ ਨੇ ਜੋ ਚਿੱਠੀ ਲਿਖੀ ਹੈ ਕਿ ਇਸ ਨੂੰ ਪੜ੍ਹਨੇ ਪਾਓ ਤਾਂ ਉਹਨਾਂ ਨੂੰ ਕੀ ਜਵਾਬ ਦੇਵਾਂਗੇ। ਬਾਬੇ ਨੇ ਕਿਹਾ, ਉਹਦੀ ਤਾਂ ਸਿੰਘਾਪੁਰ ਬੈਠੇ ਦੀ ਮੱਤ ਮਾਰੀ ਗਈ ਹੈ। ਰਤਾ ਜਿੰਨੇ ਮੁੰਡੇ ਨੂੰ ਪੜ੍ਹਾਈ ਦੇ ਫਿਕਰ ਨਾਲ ਮਧੋਲ ਕੇ ਮਾਰਨਾ ਚਾਹੁੰਦੈ। ਦਰਅਸਲ ਬਾਬੇ ਦਾ ਮਕਸਦ ਇਹ ਸੀ ਕਿ ਵਾਹੀ ਦੇ ਕੰਮ ਵਿਚ ਮੁੰਡਾ ਉਸ ਦਾ ਸਾਥ ਦੇਵੇ। ਇਕ ਦਿਨ ਪਤਾ ਨਹੀਂ ਕਿੰਨੀ ਲੜਾਈ ਹੋਈ ਹੋਵੇਗੀ, ਕਿਉਂਕਿ ਜਦੋਂ ਮੈਂ ਸਕੂਲੋਂ ਵਾਪਸ ਆਇਆ ਤਾਂ ਮਾਂ ਦੀਆਂ ਅੱਖਾਂ ਰੋ ਰੋ ਕੇ ਸੁੱਜੀਆਂ ਹੋਈਆਂ ਸਨ। ਮੈਂ ਉਦੋਂ ਤਾਂ ਕੁਝ ਨਾ ਸਮਝ ਸਕਿਆ ਪਰ ਉਦਾਸ ਜ਼ਰੂਰ ਹੋ ਗਿਆ ਤੇ ਫਿਰ ਕੁਝ ਚਿਰ ਬਾਅਦ ਮੁੰਡਿਆਂ ਨਾਲ ਗੁੱਲੀ ਡੰਡਾ ਖੇਡਣ ਬਾਹਰ ਚਲਾ ਗਿਆ। ਪਰ ਪੂਰੀ ਬਿਪਤਾ ਦੂਸਰੇ ਦਿਨ ਪਈ, ਜਦੋਂ ਮੇਰਾ ਪਰੌਂਠਾ ਵੀ ਤਿਆਰ ਨਹੀਂ ਸੀ ਤੇ ਬਸਤਾ ਵੀ ਰੋਜ਼ ਵਾਲੀ ਥਾਂ ਤੇ ਨਹੀਂ ਸੀ। ਮੈਂ ਮਾਂ ਨੂੰ ਕਿਹਾ, ''ਮੇਰਾ ਪਰੌਂਠਾ ਲਿਆ, ਮੈਂ ਛੇਤੀ ਜਾਣਾ ਐ। ਮੇਰੇ ਹਾਣੀ ਤਾਂ ਪਿੰਡੋਂ ਬਾਹਰ ਵੀ ਨਿਕਲ ਗਏ ਹੋਣੇ ਹਨ।'' ਮਾਂ ਨੇ ਕਿਹਾ, ''ਪਰੌਂਠਾ ਤਾਂ ਅੱਜ ਬਣਾਇਆ ਈ ਨਹੀਂ।'' ਮੈਂ ਕਿਹਾ, ''ਚਲੋ ਕੋਈ ਗੱਲ ਨਹੀਂ, ਮੈਂ ਲੌਢੇ ਵੇਲੇ ਘਰ ਆ ਕੇ ਖਾ ਲਵਾਂਗਾ ਪਰ ਮੇਰਾ ਬਸਤਾ ਕਿੱਥੇ ਹੈ ਉਹ ਨਹੀਂ ਮਿਲ ਰਿਹਾ।'' ਮਾਂ ਨੇ ਕਿਹਾ, ''ਤੂੰ ਪੜ੍ਹਨ ਨਹੀਂ ਜਾਵੇਂਗਾ।'' ਮੈਂ ਰੌਲਾ ਪਾ ਦਿੱਤਾ ਭਈ ਮੈਂ ਜ਼ਰੂਰ ਜਾਣਾ ਹੈ। ਮਾਂ ਨੇ ਡਾਟ ਡਪਟ ਕੀਤੀ, ਮੈਂ ਰੋਣਾ ਸ਼ੁਰੂ ਕਰ ਦਿੱਤਾ। ਮਾਂ ਨੇ ਗੁੱਸੇ ਵਿਚ ਮੇਰਾ ਬਸਤਾ ਉੱਚੀ ਜਗ੍ਹਾ ਪਰਛੱਤੀ ਤੇ ਵਗਾਹ ਮਾਰਿਆ ਤੇ ਆਪ ਵੀ ਰੋਣ ਲੱਗ ਪਈ। ਮੈਂ ਤਾਂ ਸਕੂਲ ਜਾਣ ਲਈ ਰੋ ਰਿਹਾ ਸੀ ਪਰ ਮਾਂ ਕਿਉਂ ਰੋ ਰਹੀ ਸੀ, ਮੇਰੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਆਖਿਰ ਉਦਾਸ ਹੋ ਕੇ ਮੈਂ ਘਰੋਂ ਬਾਹਰ ਚਲਿਆ ਗਿਆ। ਰਾਤ ਘਰ ਆਇਆ ਤਾਂ ਵਾਤਾਵਰਣ ਸ਼ਾਂਤ ਸੀ। ਮੈਨੂੰ ਰੋਟੀ ਖਾਣ ਲਈ ਕਿਹਾ ਗਿਆ ਪਰ ਮੈਂ ਰੁੱਸ ਗਿਆ, ਰੋਟੀ ਨਹੀਂ ਖਾਧੀ, ਬਾਹਰੋਂ ਗੰਨੇ ਵਗੈਰਾ ਜੋ ਚੂਪ ਆਇਆ ਸਾਂ। ਮਾਂ ਨੇ ਮੈਨੂੰ ਬਹੁਤ ਸਮਝਾਇਆ ਤੇ ਇਹ ਵੀ ਕਿਹਾ ਕਿ ਤੇਰਾ ਬਾਬਾ ਜਿਸ ਤਰ੍ਹਾਂ ਕਹਿੰਦਾ ਹੈ ਉਸ ਤਰ੍ਹਾਂ ਕਰਨਾ ਹੀ ਪੈਣਾ ਹੈ, ਕਿਉਂਕਿ ਤੇਰਾ ਬਾਪੂ ਘਰ ਜੋ ਨਹੀਂ। ਆਖਿਰ ਫੈਸਲਾ ਇਹ ਹੋਇਆ ਕਿ ਜੇ ਤੂੰ ਪੜ੍ਹਨਾ ਈ ਏ ਤਾਂ ਸਕੂਲ ਦੀ ਬਜਾਏ ਰੋੜੀਆਂ ਵਾਲੇ ਬਾਬੇ ਕੋਲ ਸਵੇਰੇ ਪੜ੍ਹਨ ਚਲਿਆ ਜਾਇਆ ਕਰ ਤੇ ਦੁਪਹਿਰ ਨੂੰ ਆ ਕੇ ਡੰਗਰ ਚਾਰਨ ਲੈ ਜਾਇਆ ਕਰ। ਇਸ ਤਰ੍ਹਾਂ ਦੋਵੇਂ ਕੰਮ ਹੋ ਜਾਇਆ ਕਰਨਗੇ। ਕਿੱਥੇ ਰੋੜੀਆਂ ਵਾਲੇ ਬਾਬੇ ਸ਼ਾਮ ਸਿੰਘ ਦੀ ਪੜ੍ਹਾਈ ਤੇ ਕਿੱਥੇ ਸਕੂਲ ਦੀ। ਪਰ ਕੀਤਾ ਵੀ ਕੀ ਜਾਂਦਾ। ਮੈਂ ਰਾਜ਼ੀ ਹੋ ਗਿਆ।

### ਮੇਰਾ ਜਨਮ

ਮੇਰਾ ਜਨਮ 19-11-1928 ਦਾ ਹੈ ਜਾਂ 17-11-1928 ਦਾ, ਇਸ ਦਾ ਹਾਲੀ ਤੱਕ ਫੈਸਲਾ ਨਹੀਂ ਹੋਇਆ, ਕਿਉਂਕਿ ਅੰਮ੍ਰਿਤਸਰ ਰਜਿਸਟਰਾਰ ਦੇ ਰਜਿਸਟਰ ਵਿਚ ਲਿਖਿਆ ਹੈ 17-11-1928 ਤੇ ਇਕ ਪੱਤਰੀ ਵਾਲੇ ਪਾਂਧੇ ਕੋਲੋਂ ਮਾਂ ਨੇ ਸੰਮਤ ਬਿਕ੍ਰਮੀ ਦਸ ਕੇ ਤੇ ਇਹ ਦੱਸ ਕੇ ਕਿ ਦਿਨ ਐਤਵਾਰ ਦਾ ਸੀ ਤੇ ਤੜਕੇ ਦੇ ਸੂਰਜ ਦੀ ਲਾਲੀ ਉਪਰ ਨੂੰ ਆ ਰਹੀ ਸੀ ਜਦੋਂ ਮੇਰਾ ਜਨਮ ਹੋਇਆ, ਮੇਰੇ ਜਨਮ ਦੀ ਤਰੀਕ ਪੁੱਛੀ ਤਾਂ ਪਾਂਧੇ ਨੇ 19-11-1928 ਦੀ ਤਰੀਕ ਦੱਸੀ।

ਇਹ ਸਾਰੀ ਗੜਬੜ ਇਸ ਲਈ ਹੋਈ ਕਿਉਂਕਿ ਜਦੋਂ ਮੈਂ ਹਿੰਦੁਸਤਾਨ ਦਾ ਘੋਲਾਂ ਦਾ ਚੈਂਪੀਅਨ ਬਣ ਗਿਆ ਤਾਂ ਅਖ਼ਬਾਰਾਂ ਵਾਲਿਆਂ ਨੇ ਪੁੱਛਿਆ ਕਿ ਪਹਿਲਵਾਨ ਤੇਰੀ ਉਮਰ ਕਿੰਨੀ ਹੈ। ਮੈਂ ਉਹਨਾਂ ਨੂੰ ਅੰਦਾਜ਼ਨ ਉਮਰ ਦੱਸੀ ਤਾਂ ਉਨ੍ਹਾਂ ਨੇ ਮੇਰਾ ਮਜ਼ਾਕ ਜਿਹਾ ਉਡਾਇਆ। ਮੈਂ ਉਸ ਦਿਨ ਤੋਂ ਇਹ ਗੱਲ ਪੱਲੇ ਬੰਨ੍ਹ ਲਈ ਭਈ ਇਕ ਵਾਰੀ ਪੱਕੀ ਉਮਰ ਦਾ ਪਤਾ ਜ਼ਰੂਰ ਕਰਨਾ ਹੈ, ਕਿਉਂਕਿ ਪਾਸਪੋਰਟ ਬਣਾਉਣ ਲੱਗਿਆਂ ਵੀ ਮੇਰੀ ਉਮਰ ਅੰਦਾਜ਼ਨ ਹੀ ਦੱਸੀ ਗਈ ਸੀ। ਜਿਸ ਨੇ ਫਾਰਮ ਭਰਿਆ ਸੀ ਉਹ ਬੰਦਾ ਪੜ੍ਹਿਆ ਲਿਖਿਆ ਸੀ, ਕਹਿਣ ਲੱਗਾ ਜੇ ਅੰਦਾਜ਼ਨ ਉਮਰ ਦੱਸੇਂਗਾ ਤਾਂ ਪਾਸਪੋਰਟ ਨਹੀਂ ਬਣਨਾ। ਮੈਂ ਲਾਚਾਰੀ ਜ਼ਾਹਿਰ ਕੀਤੀ ਭਈ ਜਦੋਂ ਮੈਨੂੰ ਪੱਕੀ ਉਮਰ ਦਾ ਪਤਾ ਨਹੀਂ ਤਾਂ ਮੈਂ ਕੀ ਕਰਾਂ। ਉਸ ਨੇ ਕਿਹਾ 18 ਸਾਲ ਤੋਂ ਉਪਰ ਉਮਰ ਹੋਵੇ ਤਾਂ ਪਾਸਪੋਰਟ ਬਣਦਾ ਹੈ, ਤੂੰ ਕਹਿਨਾਂ ਕਿ ਮੇਰੀ ਉਮਰ ਅੰਦਾਜ਼ਨ 18-19 ਸਾਲ ਦੀ ਹੈ, ਸੋ ਆਪਾਂ ਘੱਟ ਤੋਂ ਘੱਟ 20 ਸਾਲ ਲਿਖੀਏ ਤਾਂ ਚੰਗਾ ਰਹੇਗਾ।

ਮੈਂ ਕਿਹਾ ਭਈ ਇਹ ਤਾਂ ਝੂਠ ਬੋਲਿਆ ਜਾਵੇਗਾ। ਕਹਿਣ ਲੱਗਾ ਤੈਨੂੰ ਝੂਠ ਜ਼ਬਾਨੀ ਨਹੀਂ ਬੋਲਣਾ ਪਵੇਗਾ, ਮੈਂ ਫਾਰਮ ਭਰ ਦਿੰਦਾ ਹਾਂ ਤੂੰ ਦਸਤਖ਼ਤ ਕਰ ਦੇ, ਪਾਸਪੋਰਟ ਬਣ ਕੇ ਆਪੇ ਤੇਰੇ ਘਰ ਆ ਜਾਵੇਗਾ। ਮੈਂ ਸੁਖ ਦਾ ਸਾਹ ਲਿਆ ਤੇ ਫਾਰਮ ਤੇ ਦਸਤਖ਼ਤ ਕਰ ਦਿੱਤੇ। ਇਹ ਉਪਰ ਵਾਲਾ ਕਿੱਸਾ ਸਿੰਘਾਪੁਰ ਵੱਡੇ ਗੁਰਦੁਆਰੇ ਬੈਠਿਆਂ ਹੋਇਆ ਸੀ।

ਸੰਨ 1947 ਵਿਚ ਜਦੋਂ ਹਿੰਦੁਸਤਾਨ ਆਜ਼ਾਦ ਦੇਸ ਬਣਿਆ ਤਾਂ ਮੈਨੂੰ ਸਿੰਘਾਪੁਰ ਆਏ ਨੂੰ ਤਕਰੀਬਨ ਇਕ ਮਹੀਨਾ ਹੋਇਆ ਸੀ। ਸੰਨ 1948 ਵਿਚ ਸਿੰਘਾਪੁਰ ਐਲਾਨ ਹੋਇਆ ਕਿ ਭਈ ਸਾਰੇ ਹਿੰਦ ਵਾਸੀ ਪਾਸਪੋਰਟ ਬਣਾ ਲਵੋ ਤਾਂ ਕਿ ਤੁਹਾਨੂੰ ਵਾਪਿਸ ਦੇਸ ਪਰਤਣ ਵਿਚ ਕੋਈ ਦਿੱਕਤ ਮਹਿਸੂਸ ਨਾ ਹੋਵੇ, ਕਿਉਂਕਿ ਪਹਿਲਾਂ ਤਾਂ ਅਸੀਂ ਮਦਰਾਸ ਸ਼ਹਿਰ ਤੋਂ ਇਕ ਪਰਮਿਟ ਲੈ ਕੇ ਹੀ ਸਿੰਘਾਪੁਰ ਪਹੁੰਚ ਗਏ ਸਾਂ। ਪਾਸਪੋਰਟ ਦੀ ਕੋਈ ਲੋੜ ਹੀ ਨਹੀਂ ਸੀ ਕਿਉਂਕ ਸਿੰਘਾਪੁਰ ਤੇ ਹਿੰਦੁਸਤਾਨ, ਦੋਹਾਂ ਤੇ ਹੀ ਅੰਗਰੇਜ਼ਾਂ ਦੀ ਹਕੂਮਤ ਸੀ।

ਜਿਸ ਦਿਨ ਭਾਰਤ ਸਰਕਾਰ ਦੇ ਬਣਾਏ ਪਾਸਪੋਰਟ ਲੋਕਾਂ ਨੂੰ ਮਿਲੇ, ਖੁਸ਼ੀਆਂ ਹੀ ਖੁਸ਼ੀਆਂ ਛਾ ਗਈਆਂ। ਮਾਨੋ ਲੋਕਾਂ ਦਾ ਨਵਾਂ ਜਨਮ ਹੋਇਆ ਹੋਵੇ। ਕਈ ਲੋਕ ਤਾਂ ਆਪਣੀਆਂ ਜੇਬਾਂ ਵਿਚ ਕਈ ਕਈ ਦਿਨ ਪਾਸਪੋਰਟ ਪਾਈ ਫਿਰਦੇ ਰਹੇ। ਮੈਨੂੰ ਆਜ਼ਾਦੀ ਤੇ ਗ਼ੁਲਾਮੀ ਦੇ ਮਤਲਬ ਦਾ ਬਾਹਲਾ ਪਤਾ ਉਦੋਂ ਨਹੀਂ ਸੀ ਪਰ ਪਾਸਪੋਰਟ ਮਿਲਣ ਦੀ ਖੁਸ਼ੀ ਇਸ ਕਰਕੇ ਬਹੁਤੀ ਹੋਈ ਕਿ ਹੁਣ ਜੇ ਮੈਂ ਘਰ ਯਾਨਿ ਹਿੰਦੁਸਤਾਨ ਜਾਣਾ ਚਾਹਾਂਗਾ ਤਾਂ ਕੋਈ ਰੁਕਾਵਟ ਨਹੀਂ ਹੋਵੇਗੀ। ਤੇ ਉਸ ਪਾਸਪੋਰਟ ਦਾ ਫਾਇਦਾ ਮੈਨੂੰ ਅਗਲੇ ਹੀ ਸਾਲ ਹੋ ਗਿਆ ਜਦੋਂ ਅਚਾਨਕ ਘੋਲ ਕਰਨ ਵਾਸਤੇ ਇੰਡੋਨੇਸ਼ੀਆ ਜਾਣਾ ਪਿਆ। ਉਹ ਪ੍ਰੋਗਰਾਮ ਇੰਨਾ ਅਚਾਨਕ ਬਣਿਆ ਕਿ ਜੇ ਮੇਰੇ ਕੋਲ ਪਾਸਪੋਰਟ ਨਾ ਹੁੰਦਾ ਤਾਂ ਨਵਾਂ ਬਣਾਉਣ ਵਿਚ ਇੰਨਾ ਵਕਤ ਲੱਗਣਾ ਸੀ ਕਿ ਮੈਂ 'ਬਤਾਵੀ' ਤੇ 'ਬਾਂਡੂਪ' ਵਰਗੇ ਸ਼ਹਿਰ ਨਹੀਂ ਸਨ ਵੇਖ ਸਕਣੇ।

ਕੁਸ਼ਤੀਆਂ ਦੇ ਸਿਲਸਿਲੇ ਵਿਚ ਕਾਂਟਰੈਕਟ ਸਾਈਨ ਕਰਨ ਦਾ ਇਹ ਮੇਰਾ ਪਹਿਲਾ ਮੌਕਾ ਸੀ। ਮੈਂ ਕਾਂਟਰੈਕਟ ਤੇ ਪੰਜਾਬੀ ਵਿਚ ਦਸਤਖ਼ਤ ਕੀਤੇ ਜਦ ਕਿ ਕਾਂਟਰੈਕਟ ਲਿਖਿਆ ਅੰਗਰੇਜ਼ੀ ਵਿਚ ਸੀ। ਮੈਨੂੰ ਜੋ ਦੱਸਿਆ ਗਿਆ, ਉਸ ਤੇ ਇਤਬਾਰ ਕਰਕੇ ਮੈਂ ਦਸਤਖ਼ਤ ਤਾਂ ਕਰ ਦਿੱਤੇ ਪਰ ਮਨ ਵਿਚ ਪੱਕਾ ਇਰਾਦਾ ਬਣਾ ਲਿਆ ਭਈ ਇਹ ਜ਼ਬਾਨ ਇੰਨੀ ਜ਼ਰੂਰ ਸਿੱਖਣੀ ਹੈ ਕਿ ਕਾਂਟਰੈਕਟ ਪੜ੍ਹਨਾ ਆ ਜਾਵੇ।

ਇੰਡੋਨੇਸ਼ੀਆ ਮੈਂ ਤੇ ਮੇਰਾ ਗੁਰੂ ਹਰਨਾਮ ਸਿੰਘ ਘੋਲਾਂ ਵਾਸਤੇ ਗਏ ਸੀ ਤੇ ਉਸ ਜ਼ਮਾਨੇ ਦਾ ਸਿੰਘਾਪੁਰ ਦਾ ਮਸ਼ਹੂਰ ਬਾਕਸਰ ਜਗੀਰ ਸਿੰਘ ਵੀ ਸਾਡੇ ਨਾਲ ਹੀ ਬਾਕਸਿੰਗ ਕਰਨ ਗਿਆ ਸੀ।ਅਸੀਂ ਤਿੰਨੇ ਇਕੋ ਹੀ ਹੋਟਲ ਵਿਚ ਰਹਿੰਦੇ ਸਾਂ। ਸਵੇਰ ਦੀ ਵਰਜਿਸ਼ ਕਰਨ ਤੋਂ ਬਾਅਦ ਮੈਂ ਨਿਤਨੇਮ ਨਾਲ ਇੰਗਲਿਸ਼ ਜ਼ਬਾਨ ਪੜ੍ਹਨ ਬੈਠ ਜਾਂਦਾ ਸੀ। ਗੁਰਮੁਖੀ ਵਿਚ ਲਿਖੇ ਇੰਗਲਿਸ਼ ਟੀਚਰ ਦੇ ਕਾਇਦੇ ਤੋਂ ਮੈਂ ਛੇਤੀ ਹੀ ਏ. ਬੀ. ਸੀ. ਤੋਂ ਜ਼ੈਡ ਤੱਕ ਪਹੁੰਚ ਗਿਆ। ਫਿਰ ਮੈਨੂੰ ਆ ਗਈ ਸਿੰਘਾਪੁਰੋਂ ਠੇਕੇਦਾਰ ਦੀ ਅੰਗਰੇਜ਼ੀ ਵਿਚ ਚਿੱਠੀ। ਚਿੱਠੀ ਦਾ ਮਤਲਬ ਤਾਂ ਮੈਨੂੰ ਜਗੀਰ ਨੇ ਸਮਝਾ ਦਿੱਤਾ ਪਰ ਦਿਲ ਨੂੰ ਤਸੱਲੀ ਬਿਲਕੁਲ ਨਾ ਹੋਈ। ਉਹ ਚਿੱਠੀ ਮੈਂ ਆਪਣੇ ਕੋਲ ਉਸ ਵਕਤ ਤੱਕ ਰੱਖੀ ਜਦ ਤੱਕ ਮੈਂ ਖੁਦ ਥੋੜ੍ਹੀ ਬਹੁਤ ਇੰਗਲਿਸ਼ ਪੜ੍ਹਨ ਤੇ ਲਿਖਣ ਨਾ ਲੱਗ ਪਿਆ। ਮੇਰੇ ਗੁਰੂ ਜੀ ਨੂੰ ਤਾਂ ਪੰਜਾਬੀ ਪੜ੍ਹਨੀ ਵੀ ਨਹੀਂ ਸੀ ਆਉਂਦੀ ਤੇ ਉਹਨਾਂ ਦੀਆਂ ਚਿੱਠੀਆਂ ਲਿਖਣਾ ਪੜ੍ਹਨਾ ਵੀ ਮੇਰੇ ਜ਼ਿੰਮੇਂ ਹੀ ਹੁੰਦਾ ਸੀ।

ਮੇਰੀ ਅੰਗਰੇਜ਼ੀ ਦੀ ਪੜ੍ਹਾਈ ਨੂੰ ਉਹ ਬਹੁਤ ਮਖੌਲ ਕਰਿਆ ਕਰਦੇ ਸਨ, ਅਖੇ ਇਹਨੇ ਪੜ੍ਹ ਕੇ ਕਿਹੜਾ ਜ਼ੈਲਦਾਰ ਲੱਗਣੈ! ਮੈਂ ਕਹਿਣਾ, ਗੁਰੂ ਜੀ ਮੁਹਾਵਰਾ ਤਾਂ ਪਟਵਾਰੀ ਦਾ ਹੈ ਤੇ ਤੁਸੀਂ ਜ਼ੈਲਦਾਰ ਬਣਾ ਦਿੱਤਾ। ਕਹਿੰਦੇ, ਤੂੰ ਮੈਨੂੰ ਜੱਟਾਂ ਬੂਟਾਂ ਨਾਲ ਮਿਲਾ ਦਿੱਤਾ, ਮੈਂ ਤਾਂ ਅਮਰੀਕਾ ਤੇ ਅਫ਼ਰੀਕਾ ਵੀ ਫਿਰ ਆਇਆਂ। ਕਦੀ ਕਦੀ ਗੁਰੂ ਦੀ ਮੌਜ ਵਿਚ ਆ ਕੇ ਆਪਣੇ ਇਕ ਦੂਸਰੇ ਸ਼ਾਗਿਰਦ ਸੁਦਾਗਰ ਸਿੰਘ ਕੰਮੋਆਣੀਏ ਨੂੰ ਮਖੌਲ ਕਰਿਆ ਕਰਦੇ ਸਨ (ਅਖੇ ਇਨ੍ਹਾਂ ਧੂਤਿਆਂ ਨੇ ਕਿਹੜਾ ਜੱਗ ਵੇਖਿਆ, ਰੂੜੀਆਂ ਪਿਛਵਾੜੇ ਹੱਗ ਵੇਖਿਆ)।

ਸੌਦਾਗਰ ਸਿੰਘ ਭਾਵੇਂ ਹੈ ਤਾਂ ਉਹਨਾਂ ਦਾ ਸ਼ਾਗਿਰਦ ਸੀ ਪਰ ਕਦੀ ਕਦੀ ਦੋਸਤਾਂ ਵਾਲਾ ਵਤੀਰਾ ਵੀ ਅਖ਼ਤਿਆਰ ਕਰ ਲੈਂਦਾ ਸੀ। ਮਾਝੇ ਵਾਲਿਆਂ ਨੂੰ ਖੱਬਲ ਕਹਿਣਾ ਤੇ ਮਲਵਈ ਦੀ ਤਾਰੀਫ ਕਰਨੀ ਉਸ ਦਾ ਨਿੱਤ ਦਾ ਸ਼ੌਂਕ ਸੀ। ਧੂਤੇ ਤੇ ਖੱਬਲ ਲਫਜ਼ ਸਿੰਘਾਪੁਰ ਦੇ ਨਿਵਾਸੀਆਂ (ਪੰਜਾਬੀ) ਲਈ ਨਵੇਂ ਨਹੀਂ ਪਰ ਦੂਜਿਆਂ ਨੂੰ ਸ਼ਾਇਦ ਇਸ ਦੀ ਸਮਝ ਨਾ ਪਵੇ, ਇਸ ਲਈ ਖੁਲਾਸਾ ਕਰਨਾ ਜ਼ਰੂਰੀ ਸਮਝਦਾ ਹਾਂ। ਖੱਬਲ ਤੇ ਧੂਤੇ, ਦੋਹਾਂ ਦਾ ਹੀ ਮਤਲਬ ਬੇਵਕੂਫ ਹੈ। ਮਾਝੇ ਵਾਲਿਆਂ ਨੂੰ ਮਾਲਵੇ ਵਾਲੇ ਬੜੇ ਪਿਆਰ ਨਾਲ ਖੱਬਲ ਕਹਿੰਦੇ ਹਨ ਤੇ ਮਾਝੇ ਵਾਲੇ ਵੀ ਉਸੇ ਸਤਿਕਾਰ ਨਾਲ ਮਲਵਈਆਂ ਨੂੰ ਧੂਤੇ ਕਹਿੰਦੇ ਹਨ। ਸਾਰਿਆਂ ਦਾ ਇਕ ਸਾਂਝਾ ਗੁਰਦੁਆਰਾ ਹੈ ਜਿਸ ਨੂੰ ਵੱਡਾ ਗੁਰਦੁਆਰਾ ਕਹਿੰਦੇ ਹਨ ਅਤੇ ਇਹਨਾਂ ਲੋਕਾਂ ਨੇ ਅਲੱਗ ਅਲੱਗ ਵੀ ਗੁਰਦੁਆਰੇ ਬਣਾਏ ਹੋਏ ਹਨ। ਵੇਖੋ ਵੇਖੀ ਦੁਆਬੀਆਂ ਨੇ ਵੀ ਆਪਣਾ ਗੁਰਦੁਆਰਾ ਬਣਾਇਆ।

ਮੈਂ ਸਿੰਘਾਪੁਰ ਦਾ ਹਾਲ ਤੁਹਾਨੂੰ ਪਹਿਲਾਂ ਹੀ ਦੱਸਣ ਲੱਗ ਪਿਆ। ਇਹ ਤਾਂ ਅੱਗੇ ਜਾ ਕੇ ਦੱਸਣਾ ਹੀ ਪੈਣਾ, ਪਹਿਲਾਂ ਜਨਮ ਦੀ ਗੱਲ ਕਰ ਲਈਏ। ਤਰੀਕ ਦੋਹਾਂ ਵਿਚੋਂ ਜਿਹੜੀ ਵੀ ਠੀਕ ਹੋਵੇ ਪੱਕੀ ਤਰੀਕ ਨਿਸ਼ਚੇ ਕਰ ਲਈ ਜਾਵੇਗੀ (ਪਰ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ) ਪੱਕੀ ਗੱਲ ਤਾਂ ਇਹ ਹੈ ਕਿ ਅਸੀਂ ਜੰਮੇ ਜ਼ਰੂਰ ਸੀ ਤੇ ਸੁਣਿਆ ਹੈ ਕਿ ਘਰ ਵਾਲਿਆਂ ਨੇ ਬੜੀਆਂ ਖੁਸ਼ੀਆਂ ਮਨਾਈਆਂ ਭਈ ਪਲੇਠੀ ਦਾ ਪੁੱਤ ਜੰਮਿਆਂ। ਮੇਰੇ ਨਾਨਕਿਆਂ ਨੂੰ ਰਿਵਾਜ਼ੋਂ ਵੱਧ ਖਰਚ ਕਰਨਾ ਪਿਆ, ਕੱਪੜੇ ਲੱਤੇ ਤੋਂ ਇਲਾਵਾ ਮੇਰੇ ਮਾਮਿਆਂ ਨੇ ਮੇਰੇ ਕੰਨਾਂ ਵਿਚ ਨੱਤੀਆਂ ਪਾਈਆਂ, ਜਿਨ੍ਹਾਂ ਦੇ ਨਿਸ਼ਾਨ ਹਾਲੀ ਤੱਕ ਮੌਜੂਦ ਨੇ। ਕੰਨਾਂ ਵਿਚ ਔਰਤਾਂ ਦੀ ਤਰ੍ਹਾਂ ਮਰਦ ਵੀ ਕੁਝ ਨਾ ਕੁਝ ਪਾਉਂਦੇ ਸਨ। ਇਹ ਰਿਵਾਜ ਕਬੀਲਿਆਂ ਦੇ ਜ਼ਮਾਨੇ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੱਕ ਆਮ ਸੀ। ਇਹ ਰਿਵਾਜ਼ ਕਬੀਲਿਆਂ ਦੇ ਜ਼ਮਾਨੇ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੱਕ ਆਮ ਸੀ। ਪਰ ਅੱਜਕਲ੍ਹ ਤਾਂ ਪੜ੍ਹਿਆਂ ਲਿਖਿਆਂ ਨੇ ਇਸ ਦਾ ਖੁਰਾ ਖੋਜ ਹੀ ਮਿਟਾ ਦਿੱਤਾ ਹੈ। ਹੁਣ ਤਾਂ ਕਦੇ ਕਦਾਈ ਇਹ ਸ਼ੌਂਕ ਫਿਲਮ ਸਟਾਰ ਫਿਲਮਾਂ ਵਿਚ ਪੂਰਾ ਕਰਦੇ ਹਨ। ਖ਼ੈਰ, ਮੇਰੀ ਮਾਂ ਦਾ ਕਹਿਣਾ ਹੈ ਕਿ ਨੱਤੀਆਂ ਪਾਉਣ ਨਾਲ ਮੇਰੇ ਕੰਨ ਸੁੱਜ ਕੇ ਭੜੋਲਾ ਹੋ ਗਏ, ਮੈਂ ਤਾਂ ਰੋਣੋਂ ਹੀ ਚੁੱਪ ਨਾ ਕਰਾਂ! ਇਕ ਰਾਤ ਮੈਂ ਇੰਨਾ ਰੋਇਆ ਕਿ ਮੇਰੇ ਬਾਪੂ ਨੇ ਮੇਰੀ ਮਾਂ ਨੂੰ ਕਿਹਾ, ''ਇਸ ਨੂੰ ਬਾਹਰ ਪਰਨਾਲੇ ਥੱਲੇ ਸੁੱਟ ਦੇ।'' ਬਾਹਰ ਮੀਂਹ ਵਰ੍ਹਨ ਦਾ ਸ਼ੋਰ ਤੇ ਅੰਦਰ ਮੇਰੇ ਰੋਣ ਦਾ, ਬਾਪੂ ਵਿਚਾਰਾ ਦੁਖੀ ਹੋ ਗਿਆ ਹੋਣੈ। ਬੜੇ ਦਿਨਾਂ ਬਾਅਦ, ਨਾਨਕਿਆਂ ਦੀ ਰਈ ਮਰਜ਼ੀ ਨਾਲ ਮੇਰੇ ਕੰਨਾਂ ਦੀਆਂ ਨੱਤੀਆਂ ਲਾਹੀਆਂ ਗਈਆਂ ਤਾਂ ਜਾ ਕੇ ਮੈਂ ਘਰਦਿਆਂ ਨੂੰ ਸੁਖ ਦੀ ਨੀਂਦੇ ਸੌਣ ਦਿੱਤਾ। ਪਿੰਡਾਂ ਵਿਚ ਰਪਟੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ ਬੱਚਿਆਂ ਦੇ ਨਾਂ ਰਜਿਸਟਰਾਰ ਕੋਲ ਦਾਖਲ ਕਰਵਾਉਣ ਦੀ। ਸਾਡੇ ਪਿੰਡ ਦਾ ਬਰਵਾਲਾ ਰਪਟੀਆ ਸੀ। ਜਦ ਤਕ ਦਸ ਬਾਰਾਂ ਬੱਚਿਆਂ ਦੇ ਜੰਮਣ ਦੀ ਖ਼ਬਰ ਨਾ ਮਿਲ ਜਾਂਦੀ ਉਹ ਉਨਾ ਚਿਰ ਨਾਮ ਦਰਜ ਕਰਾਉਣ ਸ਼ਹਿਰ ਨਹੀਂ ਸੀ ਜਾਂਦਾ। ਮੁੰਡਿਆਂ ਦੇ ਨਾਂ ਤਾਂ ਉਹ ਫਿਰ ਵੀ ਕਿਸੇ ਤਰ੍ਹਾਂ ਅੱਗੇ ਪਿੱਛੇ ਕਰਕੇ ਲਿਖਵਾ ਹੀ ਆਉਂਦਾ ਸੀ ਪਰ ਵਿਚਾਰੀਆਂ ਕੁੜੀਆਂ ਦੇ ਨਾਂ ਤਾਂ ਉਸ ਨੇ ਕਾਕੀ ਹੀ ਰੱਖੇ ਸਨ। ਰਜਿਸਟਰ ਵੇਖਣ ਵੇਲੇ ਅਸੀਂ ਹੋਰ ਪਿੰਡ ਵਾਲਿਆਂ ਦੇ ਨਾਵਾਂ ਵੱਲ ਝਾਤੀ ਮਾਰੀ ਤਾਂ ਪਤਾ ਲੱਗਾ ਬਾਬੇ ਬਰਵਾਲੇ ਦੀ ਜ਼ਿੰਮੇਵਾਰੀ ਦਾ।

# ਕਹਾਣੀ/ ਸੌ ਲੱਤਾਂ ਵਾਲਾ ਆਦਮੀ

ਡਾ. ਜਸਵੰਤ ਰਾਏ
098158-25999



## ਕਹਾਣੀ ਬਾਰੇ

"ਸੌ ਲੱਤਾਂ ਵਾਲਾ ਆਦਮੀ" ਕਹਾਣੀ ਦਾ ਪਾਤਰ ਕਾਲਪਨਿਕ ਨਹੀਂ ਹੈ, ਸਗੋਂ ਇਹ ਭਾਰਤ ਦੇ ਖੂਬਸੂਰਤ ਸ਼ਹਿਰ ਚੰਡੀਗੜ੍ਹ ਵਿਚ ਬਤੌਰ ਪੁਲਿਸ ਇੰਨਸਪੈਕਟਰ ਸੇਵਾ ਨਿਭਾ ਰਿਹਾ ਹੈ।ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਸਮਾਜ ਦੇ ਜਰੂਰਤਮੰਦ ਵਿਦਿਆਰਥੀ ਵਰਗ ਦੀ ਮੱਦਦ ਕਰਕੇ ਉਸਨੂੰ ਸਕੂਨ ਮਿਲਦਾ ਹੈ। ਗੁਰਬਤ ਦੇ ਮਾਰੇ ਜਿਨ੍ਹਾਂ ਘਰਾਂ ਵਿਚ ਦੀਵਾ ਵੀ ਨਹੀਂ ਜਗਦਾ ਉਹ ਉਹਨਾਂ ਘਰਾਂ ਦੀਆਂ ਹਨ੍ਹੇਰੀਆਂ ਕੋਠੜੀਆਂ ਨੂੰ ਵਿਦਿਆ ਦੇ ਦਾਨ ਸੰਗ ਰੁਸ਼ਨਾ ਚੁੱਕਾ ਹੈ। ਆਪਣੇ ਅੰਗ ਅਧੂਰੇ ਹੋਣ ਦੇ ਬਾਵਜੂਦ ਵੀ ਉਹ ਸਮਾਜ ਦੇ ਪੂਰੇ ਅੰਗਾਂ ਵਾਲੇ ਵਿਅਕਤੀਆਂ ਦੀ ਵੀ ਡੰਗੋਰੀ ਬਣਦਾ ਹੈ। ਮੈਨੂੰ ਉਹ ਬੋਰਿਸ ਪੋਲੇਵੋਈ ਦੇ ਜਗਤ ਪ੍ਰਸਿੱਧ ਨਾਵਲ ਉਅਸਲੀ ਇੰਨਸਾਨ ਦੀ ਕਹਾਣੀ" ਦਾ ਨਾਇਕ ਲਗਦਾ ਹੈ। ਰਾਮ ਦਿਆਲ ਸਚਮੁਚ ਜ਼ਿੰਦਾਦਿਲੀ ਦਾ ਪ੍ਰਤੀਕ ਹੈ।

(ਦੂਜੀ ਕਿਸਤ)

ਇਨ੍ਹੀ ਦਿਨੀਂ ਸੰਯੁਕਤ ਰਾਸ਼ਟਰ ਨੇ ਭਾਰਤ ਸਰਕਾਰ ਪਾਸੋਂ ਕੋਸੋਵੋ ਮਿਸ਼ਨ ਲਈ ਕਾਬਲ ਪੁਲਿਸ ਅਧਿਕਾਰੀਆਂ ਦੀ ਮੰਗ ਕੀਤੀ ਹੋਈ ਸੀ। ਇਸ ਚੋਣ ਲਈ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਅਤੇ ਸੂਬਿਆਂ ਦੇ ਸੈਨਿਕ ਅਧਿਕਾਰੀਆਂ ਨੂੰ ਸਖਤ ਪ੍ਰੀਖਿਆਵਾਂ 'ਚੋਂ ਗੁਜ਼ਰਨਾ ਪੈਂਦਾ ਸੀ। ਚੰਡੀਗੜ੍ਹ ਪੁਲਿਸ ਦੇ ਸਿਰਫ ਦੋ ਪੁਲਿਸ ਅਧਿਕਾਰੀ ਹੀ ਇਸ ਪ੍ਰੀਖਿਆ ਨੂੰ ਸਫਲਤਾ ਨਾਲ ਪਾਸ ਕਰ ਸਕੇ। ਇਨ੍ਹਾਂ ਵਿਚੋਂ ਇੱਕ ਸੀ ਐੱਸ. ਆਈ. ਰਾਮ ਦਿਆਲ ਤੇ ਦੂਜਾ ਸੀ ਡੀ.ਐੱਸ.ਪੀ. ਜਸਵੰਤ ਸਿੰਘ ਖਹਿਰਾ। ਇਹਨਾਂ ਅਧਿਕਾਰੀਆਂ ਦੀ ਸਿਰਫ ਭਾਰਤੀ ਟ੍ਰੇਨਿੰਗ ਹੀ ਕਾਫ਼ੀ ਨਹੀਂ ਸੀ। ਸਗੋਂ ਯੂਗੋਸਲਾਵੀਆ ਦਾ ਹਿੱਸਾ ਰਹੇ ਕੋਸੋਵੋ ਦੇਸ਼ ਦੀ ਰਾਜਧਾਨੀ ਪ੍ਰਿਸਟੀਨਾ 'ਚ ਇਹਨਾਂ ਅਧਿਕਾਰੀਆਂ ਦੀ ਇੱਕ ਹਫਤਾ ਟ੍ਰੇਨਿੰਗ ਹੋਈ। ਜੰਮ ਕੇ ਸਰੀਰਕ ਅਤੇ ਮਾਨਸਿਕ ਅਭਿਆਸ ਕਰਾਇਆ ਗਿਆ। ਕੋਸੋਵੋ ਦੇ ਕਾਨੂੰਨ ਅਤੇ ਨਿਯਮਾਂ ਬਾਰੇ ਵਿਸਤਾਰ 'ਚ ਜਾਣਕਾਰੀ ਦਿੱਤੀ ਗਈ।

ਬੈੱਡ ਤੇ ਸਿੱਧੇ ਸਪਾਟ ਪਏ ਰਾਮ ਦਿਆਲ ਨੇ ਜਦ ਵੱਖ ਲਿਆ ਤਾਂ ਚਾਬੀਆਂ ਦਾ ਗੁੱਛਾ ਉਸਦੇ ਹੱਥੋਂ ਥੱਲੇ ਡਿਗ ਪਿਆ।ਉਹ ਤ੍ਰਭਕ ਕੇ ਉਠਿਆ। ਉਸਨੂੰ ਇੱਕ ਸੁਪਨੇ ਵਰਗਾ ਅਨੁਭਵ ਹੋਇਆ। ਉਸ ਦਾ ਸਿਰ ਭਾਰਾ ਅਤੇ ਅੱਖਾਂ ਲਾਲ ਸਨ।ਉਹ ਉੱਠ ਕੇ ਗੁਸਲਖਾਨੇ ਗਿਆ।ਬਾਹਰ ਆ ਕੇ ਵਾਸ਼ਵੇਸਨ ਦੀ ਟੂਟੀ 'ਚੋਂ ਪਾਣੀ ਦੀਆਂ ਚੂਲੀਆਂ ਭਰ-ਭਰ ਕੇ ਅੱਖਾਂ 'ਚ ਪਾਣੀ ਦੇ ਛਿੱਟੇ ਮਾਰਨ ਲੱਗਾ।ਘੜੀ ਦੀਆਂ ਸੁਈਆਂ ਤੇ ਨਿਗਾਹ ਮਾਰੀ ਤਾਂ ਉਸਨੂੰ ਕੰਮ ਤੋਂ ਦੇਰੀ ਹੋ ਗਈ ਲੱਗੀ। ਉਸਦਿਆਂ ਪੈਰਾਂ ਵਿਚ ਤੇਜ਼ੀ ਆ ਗਈ।

ਕੋਸੋਵੋ ਵਿਚ ਰਾਮ ਦਿਆਲ ਨੂੰ ਇੱਕ ਪੂਰੇ ਖੇਤਰ ਦਾ ਕਮਾਂਡਰ ਲਗਾ ਦਿੱਤਾ ਗਿਆ।ਇੱਥੇ ਵੀ ਰਾਮ ਦਿਆਲ ਨੇ ਆਪਣੇ ਕੰਮ ਕਰਨ ਦੇ ਢੰਗ ਨਾਲ ਸਭ ਦਾ ਮਨ ਮੋਹ ਲਿਆ। ਇਸ ਸਦਕਾ ਉਸਨੂੰ ਉਚ ਅਧਿਕਾਰੀਆਂ ਤੋਂ ਸ਼ਾਬਾਸ਼ੀ ਦੇ ਨਾਲ ਨਾਲ ਘੁੰਮਣ ਫਿਰਨ ਲਈ ਛੁੱਟੀਆਂ ਵੀ ਮਿਲਣ ਲੱਗੀਆਂ। ਦੂਜੇ ਦੇਸ਼ਾ ਦਾ ਰਹਿਣ ਸਹਿਣ, ਮਿਹਨਤ ਕਰਨ ਦਾ ਲਕਬ ਅਤੇ ਤਰੱਕੀ ਦੇ ਸਾਵੇਂ ਮੌਕੇ ਰਾਮ ਦਿਆਲ ਦੇ ਮਨ ਨੂੰ ਬਹੁਤ ਭਾਏ। ਇਸੇ ਦੌਰਾਨ ਉਸਨੂੰ ਇੱਕ ਦਿਨ ਜਰਮਨ ਦੇ ਫਰੈਂਫਰਟ ਸ਼ਹਿਰ ਦਾ ਦੁੱਧ ਧੋਤਾ ਚਿਹਰਾ-ਮੋਹਰਾ ਦੰਗ ਕਰ ਗਿਆ।ਨੰਗੇ ਪੈਰਾਂ ਦੇ ਸਫਰ ਤੋਂ ਲੈ ਕੇ ਹਵਾਈ ਜਹਾਜ਼ ਦੇ ਸਫਰ ਬਾਰੇ ਸੋਚਦਿਆਂ ਉਹ ਨਸ਼ਿਆਇਆ-ਨਸ਼ਿਆਇਆ ਰਹਿੰਦਾ। ਹੁਣ ਦੁਨੀਆਂ ਦੀ ਹਰ ਸ਼ੈਅ ਉਸ ਕੋਲ ਸੀ। ਜਰਮਨ ਘੁੰਮਦਿਆਂ ਉਸਦੀਆਂ ਛੁੱਟੀਆਂ ਖਤਮ ਹੋ ਗਈਆਂ ਸਨ। ਉਹ ਵਾਪਸ ਕੋਸੋਵੋ ਜਾਣ ਲਈ ਅੰਡਰ ਗਰਾਊਂਡ ਸਟੇਸ਼ਨ ਤੇ ਪਹੁੰਚ ਗਿਆ।ਉਸ ਦਿਨ ਰਾਮ ਦਿਆਲ ਦੇ ਪੈਰਾਂ 'ਚ ਕੋਈ ਖਾਸ ਹੀ ਫੁਰਤੀ ਸੀ। ਲਿਫਟ ਤੋਂ ਵੀ ਪਹਿਲਾਂ ਉਹ ਪੰਜਾਹ ਪੌੜੀਆਂ ਉਲੰਘ ਕੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਰੇਲਵੇ ਸਟੇਸ਼ਨ ਤੇ ਕਾਫ਼ੀ ਭੀੜ ਸੀ। ਰੇਲ ਦੇ ਆਉਣ ਨਾਲ ਉਸ ਵਿੱਚੋਂ ਉਤਰੀਆਂ ਸਵਾਰੀਆਂ ਨਾਲ ਭੀੜ ਹੋਰ ਵਧ ਗਈ। ਰੇਲਵੇ ਪਟੜੀਆਂ ਤੇ ਰੇਲ ਹੌਲੀ-ਹੌਲੀ ਚੱਲਣੀ ਸ਼ੁਰੂ ਹੋਈ ਪਰ ਸਵਾਰੀਆਂ ਵਿਚ ਚੜਨ ਲਈ ਧੱਕਮ-ਧੱਕਾ ਤੇਜ਼ੀ ਨਾਲ ਸ਼ੁਰੂ ਹੋ ਗਿਆ।ਇਸੇ ਭਗ-ਦੜ ਵਿਚ ਇੱਕ ਧੱਕਾ ਰਾਮ ਦਿਆਲ ਨੂੰ ਵੱਜਿਆ ਤੇ ਉਹ ਰੇਲਵੇ ਪਟੜੀ ਦੇ ਵਿਚਕਾਰ ਜਾ ਡਿਗਿਆ।ਦੇਖਦਿਆਂ ਦੇਖਦਿਆਂ ਗੱਡੀ ਉਸਦੇ ਉਪਰ ਦੀ ਲੰਘਦੀ ਹੋਈ ਉਸਨੂੰ ਪੰਜਾਹ ਗਜ਼ ਦੀ ਦੂਰੀ ਤੱਕ ਘਸੀਟਦੀ ਨਾਲ ਲੈ ਗਈ।ਵੇਖਣ ਵਾਲਿਆਂ ਦੇ ਸਾਹ ਸੂਤੇ ਗਏ।ਰਾਮ ਦਿਆਲ ਦੀ ਖੱਬੀ ਲੱਤ ਗੋਡ ਦੇ ਉਪਰੋਂ ਅਤੇ ਸੱਜ ਪੈਰ ਗਿੱਟੇ ਦੇ ਉਪਰੋਂ ਕੱਟਿਆ ਗਿਆ।ਹੱਡੀਆਂ ਦਾ ਪਤਾ ਨੀ ਕਿੱਥੋਂ-ਕਿੱਥੋਂ ਟੁੱਟੀਆਂ ਸਨ।ਬੇਤਹਾ ਸੱਟਾਂ ਦੀ ਮਾਰ ਨਾ ਝੱਲਦਾ ਹੋਇਆ ਉਹ ਡੂੰਘੀ ਬੇਹੋਸ਼ੀ ਦੀ ਹਾਲਤ ਵਿਚ ਚਲਾ ਗਿਆ। ਜਦ ਤੱਕ ਗੱਡੀ ਰੁਕਦੀ ਤਦ ਤੱਕ ਸਾਰਾ ਹਾਦਸਾ ਵਾਪਰ ਚੁੱਕਾ ਸੀ।ਸਟੇਸ਼ਨ ਤੇ ਮੌਜੂਦ ਮੈਡੀਕਲ ਅਧਿਕਾਰੀਆ ਨੇ ਉਸਨੂੰ ਸੰਭਾਲਿਆ। ਮੁਢਲੀ ਸਹਾਇਤਾ ਦੇਣ ਤੋਂ ਬਾਅਦ ਫਰੈਂਕਫਰਟ ਦੇ ਇੱਕ ਵੱਡੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਕਈ ਦਿਨਾਂ ਬਾਅਦ ਉਸਦੀ ਬੇਹੋਸ਼ੀ ਟੁਟੀ। ਟੀਕਿਆਂ ਦਵਾਈਆਂ ਨਾਲ ਉਸਦਾ ਸਾਰਾ ਸਰੀਰ ਸੁੰਨ ਹੋਇਆ ਪਿਆ ਸੀ। ਸੱਜੀ ਅੱਖ ਨੂੰ ਛੱਡ ਕੇ ਸਰੀਰ ਦਾ ਹਰ ਅੰਗ ਚਿਟੀਆਂ ਪੱਟੀਆਂ 'ਚ ਵਲੇਟਿਆ ਹੋਇਆ ਸੀ। ਦਵਾਈਆਂ ਦਾ ਨਸ਼ਾ ਉਤਰਨ ਤੇ ਰਾਮ ਦਿਆਲ ਨੂੰ ਆਪਣਾ ਸਰੀਰ ਹਲਕਾ ਮਹਿਸੂਸ ਹੋਣ ਲੱਗਾ।ਉਸਦੇ ਚਿਹਰੇ ਤੇ ਖੁਸ਼ੀ ਫੈਲਣ ਲੱਗੀ।

ਅਜੇ ਤੱਕ ਡਾਕਟਰਾਂ ਨੇ ਰਾਮ ਦਿਆਲ ਨਾਲ ਉਸਦੀਆਂ ਲੱਤਾਂ ਬਾਰੇ ਕੋਈ ਗੱਲ ਸਾਂਝੀ ਨਹੀਂ ਸੀ ਕੀਤੀ। ਨਾੜਾਂ ਦੇ ਜਿਆਦਾ ਫਿਸ ਜਾਣ ਕਾਰਨ ਅਪ੍ਰੇਸ਼ਨ ਜਰੀਏ ਵੀ ਲੱਤਾਂ ਨਹੀਂ ਸੀ ਜੋੜੀਆਂ ਜਾ ਸਕੀਆਂ। ਪਰ ਇਹ ਪਰਦਾ ਕਿੰਨੀ ਕੁ ਦੇਰ ਰੱਖਿਆ ਜਾ ਸਕਦਾ ਸੀ। ਆਖਰ ਇੱਕ ਦਿਨ ਡਾਕਟਰਾਂ ਨੂੰ ਸੱਚ ਦੱਸਣਾ ਪਿਆ। ਅਣਹੋਣੀ ਸੁਣ ਕੇ ਰਾਮ ਦਿਆਲ ਦਾ ਆਪਾ ਖੋਹ ਗਿਆ। ਡਾਕਟਰਾਂ ਨਰਸਾਂ ਤੋਂ ਉਹ ਸੰਭਾਲਣਾ ਔਖਾ ਹੋ ਗਿਆ। ਗੁਲੂਕੋਜ਼ ਦੀਆਂ ਨਲਪੀਆਂ ਉਸ ਨੇ ਲਾਹ ਕੇ ਵਗਾਹ ਮਾਰੀਆਂ। ਸਿਰਹਾਣੇ ਪਈਆਂ ਸਾਰੀਆਂ ਦਵਾਈਆਂ ਕਮਰੇ 'ਚ ਖਿਲਾਰ ਦਿੱਤੀਆਂ।ਉਸਦੀ ਹਾਲਤ ਇੱਕ ਪਾਗ਼ਲ ਵਰਗੀ ਹੋ ਗਈ।ਇੱਕ ਦੌੜਾਕ ਲਈ ਲੱਤਾਂ ਦੇ ਮਾਇਨੇ ਹੋਰ ਹੁੰਦੇ ਹਨ। ਰਾਮ ਦਿਆਲ ਦੀ ਦੁਨੀਆ ਉਜੜ ਚੁੱਕੀ ਸੀ। ਉਸਨੂੰ ਸ਼ਾਂਤ ਕਰਨ ਲਈ ਡਾਕਟਰਾਂ ਨੂੰ ਤਾਕਤਵਰ ਨੀਮ ਬੇਹੋਸ਼ੀ ਦਾ ਟੀਕਾ ਲਾਉਣਾ ਪਿਆ।

ਡਾਕਟਰਾਂ ਲਈ ਸਿਰਦਰਦੀ ਵੱਧ ਗਈ। ਹੁਣ ਤੱਕ ਰਾਮ ਦਿਆਲ ਦੀ ਕਮਾਂਡੈਂਟ ਦੇ ਅਧਿਕਾਰੀ ਵੀ ਪਹੁੰਚ ਚੁੱਕੇ ਸਨ। ਉਸਦੀ ਨਾਜ਼ੁਕ ਹਾਲਤ ਦੇਖ ਕੇ ਸਾਰਿਆਂ ਦੇ ਭਾਅ ਦੀ ਬਣ ਗਈ। ਕਮਾਂਡੈਂਟ ਦੇ ਮੁਖੀ ਮਨੋਜ ਯਾਦਵ ਅਤੇ ਮਨੋਵਿਗਿਆਨੀਆਂ ਤੋਂ ਵੀ ਜਦ ਸਥਿਤੀ ਸੰਭਾਲੀ ਨਾ ਗਈ ਤਾਂ ਰਾਮ ਦਿਆਲ ਦੇ ਵੱਡੇ ਭਰਾਤਾ ਮੋਹਨ ਲਾਲ ਨੂੰ ਤਤਕਾਲ ਬੁਲਾਇਆ ਗਿਆ।ਸਾਰੀ ਸਥਿਤੀ ਨੂੰ ਦੇਖ ਕੇ ਕਮਾਂਡੈਂਟ ਮੋਹਨ ਲਾਲ ਨੂੰ ਸਦਮਾ ਤਾਂ ਲੱਗਾ ਪਰ ਉਹ ਰਾਮ ਦਿਆਲ ਦੇ ਇਸ ਦੁਰਘਟਨਾ ਵਿਚੋਂ ਬਚਾਅ ਨੂੰ ਵੀ ਪ੍ਰਮਾਤਮਾ ਦਾ ਇੱਕ ਖੇਲ੍ਹ ਮੰਨ ਕੇ ਹੌਸਲਾ ਦੇਣ ਲੱਗਾ।ਉਹ ਉਸਨੂੰ ਉਦਾਹਰਨਾਂ ਦੇ ਦੇ ਕੇ ਸਮਝਾਉਂਦਾ:

"ਪ੍ਰਮਾਤਮਾ ਨੇ ਤੈਨੂੰ ਬਚਾਇਆ ਈ ਇਸ ਕਰਕੇ ਐ ਦਿਆਲਿਆ ਕਿ ਤੂੰ ਦੂਜਿਆਂ ਲਈ ਜੀਮੇ। ਦੂਜਿਆਂ ਦੀ ਮੱਦਦ ਕਰੇਂ। ਅਪਾਹਜ ਤੂੰ ਨਹੀਂ, ਇਹ ਸਾਰਾ ਸਮਾਜ ਹੈ।ਇਸਨੂੰ ਤੇਰੇ ਸਹਾਰੇ ਦੀ ਜਰੂਰਤ ਹੈ। ਉੱਠ ਦਿਆਲ, ਮੇਰੇ ਬੱਚੇ।ਦੇਖ ਅਸੀਂ ਕਿੱਦਾਂ ਦੀਆਂ ਘੜੀਆਂ 'ਚੀ ਲੰਘੇ ਆਂ। ਇਹ ਘੜੀ ਵੀ ਤਾਂ ਲੰਘ ਈ ਜਾਣੀ ਆਂ।" ਰਾਮ ਦਿਆਲ ਨੂੰ ਘਰ ਦੇ ਸਾਰੇ ਮੈਂਬਰ ਬਚਪਨ ਤੋਂ ਦਿਆਲ ਆਖ ਕੇ ਬੁਲਾਉਂਦੇ ਸਨ।

ਰਾਮ ਦਿਆਲ ਤੇ ਅਜਿਹੇ ਕਥਨ, ਦਿਲਾਸੇ, ਉਦਾਹਰਨਾਂ ਕੋਈ ਵੀ ਅਸਰ ਨਾ ਕਰਦੀਆਂ। ਉਸਨੂੰ ਲੱਗਿਆ, ਜ਼ਿੰਦਗੀ ਖਤਮ ਹੋ ਗਈ ਹੈ। ਇਸਦੇ ਸਾਰੇ ਰੰਗ ਮੱਧਮ ਪੈ ਗਏ ਹਨ।ਨਿਰਾਸ਼ਾ ਦੇ ਆਲਮ ਵਿਚ ਫਸੇ ਹੋਏ ਰਾਮ ਦਿਆਲ ਨੇ ਇੱਕ ਦਿਨ ਆਪਣੇ ਆਪ ਨੂੰ ਖਤਮ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਨਾਕਾਮ ਰਿਹਾ। ਇਸ ਘਟਨਾ ਤੋਂ ਬਾਅਦ ਉਸਦੀ ਜ਼ਿੰਦਗੀ 'ਚ ਕੁਝ ਟਿਕਾਅ ਆਉਣਾ ਸ਼ੁਰੂ ਹੋ ਗਿਆ।ਵੱਡੇ ਭਰਾ ਦੀਆਂ ਗੱਲਾਂ ਨਾਲ ਉਸਦਾ ਖ਼ੂਨ ਰਵਾਂ ਹੋਣ ਲੱਗਾ।

"ਜ਼ਿੰਦਗੀ ਕੀ ਹੈ, ਮੌਤ ਅੱਗੇ ਅੜ ਜਾਣਾ। ਜਿੱਤ ਕੀ ਹੈ, ਹਾਰ ਅੱਗੇ ਡੱਟ ਕੇ ਖਲੋ ਜਾਣਾ। ਖੁਸ਼ੀ ਕੀ ਹੈ, ਜ਼ਿੰਦਗੀ ਦੀਆਂ ਉਦਾਸੀਆਂ ਅੱਗੇ ਸਿਰ ਨਾ ਝੁਕਾਉਣਾ।" ਮੋਹਨ ਲਾਲਾ ਸਵੇਰੇ ਸ਼ਾਮ ਰਾਮ ਦਿਆਲ ਅੱਗੇ ਉਸਾਰੂ ਵਿਚਾਰਾਂ ਨਾਲ ਹਾਜ਼ਰੀ ਲਗਾਉਂਦਾ। ਘੰਟਿਆਂ ਬੱਧੀ ਉਸਦੇ ਮੰਜੇ ਦੀ ਬਾਹੀ ਤੇ ਬੈਠਾ ਹੱਸ-ਹੱਸ ਜ਼ਿੰਦਗੀ ਦੇ ਮਾਇਨੇ ਦੱਸਦਾ ਰਿਹੰਦਾ।ਸਹਿਜੇ-ਸਹਿਜੇ ਹਲਕੀ-ਹਲਕੀ ਖੁਸ਼ੀ ਰਾਮ ਦਿਆਲ ਦੇ ਚਿਹਰੇ ਤੇ ਪਸਰਨ ਲੱਗੀ। ਇੱਕ ਦਿਨ ਸਵੇਰੇ ਸਾਝਰੇ ਮੋਹਨ ਲਾਲ ਰਾਮ ਦਿਆਲ ਨੂੰ ਮਿਲਣ ਆਇਆ। ਉਸਦੀ ਆਪਣੀ ਛੁੱਟੀ ਵੀ ਥੋੜ੍ਹੀ ਰਹਿੰਦੀ ਸੀ।ਜਦ ਉਸਨੇ ਰਾਮ ਦਿਆਲ ਦੇ ਕਮਰੇ ਦਾ ਦਰਵਾਜਾ ਖੋਲ੍ਹਿਆ ਤਾਂ ਉਸਨੂੰ ਰਾਮ ਦਿਆਲ ਕੁਝ ਉਦਾਸਿਆ ਲੱਗਿਆ। ਪੁੱਛਿਆ ਤਾਂ ਰਾਮ ਦਿਆਲ ਉਸਦੇ ਗ਼ਲ ਲੱਗ ਕੇ ਭੁੱਬਾਂ ਮਾਰ-ਮਾਰ ਰੋਣ ਲੱਗ ਪਿਆ।

"ਦਿਆਲ ਮੇਰੇ ਬੱਚੇ..। ਪੁੱਤ ਕੀ ਹੋਇਆ ਤੈਨੂੰ? ਦੱਸ ਤਾਂ ਸਈ ਮੈਨੂੰ ਬੋਲ ਕੇ। ਸ਼ੇਰ ਬਣ ਯਾਰ.।"

"ਭਾ..ਜੀ..। ਭਾਜੀ ਕੱਲ੍ਹ ਰਾਤੀਂ..।" ਰਾਮ ਦਿਆਲ ਦੀ ਅਵਾਜ਼ ਘਿਗਿਆ ਗਈ।

"ਹਾਂ ਹਾਂ , ਬੋਲ ਯਾਰ।"

ਕੱਲ੍ਹ ਰਾਤੀਂ ਮੈਨੂੰ ਭਾਜੀ ਏਦਾਂ ਲੱਗਾ ਜਿੱਦਾਂ ਮੇਰੇ ਪੈਰ ਤੇ ਸੁ.ਲ.ਲ-ਸੁ.ਲ.ਲ ਹੋ ਰਹੀ ਆ। ਜਦ ਮੈਂ ਉੱਠ ਕੇ ਆਪਣਾ ਹੱਥ ਪੈਰ ਵੱਲ ਵਧਾਇਆ ਤਾਂ ਪੈਰ ਤਾਂ ਮੇਰੇ।" ਰਾਮ ਦਿਆਲ ਤੋਂ ਵਾਕ ਵੀ ਪੂਰਾ ਨਾ ਕਰ ਹੋਇਆ। ਦੋਵੇਂ ਭਰਾ ਧਾਂਈ ਰੋਏ। ਮਸਾਂ ਡਾਕਟਰਾਂ ਤੇ ਨਰਸਾਂ ਨੇ ਉਹਨਾਂ ਦੀਆਂ ਗੱਲਵਕੜੀਆਂ ਛੁਡਾਈਆਂ। ਕਿੰਨਾ ਚਿਰ ਦੋਹਾਂ ਤੋਂ ਕੁਝ ਨਾ ਬੋਲਿਆ ਗਿਆ। ਹੌਲੀ-ਹੌਲੀ ਮਾਹੌਲ ਆਮ ਵਾਂਗ ਹੋਇਆ।

ਰਾਮ ਦਿਆਲ ਨਾਲ ਵਾਪਰੇ ਦੁਖਾਂਤ ਦਾ ਸੁਨੇਹਾ ਫਰੈਂਕਫਰਟ ਤੋਂ ਕੋਸੋਵੋ ਤੇ ਕੋਸੋਵੋ ਤੋਂ ਹੁੰਦਾ ਹੋਇਆ ਹੁਕੜਾਂ ਵਿਖੇ ਵੀ ਪਹੁੰਚ ਗਿਆ। ਰੱਖਾ ਰਾਮ ਤਾਂ ਪਹਿਲਾਂ ਹੀ ਚੜ੍ਹਾਈ ਕਰ ਚੁੱਕਾ ਸੀ ਪਰ ਪਿਆਰੋ ਦੇਵੀ ਦੇ ਕਰਮਾਂ ਵਿਚ ਅਜੇ ਵੀ ਕਸ਼ਟ ਝੱਲਣੇ ਬਾਕੀ ਸਨ। ਜ਼ਿੰਦਗੀ ਭਰ ਦੁਖਾਂ-ਦਰਦਾਂ ਨਾਲ ਆਢ੍ਹਾ ਲਾਉਣ ਵਾਲੀ ਪਿਆਰੋ ਦੇਵੀ ਇਸ ਕਸ਼ਟ ਦਾ ਸਾਹਮਣਾ ਨਾ ਕਰ ਸਕੀ। ਰੋ-ਰੋ ਕੇ ਉਸਦਾ ਗ਼ਲਾ ਬਹਿ ਗਿਆ। ਪਿੱਟ-ਪਿੱਟ ਕੇ ਉਸਨੇ ਆਪਣਾ ਪਿੰਡਾ ਨੀਲਾ ਕਰ ਲਿਆ। ਦਿਆਲ ਦਾ ਨਾਂ ਲੈ ਲੈ ਕੇ ਜਦੋਂ ਉਹ ਕੀਰਨੇ ਪਾਉਂਦੀ ਤਾਂ ਕੰਧਾਂ ਵੀ ਅੱਥਰੂ ਕੇਰਦੀਆਂ।

"ਓਏ ਦਿਆਲਿਆ, ਓਏ ਮੇਰਿਆ ਦੁਲਿਆ ਪੁੱਤਾ। ਓਏ ਤੂੰ ਕਿਉਂ ਗਿਆ ਸੀ ਪ੍ਰਦੇਸ਼ ਓਏ। ਜੇ ਮੇਰੇ ਕੋਲ਼ ਹੁੰਦਾ ਤਾਂ ਪੁੱਤਾ ਕੁਝ ਨਾ ਹੋਣ ਦਿੰਦੀ ਤੈਨੂੰ ਵੇ।" ਗਲੀ ਮੁਹੱਲੇ ਦੀਆਂ ਔਰਤਾਂ ਉਸਨੂੰ ਬਥ੍ਹੇਰਾ ਚੁੱਪ ਕਰਾਉਂਦੀਆਂ ਪਰ ਉਹਨਾਂ ਦੀ ਕੋਈ ਪੇਸ਼ ਨਾ ਜਾਂਦੀ।

ਓਏ ਲੋਕੋ..ਓਏ ਮੇਰਾ ਪੁੱਤ ਤੁਰੂਗਾ ਕਿੱਦਾਂ ਓਏ। ਹਾਏ ਮੇਰਾ ਲਾਲ ਦੌੜੂ ਕਿਦਾਂ।" ਰੋਂਦੀ ਰੋਂਦੀ ਉਹ ਵਿਚੇ ਈ ਗੱਲਾਂ ਕਰਨ ਲੱਗ ਜਾਂਦੀ।

"ਹਾਏ ਨਿੱਕੇ ਹੁੰਦੇ ਨੇ ਹੱਟੀ ਨੂੰ ਜਾਣਾ, ਕਹਿਣਾ ਬੇਬੇ ਘਰ ਤੋਂ ਮੇਰੀਆਂ ਦਸ ਛਾਲ਼ਾਂ ਹੁੰਦੀਆਂ ਹੱਟੀ ਤੀਕ।ਹਾਏ ਮੇਰੇ ਸ਼ੇਰ ਦੀਆਂ ਛਾਲ਼ਾਂ ਹਾਏ ਕਿਥੇ ਰਹਿਗੀਆਂ।"

ਦੁਖ ਵਿਚ ਜਿਆਦਾ ਡੁੱਬ ਜਾਣ ਕਰਕੇ ਪਿਆਰੋ ਦੇਵੀ ਦਾ ਸੱਜਾ ਪਾਸਾ ਮਾਰਿਆ ਗਿਆ। ਇਸਤੋਂ ਪਹਿਲਾਂ ਕਿ ਮੋਹਨ ਲਾਲ ਰਾਮ ਦਿਆਲ ਨੂੰ ਲੈ ਕੇ ਘਰ ਪਹੁੰਚਦਾ, ਪਿਆਰੋ ਦੇਵੀ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਚੁੱਕੀ ਸੀ। ਮੁਸੀਬਤਾਂ ਕਦੇ ਵੀ ਇਕੱਲੀਆਂ ਨਹੀਂ ਆਉਂਦੀਆਂ, ਕਸ਼ਟ ਦੇਣ ਵਾਲਾ ਹੋਰ ਵੀ ਬਹੁਤ ਸਾਰਾ ਨਿੱਕ-ਸੁਕ ਇਹਨਾਂ ਦੇ ਨਾਲ ਹੁੰਦਾ ਹੈ। ਮੋਹਨ ਲਾਲ ਇਸ ਦੁਖ ਦੀ ਘੜੀ ਵਿਚ ਵੀ ਸਭ ਲਈ ਫਰਿਸ਼ਤਾ ਬਣ ਬਹੁੜਿਆ। ਉਸਦੇ ਧਰਵਾਸੇ ਨੇ ਹਰ ਮੈਂਬਰ ਦੇ ਮਨੋਬਲ ਨੂੰ ਉੱਚਾ ਚੁਕਿਆ। ਰਾਮ ਦਿਆਲ ਨੂੰ ਤਾਂ ਉਸਦੇ ਵਿਚਾਰਾਂ ਨੇ ਇੱਕ ਨਵੀਂ ਜ਼ਿੰਦਗੀ ਦੇ ਦਿੱਤੀ ਸੀ। ਚੰਚਲ ਸੁਭਾਅ ਦਾ ਰਾਮ ਦਿਆਲ ਹੁਣ ਅੱਤ ਦਾ ਸੰਵੇਦਨਸ਼ੀਲ ਬਣ ਗਿਆ ਸੀ। ਜ਼ੀਰਕਪੁਰ ਤੋਂ ਇੱਕ ਵੱਡੇ ਡਾਕਟਰ ਦੇ ਇਲਾਜ਼ ਨਾਲ ਨਕਲੀ ਅੰਗ ਲਗਾ ਕੇ ਉਹ ਮਾੜਾ-ਮੋਟਾ ਤੁਰਨ ਫਿਰਨ ਜੋਗਾ ਹੋ ਗਿਆ ਸੀ। ਪਿਆਰੋ ਦੇਵੀ ਦੇ ਸੋਹ਼ਲੇ ਦੀ ਰਸਮ ਨੂੰ ਤਿੰਨੇ ਭਰਾਵਾਂ ਨੇ ਨਿਵੇਕਲੇ ਢੰਗ ਨਾਲ ਨਿਭਾਇਆ। ਪਿੰਡ ਦੇ ਗੁਆਂਢੀ ਚਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੋਲ਼ੇ ਵਾਲੇ ਦਿਨ ਕਾਪੀਆਂ, ਪੈੱਨ, ਜੁਮੈਟਰੀ ਬਾਕਸ ਦੇ ਕੇ ਚੰਗਾ ਪੜ੍ਹਨ ਲਈ ਪ੍ਰੇਰਿਆ। ਬੇਬੇ ਦੀ ਯਾਦ ਨੂੰ ਸਦਾ ਇਵੇਂ ਯਾਦ ਕਰਨ ਦਾ ਪ੍ਰਣ ਲਿਆ।

ਮੋਹਨ ਲਾਲ ਦੀ ਦ੍ਰਿਸ਼ਟੀ ਤੋਂ ਜਦੋਂ ਰਾਮਦਿਆਲ ਨੇ ਆਪਣੇ ਆਪ ਦਾ ਨਿਰੀਖਣ ਕੀਤਾ ਤਾਂ ਉਸਨੂੰ ਪਤਾ ਲੱਗਾ ਕਿ ਮੈਨੂੰ ਤਾਂ ਕੁਦਰਤ ਨੇ ਅਜੇ ਵੀ ਬਹੁਤ ਕੁਝ ਦਿੱਤਾ ਹੋਇਆ ਹੈ। ਪਰ ਦੂਜੇ ਪਾਸੇ ਅਜਿਹੇ ਲੋਕ ਵੀ ਹੈਗੇ ਆ ਜਿਨ੍ਹਾਂ ਦੇ ਘਰ ਖਾਣ ਨੂੰ ਇੱਕ ਦਾਣਾ ਵੀ ਨਹੀਂ ਹੈ। ਬੱਚਿਆਂ ਦੀ ਪੜ੍ਹਾਈ ਬਾਰੇ ਇਹ ਕਦੋਂ ਸੋਚਣਗੇ? ਇਸ ਤਰ੍ਹਾਂ ਦੇ ਵਿਚਾਰ ਰਾਮ ਦਿਆਲ ਦੇ ਮਨ ਵਿਚ ਖਟਕਦੇ ਰਹਿੰਦੇ। ਇਹਨਾਂ ਵਿਚਾਰਾਂ ਦੇ ਹੱਲ ਲਈ ਉਸਨੇ ਕੁਝ ਨੈਤਿਕ ਕਦਰਾਂ ਕੀਮਤਾਂ ਵਾਲੇ ਦੋਸਤਾਂ ਨਾਲ ਮਿਲ ਕੇ ਇੱਕ ਸੰਸਥਾ ਬਣਾਈ, ਜਿਸਦਾ ਨਾਂ ਰੱਖਿਆ 'ਅਵੇਅਰਨੈੱਸ ਮਿਸ਼ਨ ਹੁਕੜਾਂ ਬ੍ਰਦਰਜ਼'। ਸੰਸਥਾ ਨੂੰ ਤਿੰਨ ਭਰਾਵਾਂ ਅਤੇ ਦੋਸਤਾਂ ਨੇ ਮਿਲ ਕੇ ਆਪਣੀ ਜੇਬ ਦੇ ਸਹਾਰੇ ਚਲਾਉਣਾ ਸ਼ੁਰੂ ਕੀਤਾ। ਪਹਿਲਾਂ ਪਹਿਲ ਬੜੀਆਂ ਦਿਕਤਾਂ ਨੇ ਸੰਸਥਾ ਦੇ ਪੈਰਾਂ ਨੂੰ ਸੰਗਲ ਪਾ ਕੇ ਨੱਪੀ ਰੱਖਿਆ ਪਰਹੌਲੀ-ਹੌਲੀ ਇਸਨੇ ਆਪਣੇ ਮਜ਼ਬੂਤ ਇਰਾਦੇ ਨਾਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਰਾਮ ਦਿਆਲ ਦੀ ਸਰੀਰਕ ਸਮਰੱਥਾ ਅਤੇ ਦਿਮਾਗੀ ਕੁਸ਼ਲਤਾ ਨੂੰ ਦੇਖਦੇ ਹੋਏਚੰਡੀਗੜ੍ਹ ਪ੍ਰਸ਼ਾਸਨ ਨੇ ਇਸਦੀ ਡਿਊਟੀ ਪੀ.ਆਰ. ਓ. ਦੇ ਤੌਰ ਤੇ ਨਾਮਜ਼ਦ ਕਰ ਦਿੱਤੀ। ਉਸਨੂੰ ਇਹ ਡਿਊਟੀ ਬੜੀ ਰਾਸ ਆਈ।ਇੱਥੇ ਉਸਦਾ ਲੋਕਾਂ ਨਾਲ ਰਾਬਤਾ ਰੱਖਣ ਦਾ ਦਾਇਰਾ ਬਹੁਤ ਵੱਧ ਗਿਆ। ਉਸਨੂੰ ਆਪਣੀ ਸੰਸਥਾ ਚਲਾਉਣ ਲਈ ਹੁਣ ਵੱਧ ਸਮਾਂ ਮਿਲਣ ਲੱਗ ਪਿਆ।

"ਭਾਜੀ ਚੰਡੀਗੜ੍ਹ ਵਿਚ ਤਾਂ ਕੰਪਿਊਟਰ ਸੈਂਟਰ ਆਮ ਹੋ ਗਏ ਹਨ।ਸ਼ਹਿਰਾਂ ਵਿਚ ਵੀ ਇਹ ਧੜਾ-ਧੜ ਖੁੱਲ੍ਹ ਰਹੇ ਹਨ। ਕਿਉਂ ਨਾ ਅਸੀਂ ਆਪਣੇ ਪਿੰਡ ਹੁਕੜਾਂ ਵਿਖੇ ਕੁੜੀਆਂ ਲਈ ਮੁਫ਼ਤ ਕੰਪਿਊਟਰ ਸੈਂਟਰ ਖੋਲ੍ਹ ਦੇਈਏ। ਨਿਰੋਲ ਪੇਂਡੂ ਖੇਤਰ ਵਿਚ ਇਹ ਕੁੜੀਆਂ ਦੀ ਪੜ੍ਹਾਈ ਲਈ ਵਰਦਾਨ ਸਾਬਤ ਹੋਊ।" ਰਾਮ ਦਿਆਲ ਨੇ ਚੰਡੀਗੜ੍ਹ ਮਿਲਣ ਆਏ ਵੱਡੇ ਭਰਾ ਕਮਾਂਡੈਂਟ ਮੋਹਨ ਲਾਲ ਨਾਲ ਸਲਾਹ ਮਸ਼ਵਰਾ ਕਰਦਿਆਂ ਕਿਹਾ।

ਦਿਆਲਿਆ ਗੱਲ ਤਾਂ ਤੇਰੀ ਠੀਕ ਆ ਪਰ ਕੰਪਿਊਟਰ ਸਿਖਾਊ ਕੌਣ?"

"ਇਹਦੇ ਲਈ ਭਾਜੀ ਆਪਾਂ ਇੱਕ ਟੀਚਰ ਰੱਖਾਂਗੇ। ਮੇਰੇ ਸੰਪਰਕ ਵਿਚ ਇੱਕ ਦੋ ਮੁੰਡੇ ਜੋ ਕੰਪਿਊਟਰ ਦੀ ਬੇਸਿਕ ਜਾਣਕਾਰੀ ਰੱਖਦੇ ਆ ਹੈਗੇ ਨੇ।ਇਹਨਾਂ ਵਿਚੋਂ ਇੱਕ ਰੱਖ ਲਵਾਂਗੇ। ਤਨਖਾਹ ਆਪਣੀ ਜੇਬ 'ਚੋਂ ਦਿਆਂਗੇ। ਕੰਪਿਊਟਰ ਟੀਚਰ ਹੀ ਸੈਂਟਰ ਦੀ ਸਾਂਭ ਸੰਭਾਲ ਕਰੇਗਾ।"

ਕਮਾਂਡੈਂਟ ਮੋਹਨ ਲਾਲ ਦੀ ਇਸ ਕੰਮ ਤੇ ਮੋਹਰ ਲੱਗ ਗਈ। ਹੁਕੜਾਂ ਵਿਖੇ ਕੰਪਿਊਟਰ ਸੈਂਟਰ ਖੋਲ੍ਹ ਦਿੱਤਾ ਗਿਆ। ਇਲਾਕੇ ਦੀਆਂ ਪੈਂਤੀ-ਚਾਲ਼ੀ ਕੁੜੀਆਂ ਕੰਪਿਊਟਰ ਸਿਖਣ ਆਉਣ ਲੱਗੀਆਂ। ਇਸ ਸੈਂਟਰ ਦਾ ਸਭ ਤੋਂ ਵੱਡਾ ਫਾਇਦਾ ਇਹ ਹੋਇਆ ਕਿ ਹੁਣ ਰਾਮ ਦਿਆਲ ਦਾ ਚੰਡੀਗੜ੍ਹ ਤੋਂ ਹੁਕੜਾਂ ਪਿੰਡ ਵਿਚ ਇੱਕ ਹਫ਼ਤੇ 'ਚ ਇੱਕ ਚੱਕਰ ਪੱਕਾ ਲੱਗਣ ਲੱਗ ਪਿਆ। ਐਤਵਾਰ ਛੁੱਟੀ ਵਾਲੇ ਦਿਨ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਦੂਰੋਂ-ਦੂਰੋਂ ਸਾਇਕਲਾਂ ਤੇ ਸੈਂਟਰ ਪੜ੍ਹਨ ਆਉਂਦੇ। ਥੁੜ੍ਹਾਂ ਮਾਰੇ ਇਹਨਾਂ ਵਿਦਿਆਰਥੀਆਂ ਦੇ ਚਿਹਰੇ ਪੜ੍ਹ ਕੇ ਰਾਮ ਦਿਆਲ ਨੂੰ ਆਪਣਾ ਬਚਪਨ ਯਾਦ ਆਉਂਦੇ। ਬੱਚਿਆਂ ਨਾਲ ਉਹ ਇੰਨਾ ਘੁਲ਼ ਮਿਲ਼ ਜਾਂਦਾ ਕਿ ਉਹਨੂੰ ਆਪਾ ਭੁਲ ਜਾਂਦਾ।ਹੁਕੜਾਂ ਆ ਕੇ ਰਾਮ ਦਿਆਲ ਸਿਰਫ਼ ਰਾਮ ਦਿਆਲ ਹੁੰਦਾ। ਉਸਦਾ ਅਫ਼ਸਰਪੁਣਾ ਤਾਂ ਕਿਧਰੇ ਚੰਡੀਗੜ੍ਹ ਹੀ ਰਹਿ ਗਿਆ ਹੁੰਦਾ। ਚੰਡੀਗੜ੍ਹੋਂ ਲਿਆਂਦਾ ਰੋਟੀ ਵਾਲਾ ਡੱਬਾ ਡ੍ਰਾਈਵਰ ਹਵਾਲੇ ਕਰਕੇ ਰਾਮ ਦਿਆਲ ਦੁਪਹਿਰ ਨੂੰ ਬੱਚਿਆਂ ਨਾਲ ਬੈਠ ਕੇ ਉਨਾਂ ਦਾ ਲਿਆਂਦਾ ਖਾਣਾ ਖਾਣਾ ਪਸੰਦ ਕਰਦਾ। ਕਿਸੇ ਬੱਚੇ ਦੀਆਂ ਪੌਣੇ 'ਚ ਅਚਾਰ ਨਾਲ ਬੱਧੀਆਂ ਰੋਟੀਆਂ ਦਾ ਸੁਆਦ ਚੱਖ ਕੇ ਉਸਨੂੰ ਆਪਣੀ ਮਾਂ ਯਾਦ ਆਉਂਦੀ। ਫਾਈਵ ਸਟਾਰ ਹੋਟਲਾਂ ਦੇ ਖਾਣਿਆਂ ਨਾਲੋਂ ਸੁਕੀਆਂ ਰੋਟੀਆਂ ਉਸਨੂੰ ਵੱਧ ਸਕੂਨ ਦਿੰਦੀਆਂ।

ਇੱਕ ਦਿਨ ਰਾਮ ਦਿਆਲ ਚੰਡੀਗੜ੍ਹ ਤੋਂ ਕੰਪਿਊਟਰ ਸੈਂਟਰ ਲਈ ਦੋ ਨਵੇਂ ਕੰਪਿਊਟਰ ਲੈ ਕੇ ਆਇਆ। ਦਿਨ ਸਰਦੀਆ ਦੇ ਈ ਸਨ। ਮਕੈਨਿਕ ਅੰਦਰ ਕੰਪਿਊਟਰ ਚਾਲੂ ਕਰਨ ਲੱਗਾ ਅਤੇ ਰਾਮ ਦਿਆਲ ਬਾਹਰ ਵਿਹੜੇ 'ਚ ਸੂਰਜ ਦੀ ਪੈ ਰਹੀ ਕੋਸੀ ਕੋਸੀ ਧੱਪ ਸੇਕਣ ਲੱਗ ਪਿਆ। ਬਰਾਂਡੇ ਵਿਚ ਪਏ ਬੱਚਿਆਂ ਥੈਲਿਆਂ ਵੱਲ ਦੇਖਦਿਆਂ ਉਹ ਆਪਣੇ ਸਕੂਲ ਵਾਲੇ ਦਿਨਾਂ 'ਚ ਗੁਆਚ ਗਿਆ। ਛੇਵੀਂ ਜਮਾਤ ਵਿਚ ਪੜ੍ਹਦੇ ਸਮੇਂ ਉਸਦੇ ਸਕੂਲ ਵਿਚੋਂ ਇੱਕ ਟੂਰ ਜਾਣਾ ਸੀ। ਟੂਰ ਤੇ ਜਾਣ ਨੂੰ ਰਾਮ ਦਿਆਲ ਦਾ ਵੀ ਮਨ ਕਰਦਾ ਸੀ। ਟੂਰ ਤੇ ਜਾਣ ਦਾ ਕਿਰਾਇਆ ਵੀ ਕੋਈ ਬਹੁਤਾ ਨਹੀਂ ਸੀ। ਖਾਣ -ਪੀਣ ਦਾ ਸਮਾਨ ਵਿਚੇ ਪਾ ਕੇ ਖਰਚ ਮਸਾਂ ਵੀਹ-ਬਾਈ ਰੁਪਏ ਸੀ। ਪਰ ਪਾਈ ਪਾਈ ਨੂੰ ਤਰਸਣ ਵਾਲਿਆਂ ਲਈ ਇਹ ਰਾਸ਼ੀ ਮਹਿਜ਼ ਛੋਟੀ ਨਹੀਂ ਸੀ।

ਰਾਮ ਦਿਆਲ ਦੇ ਘਰ ਤਾਂ ਕਈ ਵਾਰੀ ਚਾਹ ਬਣਾਉਣ ਲਈ ਵੀ ਪੈਸੇ ਨਹੀਂ ਸੀ ਹੁੰਦੇ। ਉਸਦੀ ਮਾਂ ਰੱਖਾ ਰਾਮ ਤੋਂ ਚੋਰੀ ਉਸਨੂੰ ਪਿੱਤਲ ਦਾ ਡੋਲੂ ਕਣਕ ਦੇ ਦਾਣਿਆਂ ਦਾ ਭਰ ਕੇ ਹੱਟੀ ਨੂੰ ਕਣਕ ਵੱਟੇ ਖੰਡ ਲੈਣ ਤੋਰ ਦਿੰਦੀ। ਰਾਮ ਦਿਆਲ ਹੱਟੀ ਤੇ ਖੜਾ ਬਾਕੀ ਗਾਹਕਾਂ ਦੇ ਤੁਰ ਜਾਣ ਦੀ ਉਡੀਕ ਕਰਦਾ ਰਹਿੰਦਾ। ਦੂਜਿਆਂ ਅੱਗੇ ਘਰ ਦੀ ਗਰੀਬੀ ਦੇ ਭੇਤ ਨੂੰ ਖੁੱਲ੍ਹ ਜਾਣ ਦੇ ਡਰੋਂ ਉਹ ਬਹੁਤੀ ਕਾਹ਼ਲੀ ਕਰਦਾ। ਦੇਖਦਾ ਵੀ ਨਾ ਕਿ ਕਿੰਨੇ ਦਾਣੇ ਬਣੇ ਹਨ ਅਤੇ ਕਿੰਨੀ ਖੰਡ ਮਿਲੀ ਹੈ। ਹੱਟੀ ਵਾ਼ਲਾ ਲਾਲਾ ਭੰਗਾਂ ਦੇ ਭਾੜੇ ਕਣਕ ਰੱਖ ਕੇ ਦੋ ਵੇਲਿਆਂ ਦੀ ਚਾਹ ਜੋਗੀ ਖੰਡ ਰਾਮ ਦਿਆਲ ਦੇ ਹੱਥ ਫੜਾ ਦਿੰਦਾ।ਜਿਵੇਂ ਕੋਈ ਅਹਿਸਾਨ ਕੀਤਾ ਹੋਵੇ।

ਟੂਰ ਦੀ ਸੋਚ ਨੇ ਉਸਨੂੰ ਸੋਚਣ ਲਾ ਦਿੱਤਾ ਕਿ ਖੌਰੇ ਹਾਲੇ ਵੀ ਕਿੰਨੇ ਕੁ ਰਾਮ ਦਿਆਲ ਟੂਰਾਂ ਤੋਂ ਵਾਂਝੇ ਰਹਿੰਦੇ ਹੋਣਗੇ। ਕਿਉਂ ਨਾ ਇਹਨਾਂ ਰਾਮ ਦਿਆਲਾਂ ਲਈ ਅਵੇਅਰਨੈੱਸ ਮਿਸ਼ਨ ਵਲੋਂ ਮੁਫ਼ਤ ਟੂਰ ਦਾ ਪ੍ਰਬੰਧ ਕੀਤਾ ਜਾਵੇ। ਦੋਸਤਾਂ ਨਾਲ ਗੱਲ ਕੀਤੀ।ਗੱਲ ਪਾਸ ਹੋ ਗਈ। ਦੋ ਦਿਨ ਦੇ ਵਿਦਿਅਕ ਟੂਰ ਦਾ ਪ੍ਰਬੰਧ ਕੀਤਾ ਗਿਆ। ਅਵੇਅਰਨੈੱਸ ਮਿਸ਼ਨ ਦੇ ਵਲੰਟੀਅਰਾਂ ਵਲੋਂ ਸਕੂਲਾਂ ਵਿਚ ਘੁੰਮ-ਘੁੰਮ ਕੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਨਾਲ ਸਲਾਹ ਮਸ਼ਵਰੇ ਕੀਤੇ ਗਏ।ਪਰ ਟੂਰ ਵਾਲੇ ਪ੍ਰੋਗ੍ਰਾਮ ਨੂੰ ਬੂਰ ਨਹੀਂ ਸੀ ਪੈ ਰਿਹਾ। ਅਧਿਆਪਕ ਸਰਕਾਰੀ ਬੰਦਿਆਂ ਵਰਗੀਆਂ ਗੱਲਾਂ ਕਰ-ਕਰ ਸੌ-ਸੌ ਬਹਾਨੇ ਬਣਾਉਂਦੇ।

"ਜੇਕਰ ਰਸਤੇ ਵਿਚ ਕੋਈ ਐਸੀ ਵੈਸੀ ਗੱਲ ਹੋ ਗਈ, ਕੌਣ ਜ਼ਿੰਮੇਵਾਰੀ ਚੁੱਕੂਗਾ? ਕੋਈ ਐਕਸੀਡੈਂਟ ਹੋ ਜਾਵੇ, ਕੁੜੀਆਂ ਨਾਲ ਕੋਈ ਊਂਨੀ ਇੱਕੀ ਵਾਪਰ ਜਾਵੇ ਤਾਂ ਸਾਡੀ ਤਾਂ ਨੌਕਰੀ ਪੈ ਜਾਊ ਨਾ ਖੂਹ 'ਚ। ਕੀ ਥੁੜਿਆ ਏਹੋ ਜੇਹੇ ਪੰਗੇ 'ਚ ਪੈਣ ਖੁਣੋਂ ।ਅਸੀਂ ਭਾਈ ਉਂਝ ਹੀ ਚੰਗੇ ਆਂ।ਤੁਸੀਂ ਕਿਸੇ ਹੋਰ ਸਕੂਲ ਦੇ ਬੱਚਿਆਂ ਨੂੰ ਲੈ ਜਾਵੋ।"


ਇਸ ਤਰ੍ਹਾਂ ਦੇ ਹੀਣ ਭਾਵਨਾ ਵਾਲੇ ਵਿਚਾਰ ਜਦੋਂ ਰਾਮ ਦਿਆਲ ਦੇ ਕੰਨੀ ਪੈਂਦੇ ਤਾਂ ਉਸਦੇ ਹੌਸਲੇ ਨੂੰ ਢਾਹ ਲੱਗਦੀ ਜਰੂਰ ਪਰ ਹੌਸਲਾ ਢਹਿੰਦਾ ਨਾ। ਚੰਡੀਗੜ੍ਹੋਂ ਉਚ ਅਧਿਕਾਰੀ ਆਂ ਨੂੰ ਮਿਲ ਕੇ ਸਕੂਲਾਂ ਨੂੰ ਦੁਬਾਰਾ ਸੁਨੇਹੇ ਭਿਜਵਾਏ ਜਾਦੇ।ਫਿਰ ਕਿਤੇ ਜਾ ਕੇ ਸਕੂਲ ਅਧਿਆਪਕ ਰਾਜ਼ੀ ਹੁੰਦੇ।

ਅਧਿਆਪਕ ਹੋਣ ਨਾਤੇ ਮੇਰਾ ਅਧਿਆਪਕਾਂ ਨਾਲ ਵਾਹ-ਵਾਸਤਾ ਰਹਿੰਦਾ। ਹਰ ਛੁੱਟੀ ਵਾਲੇ ਦਿਨ ਅਧਿਆਪਕ ਆਪਣੇ ਜੁਆਕਾਂ ਨੂੰ ਕਿਸੇ ਨਾ ਕਿਸੇ ਹਿੱਲ ਸਟੇਸ਼ਨ ਤੇ ਲੈ ਕੇ ਜਾਂਦੇ। ਅਗਲੇ ਦਿਨ ਸਕੂਲ ਆ ਕੇ ਸਾਥੀ ਅਧਿਆਪਕਾਂ ਨੂੰ ਟੂਰ ਬਾਰੇ ਟੌਹਰ ਨਾਲ ਦੱਸਦੇ। ਟੂਰ ਦੀਆਂ ਸਿਫਤਾਂ ਦੇ ਪੁ਼ਲ ਬੰਨ੍ਹਦਿਆਂ ਆਪਣੀ ਲੱਗੀ ਘੰਟੀ ਨੂੰ ਨਜ਼ਰਅੰਦਾਜ਼ ਕਰ ਜਾਂਦੇ।ਜਮਾਤਾਂ ਵਿਚ ਵਿਦਿਆਰਥੀਆਂ ਦਾ ਚੀਕ ਚਿਹਾੜਾ ਸਕੂਲ ਨੂੰ ਸਬਜ਼ੀ ਮੰਡੀ ਬਣਾ ਦਿੰਦਾ। ਆਪਣੇ ਜੁਆਕਾਂ ਨੂੰ ਘੁੰਮਾਉਂਦਿਆਂ ਕਿਸੇ ਦੁਰਘਟਨਏ ਦਾ ਚੇਤਾ ਨਾ ਆਉਂਦਾ।ਪਰ ਜਿਨ੍ਹਾਂ ਜੁਆਕਾਂ ਨੂੰ ਪੜ੍ਹਾਉਣ ਬਦਲੇ ਥੱਬਿਆਂ ਦੇ ਥੱਬੇ ਨੋਟ ਮਿਲਦੇ ਉਹਨਾਂ ਦੀ ਜ਼ਿੰਮੇਵਾਰੀ ਚੁਕਦਿਆਂ ਸੌ-ਸੌ ਤਰ੍ਹਾਂ ਦੀ ਡਰਾਮੇਬਾਜ਼ੀ ਹੁੰਦੀ। ਇਸ ਤਰ੍ਹਾਂ ਦਾ ਵਰਤ-ਵਰਤਾਰਾ ਦੇਖ ਕੇ ਮੇਰਾ ਅਧਿਆਪਕ ਮਨ ਠਿੱਠ ਹੁੰਦਾ ਤੇ ਅਜੋਕੇ ਸੰਦਰਭ 'ਚ ਅਧਿਆਪਕ ਦੀ ਭੂਮਿਕਾ ਸੰਤੁਸ਼ਿਟੀ ਵਾਲੀ ਨਾ ਲਗਦੀ।

ਟੂਰ ਤੇ ਦਸ ਸਕੂਲਾਂ ਦੇ ਪੰਜ ਸੌ ਵਿਦਿਆਰਥੀ ਗਏ।ਬੱਚਿਆਂ ਦਾ ਉਤਸ਼ਾਹ ਦੇਖ ਕੇ ਭੁੱਖ ਲਹਿੰਦੀ ਸੀ। ਦਸ ਬੱਸਾਂ ਦੀ ਅਗਵਾਈ ਰਾਮ ਦਿਆਲ ਆਪ ਕਰ ਰਿਹਾ ਸੀ। ਹਰ ਸਟੇਸ਼ਨ ਤੇ ਉਸਦੀ ਗੱਡੀ ਪਹਿਲਾਂ ਖੜੀ ਮਿਲਦੀ। ਪਹਿਲੇ ਦਿਨ ਵਿਦਿਆਰਥੀਆਂ ਨੇ ਚਮਕੌਰ ਸਾਹਿਬ, ਫਤਿਹਗੜ੍ਹ ਸਾਹਿਬ, ਗੁਰਦੁਆਰਾ ਮਿੱਠਾ ਮੁਹਰਾ ਨਤਮਸਤਕ ਹੋ ਕੇ ਇਤਿਹਾਸਕ ਜਾਣਕਾਰੀ ਪ੍ਰਾਪਤ ਕੀਤੀ। ਦੂਜੇ ਦਿਨ ਚੰਡੀਗੜ੍ਹ ਵਿਧਾਨ ਸਭਾ, ਹਾਈ ਕੋਰਟ, ਰੋਜ਼ ਗਾਰਡਨ, ਰਾਕ ਗਾਰਡਨ, ਨੇਕ ਚੰਦ ਨਾਲ ਮੁਲਾਕਾਤ, ਸੁਖਨਾ ਝੀਲ, ਟ੍ਰੈਫਿਕ ਪੁਲਿਸ ਪਾਰਕ ਤੇ ਅੰਗਰੇਜ਼ੀ ਟ੍ਰਿਬਿਊਨ ਦੇ ਦਫਤਰ ਜਾ ਕੇ ਅਖ਼ਬਾਰ ਛਪਣ ਦੇ ਤੌਰ ਤਰੀਕਿਆਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ।ਮਿਸ਼ਨ ਦੇ ਵਲੰਟੀਓਰ ਦੌੜ-ਦੌੜ ਕੇ ਬੱਚਿਆਂ ਨੂੰ ਹੱਲਾਸ਼ੇਰੀ ਅਗਵਾਈ ਕਰਦੇ। ਟੂਰ ਦੀ ਸਮਾਪਤੀ ਤੇ ਬੱਚਿਆਂ ਦੇ ਮਨ ਵਿਚ ਕਿਸੇ ਵੱਡੀ ਜੰਗ ਦੇ ਜਿੱਤਣ ਜਿੰਨਾ ਚਾਅ ਹੁੰਦਾ। ਘਰ ਪਹੁੰਚਣ ਤੱਕ ਉਹਨਾਂ ਦਾ ਰਾਮ ਦਿਆਲ ਨਾਲ ਸੰਪਰਕ ਬਣਿਆ ਰਹਿੰਦਾ। ਟੂਰ ਦਾ ਸਾਰਾ ਤਜ਼ਰਬਾ ਬੱਚੇ ਉਸ ਨਾਲ ਲੰਬੀਆਂ-ਲੰਬੀਆਂ ਚਿੱਠੀਆਂ ਲਿਖ ਕੇ ਸਾਂਝਾ ਕਰਦੇ। ਚਿੱਠੀਆਂ ਪੜ੍ਹ ਕੇ ਉਸਦੀ ਟੂਰ ਤੇ ਲੱਗੀ ਸਾਰੀ ਭੱਜ ਨੱਠ ਅਤੇ ਪ੍ਰੇਸ਼ਾਨੀ ਜਾਂਦੀ ਰਹਿੰਦੀ।ਉਹ ਬੱਚਿਆਂ ਲਈ ਅਗਲੇਰੇ ਪ੍ਰੋਗ੍ਰਾਮ ਉਲੀਕਣ ਲਗਦਾ।


(ਚਲਦਾ)

ਆਦਿ ਧਰਮ ਰਿਪੋਰਟ (ਉਰਦੂ ਵਿਚ) ਦਾ ਮੁੱਖ ਪੰਨਾ


۳۹

آدھرم ہدایات

۱۔ آدپرکھ کا جاننا ماننا سب کا پرم دھرم ہے
۲۔ شریر کی کلیان کے لئے سوہنگ شبد کا ابھیاس کرنا لازمی ہے
۳۔ ہر آدھرمی صبح وشام کم از کم آدھ گھنٹہ گوردیو کی یاد میں صرف کرے۔
۴۔ ہر آدھرمی بشر آپس ملتے پر جے گوردیو بلائیں
۵۔ رشی بالمیک رو داس مہاراج کبیر بھگوان ست گورو نامدیو جی کی باتی پر عمل کرنا اور سچے پیروکار رہنا۔
۶۔ گورو دھارنا لازمی ہے۔ مگر اپنے پچھلے گورؤں کی تعلیم سے پوری پوری واقفیت وگورباتی کا سچا پیروکار اور آدھرم کے اصولوں پر کاربند ہو۔ اس کو گورو دھارنا چاہئے۔
۷۔ گورو کی استری کو ماتا اور لڑکی کو حقیقی بہن سمجھنا چاہئے۔
۸۔ استری کو پتی برت دھرم سمجھانا چاہئے۔ کیونکہ اسکی اسی میں کلیان ہے۔
۹۔ ہر ایک آدھرمی مرد کو سوائے اپنی استری کے غیر استری کا درجہ ماتا اور بہن کے برابر سمجھنا چاہئے۔
۱۰۔ آدھرمیوں کے لئے چوری ٹھگی جھوٹ بے ایمانی۔ پرائے حق کی حق تلفی سے بچنا چاہئے۔
۱۱۔ کسی کا بے جا طور سے دل دکھانا بہت برا ہے۔ اس سے بڑھ کر دنیا میں اور کوئی پاپ نہیں۔
۱۲۔ آدھرمیوں کو اپنے تہواروں میں سرگرمی سے حصہ لینا چاہئے۔
۱۳۔ لڑکے لڑکی کے جنم دن پر یکساں خوشی منائی جائے۔


BABA MANGU RAM MUGGOWALIA JI
14-01-1886 - 22-04-1980




# ਆਦਿ ਧਰਮ ਮੰਡਲ ਰਿਪੋਰਟ : 1926-1931

ਆਦਿ ਧਰਮ ਮੰਡਲ, ਪੰਜਾਬ ਨੇ ਦੋ ਰਿਪੋਰਟਾਂ ਛਪਵਾਈਆਂ ਦੱਸੀਆਂ ਜਾਂਦੀਆਂ ਹਨ। ਪਹਿਲੀ, 15 ਮਈ, 1931 ਨੂੰ ਛਪੀ ਜੋ 26 ਜਨਵਰੀ 1926 ਤੋਂ 30 ਅਪ੍ਰੈਲ 1931 ਦੇ ਸਮੇਂ ਨੂੰ ਆਪਣੇ ਵਿਚ ਸਮੇਟਦੀ ਹੈ। ਇਹ ਉਰਦੂ ਅੱਖਰਾਂ ਵਿਚ ਹੈ ਤੇ ਇਸ ਵਿਚ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦੇ ਚੋਖੇ ਸ਼ਬਦ ਹਨ। ਰਿਪੋਰਟ ਦੇ ਕੁੱਲ 80 ਸਫ਼ੇ ਹਨ। ਇਨ੍ਹਾਂ ਵਿਚੋਂ 8 ਸਫ਼ੇ ਬਰਾਬਰ ਅਧਿਕਾਰਾਂ ਅਤੇ ਆਰਥਿਕ ਲਾਭਾਂ ਦੀ ਮੰਗ ਸੰਬੰਧੀ ਹਨ ਜੋ ਸਰਕਾਰ ਨੂੰ ਮੁਖ਼ਾਤਬ ਹਨ। ਤੀਹ ਸਫ਼ੇ ਆਦਿ ਧਰਮ ਲਹਿਰ ਦੀਆਂ ਬਰਾਂਚਾਂ ਅਤੇ ਵੱਖ-ਵੱਖ ਕਮੇਟੀਆਂ ਦੇ ਮੈਂਬਰਾਂ ਤੇ ਪੰਜ ਸੌ ਨਾਵਾਂ ਤੇ ਸਿਰਨਾਵਿਆਂ ਨਾਲ ਭਰੇ ਪਏ ਹਨ। ਵਿਸਥਾਰ ਸਹਿਤ ਨਾਵਾਂ ਤੇ ਥਾਵਾਂ ਦੇ ਵੇਰਵਿਆਂ ਦੇ ਲਿਖਣ ਦਾ ਮਨੋਰਥ ਲਹਿਰ ਦਾ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਵਿਸਤਾਰ ਨੂੰ ਦਰਸਾਉਣਾ ਪ੍ਰਤੀਤ ਹੁੰਦਾ ਹੈ। ਕਾਫ਼ੀ ਸਫ਼ੇ ਵਿੱਤੀ ਮਾਮਲਿਆਂ ਨਾਲ ਭਰੇ ਹੋਏ ਹਨ ਜਿਨ੍ਹਾਂ ਦਾ ਮੰਤਵ ਇਹ ਸਪੱਸ਼ਟ ਕਰਨਾ ਜਾਪਦਾ ਹੈ ਕਿ ਆਦਿ ਧਰਮ ਮੰਡਲ ਨੇ ਸਰਕਾਰ ਤੋਂ ਕੋਈ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਕੀਤੀ ਜਿਵੇਂ ਕਿ ਸਮਕਾਲੀ ਰਾਜਸੀ ਪਾਰਟੀਆਂ ਅਤੇ ਜੱਥੇਬੰਦੀਆਂ ਵਲੋਂ ਪ੍ਰਚਾਰਿਆ ਜਾ ਰਿਹਾ ਸੀ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮੂੰ ਬੰਦ ਕਰਨਾ ਲਗਦਾ ਹੈ।

ਰਿਪੋਰਟ ਦਾ ਮੁੱਖ ਭਾਗ 30 ਸਫ਼ਿਆਂ ਦੇ ਕਰੀਬ ਹੈ ਜਿਸ ਵਿਚ ਨਵੇਂ ਧਰਮ (ਆਦਿ ਧਰਮ) ਦੀ ਵਿਚਾਰਧਾਰਾ ਯਾਨਿ ਉਸ ਦੇ ਦਰਸ਼ਨ, ਪਿਛੋਕੜ, ਵਿਸ਼ਵਾਸਾਂ ਅਤੇ ਪ੍ਰਤੀਕਾਂ, ਭਵਿੱਖ ਲਈ ਇਸ ਦੀ ਉਮੀਦ ਆਦਿ ਸ਼ਾਮਿਲ ਹੈ। ਨਵੇਂ ਸੰਸਾਰ ਤੇ ਨਵੇਂ ਮਨੁੱਖ ਦੀ ਸਿਰਜਨਾ ਵੱਲ ਆਦਿ ਧਰਮ ਦੇ ਵਿਚਾਰ ਉਚ ਪਾਇ ਦੇ ਹਨ। ਇੱਥੇ ਦੱਸਣ ਵਾਲੀ ਗੱਲ ਇਹ ਹੈ ਕਿ ਰਿਪੋਰਟ ਬਾਬੂ ਮੰਗੂ ਰਾਮ ਦੀ ਦੇਖਰੇਖ ਹੇਠ ਤਿਆਰ ਕੀਤੀ ਗਈ ਸੀ।

ਰਿਪੋਰਟ ਦੀਆਂ ਇਕ ਹਜ਼ਾਰ ਕਾਪੀਆਂ ਕਿਸ਼ਨ ਸਟੀਮ ਪ੍ਰੈੱਸ, ਰੇਲਵੇ ਰੋਡ ਜਲੰਧਰ ਤੋਂ ਛਪਵਾਈਆਂ ਗਈਆਂ ਸਨ।

ਬਾਬੂ ਮੰਗੂ ਰਾਮ ਜਸਪਾਲ, ਸੰਪਾਦਕ, ਰਵਿਦਾਸ ਪੱਤ੍ਰਕਾ ਅਨੁਸਾਰ ਆਦਿ ਧਰਮ ਨੇ ਦੂਜੀ ਰਿਪੋਰਟ-1932-1937 ਛਪਵਾਈ ਜਿਸ ਦੀ ਇਕ ਕਾਪੀ ਉਨ੍ਹਾਂ ਕੋਲ ਯੂ.ਕੇ. ਵਿਚ ਉਨ੍ਹਾਂ ਦੇ ਘਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਆਦਿ ਧਰਮ ਨਾਲ ਸੰਬੰਧਤ ਬਹੁਤ ਸਾਹਿਤ ਉਥੇ ਇਸ ਲਈ ਰੱਖਿਆ ਹੋਇਆ ਹੈ ਕਿ ਜਲੰਧਰ ਦੇ ਮਾਡਲ ਟਾਊਨ ਵਾਲੇ ਘਰੋਂ ਉਨ੍ਹਾਂ ਦਾ ਬਹੁਤ ਸਾਰਾ ਸਾਮਾਨ ਆਦਿ ਧਰਮ ਦੇਖੀਆਂ, ਖ਼ਾਸ ਕਰਕੇ ਆਦਿ ਧਰਮ ਛੱਡ ਕੇ ਕਾਂਗਰਸ ਵਿਚ ਗਏ ਲੀਡਰਾਂ ਨੇ ਇਕ ਬੰਦੇ ਰਾਹੀਂ ਚੋਰੀ ਕਰਵਾ ਲਿਆ ਸੀ ਜਿਸ ਉਤੇ ਉਹ ਬਹੁਤ ਹੀ ਇਤਬਾਰ ਕਰਦੇ ਸਨ।

ਰਿਪੋਰਟ ਦਾ ਮੁੱਖ ਬੰਦ

ਹਿੰਦੋਸਤਾਨ ਵਿਚ ਇਕ ਚੁਥਾਈ ਆਬਾਦੀ ਅਛੂਤ ਮੰਨੀ ਜਾਂਦੀ ਹੈ, ਇਹ ਉਹ ਲੋਕ ਹਨ ਜੋ ਪੰਜ ਹਜ਼ਾਰ ਸਾਲਾਂ ਤੋਂ ਉੱਚ ਜਾਤੀ ਹਿੰਦੂਆਂ ਦੁਆਰਾ ਗੁਲਾਮ ਬਣਾਏ ਗਏ ਹਨ। ਇਨ੍ਹਾਂ ਬੇਚਾਰੇ ਲੋਕਾਂ ਨੂੰ ਉਨ੍ਹਾਂ ਦੇ ਰਾਜਨੀਤਿਕ ਅਤੇ ਧਾਰਮਿਕ ਰੁਤਬੇ ਤੋਂ ਇਸ ਕਦਰ ਵੱਖਰਿਆਂ ਕੀਤਾ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਕੁਚਲ ਦਿਤਾ ਹੈ, ਇੰਨੀ ਬੇਦਰਦੀ ਨਾਲ ਕੁਚਲਿਆ ਗਿਆ ਕਿ ਉਹ ਆਪਣੀ ਪਛਾਣ ਹੀ ਭੁੱਲ ਗਏ। ਜੇ ਤੁਸੀਂ ਇਨ੍ਹਾਂ ਲੋਕਾਂ ਦੀ ਹਾਲਤ ਨੂੰ ਗੌਰ ਨਾਲ ਦੇਖੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਦੁਨੀਆਂ ਭਰ ਵਿਚ ਹਰ ਕੋਈ ਇਸ ਬਾਰੇ ਜਾਣਦਾ ਹੈ, ਇਥੋਂ ਤਕ ਕਿ ਛੋਟੇ ਬੱਚੇ ਵੀ। ਇਨ੍ਹਾਂ ਦੇ ਮੁੱਢ ਬਾਰੇ ਤਹਿ ਤਕ ਜਾਣਾ ਇਸ ਤਰ੍ਹਾਂ ਹੈ ਜਿਵੇਂ ਬੇਹੇ ਭੋਜਨ ਨੂੰ ਦੁਬਾਰਾ ਚਬਾਉਣਾ ਹੋਵੇ। ਇਤਿਹਾਸਕਾਰਾਂ ਨੇ ਮਨਾਂ-ਮੂੰਹੀਂ ਕਿਤਾਬਾਂ ਇਸ ਸੰਬੰਧੀ ਲਿਖੀਆਂ ਹਨ, ਇੰਨੀਆਂ ਕਿਤਾਬਾਂ ਕਿ ਲੰਡਨ ਭਰ ਜਾਵੇ। ਸਾਡਾ ਮੰਤਵ ਅਛੂਤਾਂ ਦਾ ਇਤਿਹਾਸਕ ਮੁੱਢ ਦੱਸਣ ਅਤੇ ਉਨ੍ਹਾਂ ਨੂੰ ਭੜਕਾਉਣ ਨਾਲੋਂ ਸਾਨੂੰ ਅਛੂਤਾਂ ਨੂੰ ਤਰੱਕੀ ਦੇ ਰਸਤੇ ਪਾਉਣਾ ਚਾਹੀਦਾ ਹੈ। ਅਸੀਂ ਅਛੂਤਾਂ ਨੂੰ ਕਿਸੇ ਹੋਰ ਭਾਈਚਾਰੇ ਵਿਰੁੱਧ ਧਰਮ-ਯੁੱਧ ਕਰਨ ਲਈ ਭੜਕਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਇਹ ਓਨਾ ਹੀ ਮਾੜਾ ਹੋਵੇਗਾ ਜਿੰਨਾ ਕਿ ਛੂਤਛਾਤ।

ਇਹੀ ਕਾਰਨ ਹੈ ਕਿ ਅਸੀਂ ਉਨ੍ਹਾਂ ਸੰਸਥਾਵਾਂ ਨਾਲ ਨਹੀਂ ਮਿਲ ਰਹੇ ਜੋ ਕਹਿੰਦੀਆਂ ਹਨ ਕਿ ਉਹ ਛੂਤਛਾਤ ਨੂੰ ਖ਼ਤਮ ਕਰਨਾ ਚਾਹੁੰਦੀਆਂ ਹਨ ਅਤੇ ਜਾਤਪਾਤ ਦੀ ਸਮੁੱਚੀ ਬਣਤਰ ਨੂੰ ਵੀ। ਇਹ ਸੰਸਥਾਵਾਂ ਅਛੂਤਾਂ ਨੂੰ ਗਲਤ ਅਗਵਾਈ ਦੇ ਕੇ ਮਲੀਆਮੇਟ ਕਰ ਦੇਣਗੀਆਂ। ਹਕੀਕਤ ਇਹ ਹੈ ਕਿ ਅੰਗਰੇਜ਼ਾਂ ਤੋਂ ਪਹਿਲੇ, ਭਾਰਤ ਦੇ ਰਾਜ ਕਰਦੇ ਹੋਰ ਸਾਰੇ ਟੋਲਿਆਂ ਨੇ ਅਛੂਤਾਂ ਨਾਲ ਬੁਰਾ ਵਰਤਾਓ ਕੀਤਾ। ਅਛੂਤਾਂ ਦੀ ਮੌਜੂਦਾ ਹਾਲਤ ਇਨ੍ਹਾਂ ਵਿਦੇਸ਼ੀਆਂ ਵਲੋਂ ਉਨ੍ਹਾਂ ਨਾਲ ਕੀਤੇ ਵਰਤਾਰੇ ਕਾਰਨ ਹੈ। ਅਛੂਤ ਭਾਰਤ ਦੇ ਆਦੀਵਾਸੀਆਂ ਦੀ ਸੰਤਾਨ ਹਨ। ਉਹ ਧਰਮ-ਖੰਡ ਦੇ ਅਸਲ ਬੱਚੇ ਹਨ ਅਤੇ ਉਹ ਆਪਣੇ ਦੇਸ਼ ਵਿਚ ਸ਼ਾਂਤਮਈ ਅਤੇ ਧਾਰਮਿਕ ਜੀਵਨ ਬਿਤਾ ਰਹੇ ਸਨ ਜਦੋਂ ਕਿ ਖ਼ੂੰਖਾਰ ਹਮਲਾਵਰਾਂ ਨੇ ਉਨ੍ਹਾਂ ਉਤੇ ਹਮਲਾ ਕੀਤਾ ਅਤੇ ਦੋਧਾਰੀ ਤਲਵਾਰ ਨਾਲ ਕਤਲੋਗਾਰਤ ਕੀਤੀ। ਪਰ ਫਿਰ ਵੀ ਜਿਵੇਂ ਸਤਿਗੁਰ ਕਬੀਰ ਨੇ ਫੁਰਮਾਇਆ ਹੈ, 'ਜਿਹੜਾ ਦੂਜਿਆਂ ਦਾ ਗਲਾ ਕੱਟਦਾ ਹੈ, ਇਕ ਦਿਨ ਉਸ ਦਾ ਆਪਣਾ ਗਲਾ ਵੀ ਕੱਟਿਆ ਜਾਵੇਗਾ।' ਅੱਜ ਕਾਤਲ ਬਲੀ ਦੇ ਬਣਾਏ ਬੱਕਰਿਆਂ ਨਾਲ ਰਹਿ ਰਹੇ ਹਨ ਜਿਨ੍ਹਾਂ ਨੂੰ ਭਾਗਾਂ ਵਿਚ ਲਿਖੀ ਦੋਧਾਰੀ ਤਲਵਾਰ ਨਾਲ ਕਤਲ ਕੀਤਾ ਗਿਆ ਸੀ: ਉਹ ਦੋਵੇਂ ਇਕੋ ਸਰਕਾਰ ਦੇ ਕਾਨੂੰਨਾਂ ਅਧੀਨ ਹੋ ਗਏ ਹਨ ਜੋ ਪੁਰਾਣੀ ਸਮਾਜਿਕ ਵਿਵਸਥਾ (ਜਾਤੀ ਪ੍ਰਥਾ) ਨੂੰ ਕੁਚਲਣ ਲਈ ਕ੍ਰਿਆਤਮਕ ਕਦਮ ਚੁੱਕ ਰਹੀ ਹੈ। ਛੂਤਛਾਤ ਇੰਨੀ ਪੈਰ ਜਮਾ ਚੁੱਕੀ ਹੈ ਕਿ ਇਸ ਤਰ੍ਹਾਂ ਲਗਦਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸ ਨੂੰ ਹਿਲਾ ਨਹੀਂ ਸਕਦੀ। ਫਿਰ ਵੀ ਜਿਵੇਂ ਕਿ ਗੁਰੂ ਨਾਨਕ ਨੇ ਕਿਹਾ, 'ਕਰੇ ਕਰਾਵੇ ਆਪਿ ਆਪ, ਮਾਨਸ ਦੇਹਿ ਕੇ ਕੁਛ ਨਾਹੀ ਹਾਥ।' ਜੋ ਕੁਝ ਹੋ ਰਿਹਾ ਹੈ ਉਸ ਕੁਦਰਤ ਦੇ ਵਲੋਂ ਹੋ ਰਿਹਾ ਹੈ ਅਤੇ ਸਾਡੇ ਇਨਸਾਨਾਂ ਦੇ ਹੱਥ ਕੁਝ ਵੀ ਨਹੀਂ।'

ਅਛੂਤਾਂ ਨੂੰ ਕੁਚਲਣ ਵਿਚ ਜਿਹੜਾ ਵੀ ਲੱਗਿਆ ਹੈ, ਉਸ ਨੂੰ ਹੁਣ ਕਾਲ ਰਾਹੀਂ ਸਜ਼ਾ ਦਿਤੀ ਜਾ ਰਹੀ ਹੈ ਅਤੇ ਅੱਗੋਂ ਸਜ਼ਾ ਦਿਤੀ ਜਾਵੇਗੀ, ਇਹ ਸਾਡਾ ਵਿਸ਼ਵਾਸ ਹੈ ਕਿ ਜੀਵ ਆਦਿ-ਪੁਰਖ ਦੇ ਪੈਦਾ ਕੀਤੇ ਹਨ ਅਤੇ ਜੇ ਤਕੜਾ ਮਾੜੇ ਨੂੰ ਦਬਾਉਂਦਾ ਹੈ ਤਾਂ ਸਜ਼ਾ ਦੇਣ ਦਾ ਕੰਮ ਆਦਿ-ਪੁਰਖ ਦੇ ਹੱਥ ਵਿਚ ਰਹਿਣ ਦੇਣਾ ਚਾਹੀਦਾ ਹੈ। ਸਾਨੂੰ ਆਪਣਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਬਦਕਿਸਮਤੀ ਨਾਲ, ਉੱਚ ਜਾਤੀਆਂ ਦੇ ਹੰਕਾਰੀ ਲੋਕ ਅਜਿਹੇ ਆਦਰਸ਼ ਤੋਂ ਮੀਲਾਂ ਦੂਰ ਪਰੇ ਹਨ। ਇਹੋ ਕਾਰਨ ਹੈ ਕਿ ਅਛੂਤਾਂ ਦੀਆਂ ਸਹਾਈ ਹੋਣ ਦਾ ਦਾਅਵਾ ਕਰਨ ਵਾਲੀਆਂ ਸੰਸਥਾਵਾਂ ਵਲੋਂ ਕੋਈ ਖ਼ਾਸ ਪ੍ਰਾਪਤੀਆਂ ਨਹੀਂ ਕੀਤੀਆਂ ਗਈਆਂ। ਅਛੂਤਾਂ ਦੀਆਂ ਸਮੱਸਿਆਵਾਂ ਨੂੰ ਉੱਚ ਜਾਤੀ ਹਿੰਦੂ ਸਮਝ ਨਹੀਂ ਸਕਦੇ। ਇਸ ਤਰ੍ਹਾਂ ਅਛੂਤ ਪਹਿਲਾਂ ਵਾਂਗ ਤਰਸਯੋਗ ਹਾਲਤਾਂ ਵਿਚ ਰਹਿ ਰਹੇ ਹਨ।

ਅੰਤਜ ਉਧਾਰ, ਪਤਿਤ ਉਧਾਰ ਅਤੇ ਦਇਆਨੰਦ ਦਲਿਤ ਉਧਾਰ ਵਰਗੀਆਂ ਸੰਸਥਾਵਾਂ ਅਛੂਤਾਂ ਦੀਆਂ ਮਦਦਗਾਰ ਨਹੀਂ ਹਨ। ਇਹ ਸੰਸਥਾਵਾਂ ਉੱਚ ਜਾਤੀਆਂ ਦੇ ਹਿੰਦੂਆਂ ਵਲੋਂ ਚਲਾਈਆਂ ਜਾ ਰਹੀਆਂ ਹਨ। ਉਹ ਮੰਗਤਿਆਂ ਵਾਂਗ ਧਨ ਇਕੱਠਾ ਕਰਦੀਆਂ ਹਨ ਪਰ ਉਹ ਆਪਣੇ ਲਈ ਹੀ ਇਹ ਖਰਚ ਕਰਦੀਆਂ ਹਨ। ਉਹ ਇਹ ਧਨ ਅਛੂਤਾਂ ਲਈ ਨਹੀਂ ਖਰਚ ਕਰਦੀਆਂ। ਨੜਿਨਵੇਂ ਪ੍ਰਤਿਸ਼ਤ ਅਛੂਤਾਂ ਨੂੰ ਤਾਂ ਇਨ੍ਹਾਂ ਸੰਸਥਾਵਾਂ ਦੇ ਨਾਂ ਵੀ ਨਹੀਂ ਪਤਾ ਪਰ ਜੇ ਤੁਸੀਂ ਉਨ੍ਹਾਂ ਦੀਆਂ ਰਿਪੋਰਟਾਂ ਪੜ੍ਹੋ ਤਾਂ ਉਹ ਦਾਅਵਿਆਂ ਨੂੰ ਵਧਾ ਚੜ੍ਹਾ ਕੇ ਦੱਸਦੇ ਹਨ। ਸਚਾਈ ਇਹ ਹੈ ਕਿ ਇਹ ਸੰਸਥਾਵਾਂ ਸੁਆਰਥੀ ਲੋਕਾਂ ਦੀਆਂ ਬਣੀਆਂ ਹਨ।

ਅਛੂਤਾਂ ਕੋਲ ਤਿੰਨ ਤਾਕਤਾਂ ਹਨ - ਕੌਮੀਅਤ, ਮਜ਼੍ਹਬ ਅਤੇ ਮਜਲਿਸ। ਇਨ੍ਹਾਂ ਤਾਕਤਾਂ ਨੂੰ ਹਰ ਕੋਈ ਸਾਡੇ ਤੋਂ ਖੋਹਣਾ ਚਾਹੁੰਦਾ ਹੈ। ਕਈ 'ਕਿਰਪਾਲੂ' ਸਮਾਜ ਸੁਧਾਰ ਗਰੁੱਪ ਸਾਨੂੰ ਆਪਣੇ ਵਿਚ ਸਮਾ ਲੈਣ ਲਈ ਇਨ੍ਹਾਂ ਤਾਕਤਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦੇ ਹਨ।

1926 ਈ. ਵਿਚ ਸਥਾਪਿਤ ਆਦਿ-ਧਰਮ ਮੰਡਲ ਅਜਿਹੀਆਂ ਸਾਰੀਆਂ ਮੌਕਾਤਾੜੂ ਸੰਸਥਾਵਾਂ ਦਾ ਤਿੱਖਾ ਵਿਰੋਧ ਕਰਦਾ ਰਿਹਾ ਹੈ। ਮੰਡਲ ਇਨ੍ਹਾਂ ਤਿੰਨਾਂ ਤਾਕਤਾਂ ਦਾ ਰਖਿਅਕ ਅਤੇ ਹਮਾਇਤੀ ਹੈ, ਇਸ ਕੋਲ ਇਕ ਠੋਸ ਪ੍ਰੋਗਰਾਮ ਹੈ। ਅਛੂਤਾਂ ਲਈ ਮਗਰਮੱਛ ਦੇ ਹੰਝੂ ਵਹਾਉਣ ਵਾਲੀਆਂ ਉੱਚ ਜਾਤੀਆਂ ਦੀਆਂ ਇਨ੍ਹਾਂ ਸੰਸਥਾਵਾਂ ਨੇ ਆਦਿ ਧਰਮ ਮੰਡਲ ਨੂੰ ਤਬਾਹ ਕਰਨ ਦੇ ਯਤਨ ਕੀਤੇ ਹਨ। ਉਨ੍ਹਾਂ ਨੇ ਸਾਡੇ ਵਿਚੋਂ ਕੁਝ ਪ੍ਰਚਾਰਕਾਂ ਨੂੰ ਵਰਗਲਾਇਆ ਅਤੇ ਲਾਲਚ ਦਿਤੇ। ਪਰ ਆਦਿ-ਧਰਮ ਮੰਡਲ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਜਾ ਚੁੱਕੀਆਂ ਹਨ ਕਿ ਸਾਨੂੰ ਇਸ ਤਰ੍ਹਾਂ ਹਿਲਾਇਆ-ਪਟਾਇਆ ਨਹੀਂ ਜਾ ਸਕਦਾ। ਸਚਾਈ 'ਤੇ ਆਧਾਰਤ ਸਮਾਜ ਨੂੰ ਵਰਗਲਾਇਆ ਨਹੀਂ ਜਾ ਸਕਦਾ। ਚੁਫੇਰਿਓਂ ਹਮਲੇ ਹੋਣ ਦੇ ਬਾਵਜੂਦ, ਆਦਿ-ਧਰਮ ਮੰਡਲ ਨੇ ਪੈਰ-ਪੈਰ 'ਤੇ ਤਰੱਕੀ ਕਰਨ ਵਾਲੇ ਅਛੂਤਾਂ ਦੀ ਅਗਵਾਈ ਕੀਤੀ ਹੈ। ਆਦਿ-ਧਰਮ ਨੇ ਅਨੇਕ ਡੈਪੂਟੇਸ਼ਨਾਂ ਅਤੇ ਯਾਦ ਪੱਤਰਾਂ ਨਾਲ ਸਰਕਾਰ ਕੋਲ ਅਛੂਤਾਂ ਦੀਆਂ ਸਮੱਸਿਆਵਾਂ ਪੇਸ਼ ਕੀਤੀਆਂ ਹਨ।

ਉਦਾਹਰਣ ਵਜੋਂ, 1928 ਵਿਚ ਜੌਹਨ ਸਾਈਮਨ, ਰਾਇਲ ਕਮਿਸ਼ਨਰ ਨੂੰ ਇਕ ਡੈਪੂਟੇਸ਼ਨ ਮਿਲਿਆ। ਇਕ ਹੋਰ ਡੈਪੂਟੇਸ਼ਨ 12 ਅਕਤੂਬਰ 1929 ਨੂੰ ਜਲੰਧਰ ਵਿਖੇ ਪੰਜਾਬ ਲਾਹੌਰ ਦੇ ਗਵਰਨਰ ਮਾਨਯੋਗ ਸਰ ਜਾਫਰੀ ਫਿਤਜ਼ਰੋਈ ਡੀ ਮਾਂਟਮੋਰੈਂਸੀ, ਕੇ.ਸੀ.ਟੀ.ਈ., ਕੇ.ਸੀ.ਵੀ.ਓ.ਸੀ., ਬੀ.ਈ.ਐਮ.ਏ., ਆਈ. ਸੀ. ਐਸ. ਨੂੰ ਮਿਲਿਆ। ਇਸ ਦਿਨ ਨੂੰ ਅਛੂਤਾਂ ਦੇ ਇਨਸਾਨ ਹੋਣ ਦੇ ਜਨਮ ਦਿਨ ਵਜੋਂ ਮੰਨਿਆ ਜਾ ਸਕਦਾ ਹੈ ਕਿਉਂਕਿ ਉਸ ਦਿਨ ਸਾਨੂੰ ਇਨਸਾਨਾਂ ਵਜੋਂ ਮਾਨਤਾ ਮਿਲੀ। ਸਾਨੂੰ ਉਹ ਅਧਿਕਾਰ ਮਿਲੇ ਜਿਹੜੇ ਸਾਡੇ ਕੋਲ ਪਹਿਲਾਂ ਕਦੀ ਵੀ ਨਹੀਂ ਸਨ; ਸਾਨੂੰ ਹਿੰਦੋਸਤਾਨ ਦੀ ਵਿਧਾਨ ਸਭਾ ਵਿਚ ਵਿਧਾਨਕ ਸੀਟਾਂ ਦਾ ਅੱਠ ਪ੍ਰਤਿਸ਼ਤ ਕੋਟਾ ਮਿਲਿਆ ਤੇ ਬਹੁਤ ਸਾਰੀਆਂ ਅਸੰਬਲੀਆਂ ਵਿਚ ਵੀ। ਸਥਾਨਕ ਸਰਕਾਰ ਨੇ ਵੀ ਦਸ ਪ੍ਰਤਿਸ਼ਤ ਸਥਾਨਾਂ ਦੀ ਸਿਫਾਰਸ਼ ਕੀਤੀ। ਸਰਕਾਰ ਦੇ ਸਿੱਖਿਆ ਵਿਭਾਗ ਨੇ ਵੀ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਅਤੇ ਬਹੁਤ ਮਦਦਗਾਰ ਸਾਬਿਤ ਹੋਇਆ। ਇਹ ਸਾਰੀਆਂ ਮੱਦਾਂ ਤੱਥ ਹਨ, ਕਾਗਜ਼ਾਂ ਵਿਚ ਵਧਾਏ-ਚੜ੍ਹਾਏ ਦਾਅਵੇ ਨਹੀਂ।

ਇਹ ਮਤੇ ਹਨ ਜੋ ਪਾਸ ਕੀਤੇ ਜਾ ਚੁੱਕੇ ਹਨ ਅਤੇ ਇਹ ਕਾਇਦੇ ਕਾਨੂੰਨ ਹਨ ਜਿਨ੍ਹਾਂ ਨੂੰ ਲਾਗੂ ਕੀਤਾ ਜਾ ਚੁੱਕਾ ਹੈ। ਉਹ ਦਿਨ ਜ਼ਿਆਦਾ ਦੂਰ ਨਹੀਂ ਹਨ ਜਦੋਂ ਬ੍ਰਿਟਿਸ਼ ਸਰਕਾਰ ਨੂੰ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨਾ ਪਵੇਗਾ। ਆਦਿ-ਧਰਮ ਮੰਡਲ, ਜਲੰਧਰ ਵਲੋਂ ਰਾਜਨੀਤਿਕ ਦ੍ਰਿਸ਼ਟੀਕੋਣ ਦੇ ਨਾਲ-ਨਾਲ ਸਮਾਜਿਕ ਸੁਧਾਰ 'ਤੇ ਵੀ ਬਹੁਤ ਜ਼ੋਰ ਦਿਤਾ ਜਾ ਰਿਹਾ ਹੈ, ਜੋ ਬਹੁਤ ਸਫਲ ਹੋ ਚੁੱਕਾ ਹੈ। ਸਾਡੇ ਉਦਮਾਂ ਸਦਕਾ ਅਛੂਤਾਂ ਦਾ ਧਾਰਮਿਕ ਅਤੇ ਜਥੇਬੰਦਕ ਪੱਧਰ ਉੱਚਾ ਹੋ ਚੁੱਕਾ ਹੈ। ਉਦਾਹਰਣ ਵਜੋਂ, ਅਸੀਂ, ਅਛੂਤ ਬੱਚਿਆਂ ਲਈ ਸਿੱਖਿਆ ਦਿਵਾ ਰਹੇ ਹਾਂ ਜਿਵੇਂ ਕਿ ਪੰਜਾਬ ਦੇ ਇਕ ਸੂਝਵਾਨ ਆਦਮੀ ਨੇ ਕਿਹਾ ਹੈ, "ਆਦਿ-ਧਰਮ ਨੇ ਕਰਾਮਾਤ ਕਰਨ ਤੋਂ ਵੀ ਵਧ ਕੇ ਚਮਤਕਾਰ ਕਰ ਦਿਖਾਏ।" ਸਾਡੇ ਲਈ, ਕੋਈ ਵੀ ਗੱਲ ਬਿਨਾਂ ਕਾਰਜ ਕੀਤਿਆਂ ਪ੍ਰਸ਼ੰਸਯੋਗ ਨਹੀਂ। ਅਸੀਂ ਦੂਜੀਆਂ ਸੰਸਥਾਵਾਂ ਵਾਂਗ ਸਿਰਫ ਪੈਸੇ ਇਕੱਠੇ ਕਰਨਾ ਹੀ ਨਹੀਂ ਚਾਹੁੰਦੇ। ਉਹ ਸੰਸਥਾਵਾਂ ਆਪਣੇ ਐਸ਼ੋ-ਆਰਾਮ ਅਤੇ ਆਪਣੇ ਨਾਂ ਚਮਕਾਉਣ ਲਈ ਹੀ ਧਨ ਇਕੱਠਾ ਕਰਦੀਆਂ ਹਨ। ਸਾਡਾ ਸਿਧਾਂਤ ਪੂਰਨ ਤੌਰ ਤੇ ਮਨੁੱਖਵਾਦੀ ਹੈ ਜਿਵੇਂ ਕਿ ਕਿਸੇ ਨੇ ਕਿਹਾ ਹੈ, "ਇਹ ਸਿਰਫ ਮਨੁੱਖਤਾ ਦੀ ਬਿਹਤਰੀ ਲਈ ਸੰਘਰਸ਼ ਹੈ।" ਅਤੇ ਜਿਵੇਂ ਸਤਿਗੁਰ ਰਵਿਦਾਸ ਜੀ ਨੇ ਕਿਹਾ ਹੈ, "ਸਮੁੱਚਾ ਸਰੀਰ ਦਇਆ ਦੀ ਭਾਵਨਾ ਲਈ ਬਣਿਆ ਹੈ।"

ਸੰਖੇਪ ਵਿਚ, ਆਦਿ-ਧਰਮ ਮੰਡਲ ਦੀ ਸਥਾਪਨਾ ਮਨੁੱਖੀ ਮੰਤਵਾਂ ਅਤੇ ਮਨੁੱਖਤਾ ਪ੍ਰਤਿ ਸਾਡੇ ਫਰਜ਼ ਨੂੰ ਨਿਭਾਉਣ ਲਈ ਕੀਤੀ ਗਈ ਹੈ। ਅਸੀਂ ਦਬੇ-ਕੁਚਲੇ ਲੋਕਾਂ ਦਾ ਝੰਡਾ ਚੁੱਕਿਆ ਹੈ, ਅਸੀਂ ਆਪਣੇ ਸਮੁੱਚੇ ਜੀਵਨ ਉਸ ਉਦੇਸ਼ ਲਈ ਅਰਪਣ ਕੀਤੇ ਹਨ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਰਸਤਿਆਂ 'ਤੇ ਚਲ ਸਕਣ ਅਤੇ ਉਸ ਉਦੇਸ਼ ਦੀ ਪੂਰਤੀ ਕਰੇ ਜਿਸ ਨੂੰ ਬਹੁਤ ਸਮੇਂ ਤੋਂ ਅਣਗੌਲਿਆ ਗਿਆ। ਅਸੀਂ ਇਹ ਰਿਪੋਰਟ ਸਿਰਫ ਆਪਣੇ ਉਦੇਸ਼ਾਂ ਦੀ ਵਿਆਖਿਆ ਕਰਨ ਲਈ ਛਾਪੀ ਹੈ ਤਾਂ ਜੋ ਲੋਕ ਇਹ ਪੁੱਛਣ, "ਇਹ ਕਿਹੜੇ ਆਦਮੀ ਹਨ? ਇਹ ਕਿੱਥੋਂ ਆਏ ਹਨ ਅਤੇ ਇਹ ਕੀ ਕਰ ਰਹੇ ਹਨ ਤਾਂ ਜੋ ਇਹ ਸਾਡੇ ਬਾਰੇ ਜਾਣ ਸਕਣ। ਜਿਵੇਂ ਕਿਸੇ ਨੇ ਕਿਹਾ ਹੈ, "ਜੋ ਸੱਚੇ ਹਨ ਇਹ ਇਸ ਬਾਰੇ ਰੌਲਾ ਨਹੀਂ ਪਾਉਂਦੇ। ਸਚਾਈ ਖੁਦ ਪ੍ਰਾਪਤੀਆਂ ਦੀ ਗਵਾਹੀ ਹੈ।"

## ਭਾਗ ਪਹਿਲਾ
## ਆਦਿ ਲੋਕਾਂ ਦੀ ਚੜ੍ਹਤ ਅਤੇ ਪਤਨ

ਕੁਦਰਤ (ਕੁਦਰਤ ਦਾ ਮੇਲਾ) ਨੇ ਆਦਿ ਸਰੋਤ ਤੋਂ ਉਸ ਸਮੇਂ ਮਾਨਵ ਨੂੰ ਹੋਂਦ ਵਿਚ ਲਿਆਂਦਾ ਜਦੋਂ ਕੁਦਰਤ ਨੇ ਸਾਰੇ ਜੀਵਾਂ ਨੂੰ ਧਰਤੀ 'ਤੇ ਹੋਂਦ ਵਿਚ ਲਿਆਂਦਾ। ਕੁਦਰਤ ਵਲੋਂ ਉਨ੍ਹਾਂ ਨੂੰ ਉਸ ਸਮੇਂ ਨੈਤਿਕ ਵਰਤਾਰੇ ਦੀ ਵੀ ਸੂਝਬੂਝ ਦਿਤੀ। ਕੁਦਰਤ ਨੇ ਮਨੁੱਖਾਂ ਨੂੰ ਪਸ਼ੂਆਂ ਤੋਂ ਉੱਤਮ ਬਣਾਇਆ ਪਰ ਸਾਰੇ ਮਨੁੱਖ ਆਪਸ ਵਿਚ ਬਰਾਬਰ ਸਨ। ਆਦਿ ਕਾਲ ਵਿਚ ਜਦੋਂ ਕੁਦਰਤ ਨੇ ਮਨੁੱਖੀ ਜੀਵਾਂ ਨੂੰ ਹੋਂਦ ਵਿਚ ਲਿਆਂਦਾ, ਉਸ ਸਮੇਂ ਕੋਈ ਵਿਤਕਰੇਬਾਜ਼ੀ ਨਹੀਂ ਸੀ, ਨਾ ਕੋਈ ਮਤਭੇਦ ਸਨ ਅਤੇ ਨਾ ਹੀ ਝਗੜੇ। ਖ਼ਾਸ ਤੌਰ ਤੇ ਉਸ ਸਮੇਂ ਉਚ-ਨੀਚ ਜਾਤ ਦੀਆਂ ਅਜਿਹੀਆਂ ਧਾਰਣਾਵਾਂ ਨਹੀਂ ਸਨ। ਰੱਬ ਹੀ ਸਾਲਸੀ ਸੀ; ਸਭ ਕੁਝ ਇਕਸੁਰ ਸੀ। ਹਰ ਕੋਈ ਇਕੋ ਇਕ ਧਰਮ ਵਿਚ ਵਿਸ਼ਵਾਸ ਕਰਦਾ ਸੀ ਜੋ ਕੁਦਰਤ ਨੇ ਉਨ੍ਹਾਂ ਨੂੰ ਬੁੱਧੀ ਅਤੇ ਗਿਆਨ ਦੇ ਰੂਪ ਵਿਚ ਦਿਤਾ ਸੀ। ਇਹ ਆਦ ਧਰਮ ਸੀ। ਕੁਦਰਤ ਨੇ ਇਨ੍ਹਾਂ ਮੂਲ ਨਿਵਾਸੀਆਂ ਨੂੰ ਹਿਮਾਲਿਆ ਦੇ ਮੂਲ ਪਹਾੜਾਂ ਦੀਆਂ ਵਾਦੀਆਂ ਵਿਚ ਜਨਮਿਆ।

ਬਾਅਦ ਵਿਚ ਮੂਲ ਨਿਵਾਸੀ ਇਧਰ-ਉਧਰ ਫੈਲ ਗਏ। ਕੁਝ ਪਹਾੜਾਂ ਨੂੰ ਤੇ ਕੁਝ ਮੈਦਾਨੀ ਇਲਾਕਿਆਂ ਵਿਚ ਪਰਵਾਸ ਲਈ ਚਲੇ ਗਏ। ਜਿਵੇਂ-ਜਿਵੇਂ ਉਨ੍ਹਾਂ ਦੇ ਜੀਆਂ ਦੀ ਗਿਣਤੀ ਵਧਦੀ ਗਈ, ਉਨ੍ਹਾਂ ਬਿਹਤਰ ਥਾਵਾਂ ਦੀ ਤਲਾਸ਼ ਕੀਤੀ। ਕੁਝ ਗੁਫਾਵਾਂ, ਪਹਾੜਾਂ, ਅਤੇ ਮੱਧ ਏਸ਼ੀਆ ਦੇ ਮੈਦਾਨੀ ਇਲਾਕਿਆਂ ਅਤੇ ਕਾਕੇਸ਼ੀਆ ਦੇ ਪਹਾੜਾਂ ਵਿਚ ਰਹੇ। ਕੁਝ ਟੋਲੇ ਯੂਰਪ ਵਿਚ ਵਸ ਗਏ। ਕੁਝ ਟੋਲੇ ਆਪਣੀ ਮਾਤਰੀ ਭੂਮੀ ਨੂੰ ਪਰਤ ਆਏ ਅਤੇ ਆਰੀਅਨ ਵਜੋਂ ਜਾਣੇ ਗਏ। ਪਰ ਇਕ ਟੋਲਾ ਹੋਰ ਸੀ ਜੋ ਕਾਕੇਸ਼ੀਆ ਦੇ ਪਹਾੜਾਂ ਜਾਂ ਮੱਧ ਏਸ਼ੀਆ ਨੂੰ ਨਾ ਗਿਆ ਪਰ ਮੂਲ ਪਹਾੜਾਂ ਦੇ ਨੇੜੇ ਮੈਦਾਨੀ ਇਲਾਕਿਆਂ ਵਿਚ ਵਸ ਗਿਆ, ਮਾਤਰੀ ਭੂਮੀ ਵਿਚ। ਇਹ ਲੋਕ ਮੂਲ ਨਿਵਾਸੀ (ਆਦਿ ਲੋਕ) ਹਨ।

ਆਰੀਆਂ ਦੇ ਪਰਤਣ ਤੋਂ ਪਹਿਲਾਂ, ਸਾਡੇ ਪੂਰਵਜਾਂ ਨੇ ਹਰ ਖੇਤਰ ਵਿਚ ਜਿਵੇਂ ਕਿ ਉਦਯੋਗ, ਕਲਾ, ਵਿਗਿਆਨ, ਆਜ਼ਾਦ ਕਲਾਵਾਂ, ਭੌਤਿਕ ਅਤੇ ਰੂਹਾਨੀਅਤ ਕਲਾਵਾਂ ਵਿਚ ਮਹਾਨ ਸਫਲਤਾ ਪ੍ਰਾਪਤ ਕਰ ਲਈ ਸੀ। ਸੰਖੇਪ ਵਿਚ, ਉਹ ਬਹੁਤ ਹੀ ਸਭਿਅਕ ਲੋਕ ਸਨ ਜਦੋਂ ਕਿ ਦੁਨੀਆਂ ਦੇ ਉਸ ਸਮੇਂ ਦੇ ਦੂਸਰੇ ਲੋਕਾਂ ਨੂੰ ਸਭਿਅਤਾ ਜਾਂ ਵਿਗਿਆਨ ਬਾਰੇ ਇੰਨਾ ਪਤਾ ਨਹੀਂ ਸੀ। ਸਾਡੇ ਪੂਰਵਜ ਗਿਆਨ ਵਿਚ ਬਹੁਤ ਅੱਗੇ ਸਨ। ਉਨ੍ਹਾਂ ਥਾਵਾਂ 'ਤੇ ਜਿਥੇ ਅੱਜ ਗਿਆਨ ਦੇ ਦਰਿਆ ਵਗਦੇ ਹਨ, ਉਥੇ ਦੇ ਲੋਕ ਅਸਲੀ ਬਾਸ਼ਿੰਦੇ ਸਨ। (ਉਸ ਸਮੇਂ) ਦੂਸਰੇ ਲੋਕ ਦਰਖ਼ਤਾਂ, ਗੁਫਾਵਾਂ ਵਿਚ ਰਹਿੰਦੇ ਸਨ, ਰੁੱਖਾਂ ਦੀ ਛਿੱਲ ਅਤੇ ਪੱਤੇ ਖਾਂਦੇ ਸਨ ਅਤੇ ਉਨ੍ਹਾਂ ਦਾ ਕੋਈ ਰੂਹਾਨੀ ਜੀਵਨ ਨਹੀਂ ਸੀ। ਉਹ ਅਜਗਤੀਆਂ ਅਤੇ ਸ਼ਿਕਾਰੀਆਂ ਵਾਂਗ ਰਹਿੰਦੇ ਸਨ ਅਤੇ ਉਨ੍ਹਾਂ ਵਿਚ ਕੌਮ ਦੀ ਕੋਈ ਭਾਵਨਾ ਨਹੀਂ ਸੀ। ਇਹ ਉਨ੍ਹਾਂ ਦੀ ਹਾਲਤ ਸੀ ਜਦੋਂ ਕਿ ਭਾਰਤ ਦੀ ਮਾਤਰੀ-ਭੂਮੀ ਦੀ ਸਭਿਅਤਾ ਸਿਖਰ 'ਤੇ ਸੀ। ਦੁਨੀਆਂ ਭਰ ਦੇ ਲੋਕ ਸਾਡੀ ਧਰਤੀ ਨੂੰ ਸਫਲਤਾ ਦਾ ਮੁਕਟ ਮੰਨਦੇ ਸਨ ਅਤੇ ਸਾਡਾ ਅਤੇ ਸਾਡੀਆਂ ਪ੍ਰਾਪਤੀਆਂ ਦਾ ਸਿੱਕਾ ਮੰਨਦੇ ਸਨ। ਉਹ ਸਾਡੇ ਰਾਜਿਆਂ ਦਾ ਸਤਿਕਾਰ ਕਰਦੇ ਸਨ ਅਤੇ ਸੀਸ ਝੁਕਾਉਂਦੇ ਸਨ। ਉਥੇ ਕੋਈ ਦੁਸ਼ਮਣ, ਕੋਈ ਵਿਰੋਧੀ ਧਿਰ ਨਹੀਂ ਸੀ ਤੇ ਨਾ ਹੀ ਵਿਦੇਸ਼ੀ ਹਮਲਾਵਰਾਂ ਦਾ ਡਰ ਅਤੇ ਨਾ ਹੀ ਅੰਦਰੂਨੀ ਝਗੜਿਆਂ ਦਾ ਕੋਈ ਨਾਂ-ਨਿਸ਼ਾਨ ਸੀ। ਜਿਵੇਂ ਕਿ ਮਹਾਨ ਸਤਿਗੁਰ ਕਬੀਰ ਨੇ ਕਿਹਾ ਹੈ -

ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

ਇਸੇ ਦੌਰਾਨ ਆਰੀਆਂ ਨੇ ਆਦਿ ਲੋਕਾਂ ਦੀ ਸਭਿਅਤਾ ਦੀ ਮਹਾਨ ਪ੍ਰਾਪਤੀ ਬਾਰੇ ਸੁਣਿਆ ਅਤੇ ਇਥੇ ਆਏ। ਉਨ੍ਹਾਂ ਨੇ ਸਥਾਨਕ ਵਸਨੀਕਾਂ ਤੋਂ ਯੁੱਧ ਕਲਾ ਨੂੰ ਸਿੱਖਿਆ ਅਤੇ ਫਿਰ ਉਨ੍ਹਾਂ ਦੇ ਖ਼ਿਲਾਫ ਹੋ ਗਏ। ਕਈ ਯੁੱਧ ਹੋਏ। ਛੇ ਸੌ ਸਾਲ ਤਕ ਲੜਾਈ ਚਲਦੀ ਰਹੀ। ਆਰੀਆਂ ਨੇ ਅਖੀਰ ਸਾਡੇ ਪੂਰਵਜਾਂ, ਆਦਿ ਵਸਨੀਕਾਂ ਨੂੰ ਹਰਾਇਆ। ਸਾਡੇ ਪੂਰਵਜਾਂ, ਸਾਡੀ ਮਾਣਭਰੀ ਮਾਤ ਭੂਮੀ ਦੇ ਵਸਨੀਕਾਂ ਨੂੰ ਜੰਗਲਾਂ ਅਤੇ ਪਹਾੜਾਂ ਵਿਚ ਧੱਕ ਦਿੱਤਾ। ਉਨ੍ਹਾਂ ਵਿਚੋਂ ਕੁਝ ਉਥੇ ਰਹੇ ਅਤੇ ਰਹਿਮ ਲਈ ਕਿਹਾ, ਉਨ੍ਹਾਂ ਨੂੰ ਗੁਲਾਮ ਬਣਾ ਲਿਆ ਗਿਆ। ਸਾਨੂੰ ਇਹ ਕਹਿਣ ਵਿਚ ਕੋਈ ਸ਼ਰਮ ਨਹੀਂ ਕਿ ਸਾਡੇ ਪੂਰਵਜਾਂ ਨੂੰ ਹਰਾ ਦਿਤਾ ਗਿਆ। ਅਗਲੇਰੇ ਸਾਲਾਂ ਵਿਚ ਵੀ ਇਸ ਦੇਸ਼ 'ਤੇ ਕਈ ਹਮਲੇ ਹੋਏ ਅਤੇ ਹਮਲਾਵਰ ਜੇਤੂ ਰਹੇ।

ਸਾਡੇ ਪੂਰਵਜਾਂ ਨੂੰ ਨਾ ਸਿਰਫ ਗੁਲਾਮ ਬਣਾ ਲਿਆ ਗਿਆ ਸਗੋਂ ਦੁਰਵਿਹਾਰ ਵੀ ਕੀਤਾ ਗਿਆ। ਜੇਤੂਆਂ ਨੇ ਜੇਤੂਆਂ ਵਾਲਾ ਵਰਤਾਰਾ ਕੀਤਾ। ਆਰੀਆਂ ਦੀ ਸਰਕਾਰ ਨੇ ਇੰਨੇ ਜ਼ੁਲਮ ਢਾਹੇ ਅਤੇ ਬੇਇਨਸਾਫ਼ੀ ਕੀਤੀ ਕਿ ਆਦਿਵਾਸੀ ਆਪਣੀ ਪਛਾਣ ਹੀ ਭੁੱਲ ਗਏ। ਉਨ੍ਹਾਂ ਦੀ ਸ਼ਾਨ ਦੇ ਜੋ ਵੀ ਚਿੰਨ੍ਹ ਸਨ, ਨਸ਼ਟ ਕਰ ਦਿਤੇ ਗਏ। ਆਰੀਆਂ

# ਆਦਿ ਧਰਮ ਮੰਡਲ ਰਿਪੋਰਟ : 1926-1931

ਨੇ ਆਪਣੀਆਂ ਪ੍ਰਾਪਤੀਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਅਤੇ ਆਦਿਵਾਸੀਆਂ ਦੀਆਂ ਪ੍ਰਾਪਤੀਆਂ ਨੂੰ ਮਿੱਟੀ ਵਿਚ ਮਿਲਾ ਦਿਤਾ।

ਇਸ ਸਮੇਂ ਦੌਰਾਨ ਮਨੂ ਪੈਦਾ ਹੋਇਆ। ਉਸ ਨੇ ਕੁਝ ਨਿਯਮ ਬਣਾਏ ਅਤੇ ਉਨ੍ਹਾਂ ਨੂੰ ਆਦਿਵਾਸੀਆਂ ਉਪਰ ਠੋਸਿਆ। ਉਦਾਹਰਣ ਦੇ ਤੌਰ 'ਤੇ, ਇਹ ਉਹੀ ਸ਼ਖ਼ਸ ਸੀ ਜਿਸ ਨੇ ਵੱਖਰੇ-ਵੱਖਰੇ ਲੋਕਾਂ ਨਾਲ ਵੱਖ-ਵੱਖ ਤਰੀਕਿਆਂ ਨਾਲ ਵਿਤਕਰਾ ਕਰਨ ਦਾ ਵਿਚਾਰ ਸ਼ੁਰੂ ਕੀਤਾ। ਆਦਿਵਾਸੀਆਂ ਨੂੰ ਗੁਲਾਮ ਬਣਾਉਣ ਲਈ ਆਰੀਆਂ ਨੇ ਬੇ- ਇਨਸਾਫ਼ੀ ਭਰੇ ਅਜਿਹੇ ਨਿਯਮਾਂ ਨੂੰ ਸਮਾਜਿਕ ਸਿਧਾਂਤਾਂ ਵਜੋਂ ਵਰਤਿਆ। (ਆਦਿਵਾਸੀਆਂ ਨੂੰ) ਬੇਇੱਜ਼ਤ ਕਰਨ ਵਾਲੀ ਸਿੱਖਿਆ ਦੇਣ ਲਈ ਕਿਤਾਬਾਂ ਲਿਖੀਆਂ ਗਈਆਂ ਅਤੇ ਸਕੂਲਾਂ ਵਿਚ ਪਾਠ-ਪੁਸਤਕਾਂ ਵਜੋਂ ਪੜ੍ਹਾਈਆਂ ਗਈਆਂ। ਉਨ੍ਹਾਂ ਬੇਇੱਜ਼ਤੀ ਕਰਨ ਲਈ ਹਰ ਸਾਧਨ ਦੀ ਵਰਤੋਂ ਕੀਤੀ।

ਉਸ ਸਮੇਂ ਤੋਂ ਲੈ ਕੇ ਸੈਂਕੜੇ ਸਰਕਾਰਾਂ ਆਈਆਂ ਅਤੇ ਗਈਆਂ ਪਰ ਆਦਿਵਾਸੀ ਅਜੇ ਵੀ ਆਜ਼ਾਦ ਨਹੀਂ ਹਨ। ਉਸ ਸਮੇਂ ਤੋਂ ਲੈ ਕੇ ਹਿੰਦੂ ਆਰੀਆਂ ਨੇ ਅਜੇ ਵੀ ਆਦਿਵਾਸੀਆਂ ਨੂੰ ਦਬਾਅ ਕੇ ਰਖਿਆ ਹੋਇਆ ਹੈ। ਇਕ ਵੀ ਹਿੰਦੂ ਆਰੀਅਨ ਨੇ ਇਨ੍ਹਾਂ ਦਬੇ-ਕੁਚਲੇ ਲੋਕਾਂ ਨੂੰ ਆਜ਼ਾਦੀ ਦਾ ਸਹੀ ਰਸਤਾ ਨਹੀਂ ਦਿਖਾਇਆ। ਦੂਜੇ ਪਾਸੇ, ਆਦਿਵਾਸੀਆਂ ਦੀ ਹਾਲਤ ਭੈੜੀ ਤੋਂ ਭੈੜੀ ਹੁੰਦੀ ਗਈ। ਆਰੀਅਨ ਮਨੂ ਦੇ ਨਿਯਮਾਂ ਨੂੰ ਮੰਨਣ ਲੱਗ ਪਏ।

ਅੰਤ ਵਿਚ, ਕੁਦਰਤ ਨੇ ਇਨ੍ਹਾਂ ਗਰੀਬਾਂ ਦੀ ਹਾਲਤ ਬਦਲੀ। ਹਿੰਦੂ ਆਰੀਆਂ ਦਾ ਰਾਜ, ਜੋ ਕਿ ਜ਼ੁਲਮ, ਬੇਇਨਸਾਫ਼ੀ ਅਤੇ ਵਿਤਕਰਿਆਂ ਭਰਿਆ ਸੀ, ਤੋਂ ਬਾਅਦ ਇਸਲਾਮ ਦਾ ਯੁੱਗ ਆਇਆ। ਮੁਸਲਮਾਨਾਂ ਨੇ ਹਿੰਦੂ ਆਰੀਆਂ ਦੇ ਗਲਬੇ ਨੂੰ ਖਤਮ ਕਰ ਦਿਤਾ ਅਤੇ ਮਨੂ ਦੀ ਫ਼ਿਲਾਸਫ਼ੀ ਦਾ ਅੰਤ ਕਰ ਦਿਤਾ। ਉਹ ਜ਼ਾਲਮ ਹੋਣ ਦੀ ਥਾਂ ਹਮਦਰਦ ਬਣ ਗਏ। ਉਨ੍ਹਾਂ ਨੇ ਜਾਤੀਵਾਦ ਦੇ ਵਿਤਕਰਿਆਂ ਤੋਂ ਛੁਟਕਾਰਾ ਪਾਉਣ ਲਈ ਆਪਣੀ ਹਰ ਕੋਸ਼ਿਸ਼ ਕੀਤੀ ਪਰ ਬਦਕਿਸਮਤੀ ਨਾਲ, ਹਿੰਦੂਵਾਦ ਨੇ ਇਸਲਾਮ 'ਤੇ ਵੀ ਅਸਰ ਕੀਤਾ ਅਤੇ ਇਹ ਵੀ ਵਿਤਕਰੇਬਾਜ਼ੀ ਦਾ ਸ਼ਿਕਾਰ ਹੋ ਗਿਆ।

ਮੁਸਲਿਮ ਸਰਕਾਰ ਦੀ ਚੜ੍ਹਤ ਅਤੇ ਪਤਨ ਤੋਂ ਬਾਅਦ ਇਸ ਦੇਸ਼ ਵਿਚ ਬਰਤਾਨਵੀ ਰਾਜ ਦਾ ਝੰਡਾ ਝੁੱਲਣ ਲੱਗਾ। ਜਦੋਂ ਉਹ ਸੱਤਾ ਵਿਚ ਆਏ, ਉਨ੍ਹਾਂ ਨੇ ਬੇਇਨਸਾਫ਼ੀ ਦੀ ਦਹਿਸ਼ਤ ਨੂੰ ਖਤਮ ਕਰਨ ਅਤੇ ਸ਼ਾਂਤੀ ਦੀ ਨੀਂਹ ਰੱਖਣ ਦੇ ਉਪਰਾਲੇ ਕੀਤੇ। ਇਸੇ ਸਮੇਂ ਦੌਰਾਨ, ਪੰਜਾਬ ਵਿਚ ਸਿੱਖ ਰਾਜ ਸੀ ਪਰ ਇਹ ਆਪਣੀ ਦਹਿਸ਼ਤ ਕਾਰਨ ਬਹੁਤ ਸਮਾਂ ਨਾ ਰਿਹਾ। ਜਨਤਾ ਸਿੱਖਾਂ ਦੇ ਰਾਜ ਨਾਲੋਂ ਅੰਗਰੇਜ਼ਾਂ ਦੇ ਰਾਜ ਨੂੰ ਪਸੰਦ ਕਰਨ ਲੱਗੀ।

ਬਰਤਾਨਵੀ ਸਰਕਾਰ ਦੀ ਸਥਾਪਨਾ ਤੋਂ ਬਾਅਦ ਵੀ ਹਿੰਦੂ ਆਰੀਆਂ ਅਤੇ ਸਿੱਖਾਂ ਨੇ ਆਪਣਾ ਰਵੱਈਆ ਨਾ ਬਦਲਿਆ। ਉਨ੍ਹਾਂ ਨੇ ਲੋਕਾਂ ਖ਼ਿਲਾਫ਼ ਅਖੌਤੀ 'ਉੱਚੀਆਂ ਜਾਤੀਆਂ' ਅਤੇ 'ਨੀਵੀਆਂ ਜਾਤੀਆਂ' ਦੇ ਆਧਾਰ 'ਤੇ ਵਿਤਕਰਾ ਕਰਨਾ ਜਾਰੀ ਰੱਖਿਆ।

ਉਨ੍ਹਾਂ ਨੇ ਲੋਕਾਂ ਨੂੰ ਵਿਤਕਰਿਆਂ ਦੇ ਪਿੰਜਰੇ ਵਿਚ ਪਾ ਕੇ ਸ਼ਿਕੰਜਾ ਕੱਸਣਾ ਜਾਰੀ ਰਖਿਆ। ਇਸ ਸਮੇਂ ਇਸਾਈ ਮਤ ਭਾਰਤ ਵਿਚ ਆਇਆ। ਈਸਾਈ ਮਤ ਨੇ ਸਾਰੇ ਭਾਈਚਾਰਿਆਂ ਖ਼ਾਸ ਕਰਕੇ ਅਛੂਤ ਜਾਤੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਕਿਉਂਕਿ ਅਛੂਤ ਇਕ ਤਰ੍ਹਾਂ ਨਾਲ ਯਤੀਮ ਲੋਕ ਸਨ। ਸਵਾਮੀ ਦਇਆ ਨੰਦ ਨੇ ਈਸਾਈ ਮਤ ਦੇ ਪ੍ਰਸਾਰ ਨੂੰ ਤੱਕਿਆ ਅਤੇ ਇਸ ਨੂੰ ਹਿੰਦੂਵਾਦ ਲਈ ਖ਼ਤਰਾ ਸਮਝਿਆ। ਉਸ ਨੇ ਮਹਿਸੂਸ ਕੀਤਾ ਕਿ ਈਸਾਈ ਮਤ ਹਿੰਦੂਵਾਦ ਦੀ ਨੀਂਹ ਵਿਚ ਮੋਰੀ ਕਰ ਰਿਹਾ ਹੈ। ਉਸ ਨੇ ਅਛੂਤਾਂ ਨੂੰ ਹਿੰਦੂ ਧਰਮ ਵਿਚ ਰੱਖੀ ਰੱਖਣ ਲਈ ਢੰਗ-ਤਰੀਕੇ 'ਤੇ ਵਿਚਾਰਨ ਦੀ ਕੋਸ਼ਿਸ਼ ਕੀਤੀ। ਸਵਾਮੀ ਨੂੰ ਇਸ ਤਰ੍ਹਾਂ ਕਰਨ ਦੇ ਦੂਸਰੇ ਉੱਚ-ਜਾਤੀ ਹਿੰਦੂਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਆਪਣੇ ਮੰਤਵ ਵਿਚ ਸਫਲ ਨਾ ਹੋਇਆ। ਸਵਾਮੀ ਸੂਝਵਾਨ ਸੀ, ਦੂਰ-ਅੰਦੇਸ਼ੀ ਅਤੇ ਹਿੰਦੂ ਮੱਤ ਦਾ ਪੱਕਾ ਅਨੁਯਾਈ ਸੀ। ਉਸ ਨੇ ਮਹਿਸੂਸ ਕੀਤਾ ਕਿ ਹਿੰਦੂ ਸਰਕਾਰ ਤੋਂ ਬਿਨਾਂ ਅਛੂਤਾਂ ਨੂੰ ਹਿੰਦੂ-ਸ਼ਕਤੀ ਅਧੀਨ ਨਹੀਂ ਰੱਖਿਆ ਜਾ ਸਕਦਾ। ਇਸ ਲਈ ਉਸ ਨੇ ਇਕ ਆਰੀਆ ਸਮਾਜ ਨਾਂ ਦੀ ਸੰਸਥਾ ਸਥਾਪਿਤ ਕੀਤੀ ਜਿਸ ਦਾ ਇਕੋ ਇਕ ਮੰਤਵ ਸਾਰੇ ਹਿੰਦੂ ਸੰਗਠਨਾਂ ਨੂੰ ਇਕ ਥਾਂ ਕਰਨਾ ਸੀ ਤਾਂ ਜੋ ਅਛੂਤ ਆਪਣੇ ਧਰਮ ਨੂੰ ਨਾ ਛੱਡ ਸਕਣ। ਉਨ੍ਹਾਂ ਨੇ ਹਿੰਦੂ ਜਾਤੀ ਪ੍ਰਬੰਧ ਦੀ ਨੀਂਹ ਨੂੰ ਇਕਮੁੱਠ ਰੱਖਣ ਲਈ ਅਨੇਕ ਝੂਠੇ ਮੋਰਚੇ ਖੋਲ੍ਹੇ ਹੋਏ ਹਨ।

ਅਨੇਕ ਹੋਰ ਸੰਗਠਨ ਬਣਾਏ ਗਏ, ਉਪਦੇਸ਼ ਦਿਤੇ ਗਏ, ਨਵੀਆਂ ਸਭਾਵਾਂ ਬਣਾਈਆਂ ਗਈਆਂ ਅਤੇ ਸ਼ੁੱਧੀ ਅੰਦੋਲਨ ਚਲਾਇਆ ਗਿਆ। ਉਨ੍ਹਾਂ ਨੇ ਅਛੂਤਾਂ ਨੂੰ ਤਬਾਹ ਕਰਨ ਲਈ ਸਾਰੇ ਯਤਨ ਕੀਤੇ। ਉਨ੍ਹਾਂ ਨੇ ਹਜ਼ਾਰਾਂ ਅਛੂਤਾਂ ਨੂੰ ਸ਼ੁੱਧੀ ਦੇ ਜਾਲ ਵਿਚ ਫਸਾ ਲਿਆ। ਉਨ੍ਹਾਂ ਨੇ ਹਰ ਤਰ੍ਹਾਂ ਦੀਆਂ ਫਰੇਬੀ ਦਲੀਲਾਂ ਦਿਤੀਆਂ ਕਿ ਛੂਆ- ਛਾਤ ਖਤਮ ਹੋ ਗਈ ਹੈ ਅਤੇ ਕਿਧਰੇ ਵੀ ਵਿਤਕਰੇਬਾਜ਼ੀ ਨਹੀਂ ਹੈ। ਹਿੰਦੂ ਆਰੀਆਂ ਨੇ ਬੇਚਾਰੇ ਅਛੂਤਾਂ ਨੂੰ ਫਿਰ ਵਰਗਲਾ ਲਿਆ ਜਿਵੇਂ, ਕਿਹਾ ਜਾਂਦਾ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ ਵਾਂਗ। ਹਕੀਕਤ ਇਹ ਸੀ ਕਿ ਹਿੰਦੂ ਆਰੀਆ ਅਜੇ ਵੀ ਮਨੂ ਦੇ ਪੁਜਾਰੀ ਹਨ, ਵਿਤਕਰੇਬਾਜ਼ੀ ਨਾਲ ਭਰੇ ਹੋਏ। ਅਛੂਤਾਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਨੂੰ ਹਿੰਦੂਆਂ ਨੇ ਢੌਂਗ ਰਚ ਕੇ ਵਰਗਲਾਇਆ ਹੈ। ਇਸ ਲਈ ਉਹ ਇਕ ਆਪਣੀ ਸੰਸਥਾ ਚਾਹੁੰਦੇ ਸਨ। ਅਛੂਤਾਂ ਨੇ ਆਪਣੀ ਭਲਾਈ ਲਈ ਆਪ ਧਿਆਨ ਕਰਨਾ ਸ਼ੁਰੂ ਕਰ ਦਿਤਾ, ਉਨ੍ਹਾਂ ਨੇ ਹਿੰਦੂ ਉੱਚ ਜਾਤੀਆਂ 'ਤੇ ਵਿਸ਼ਵਾਸ ਕਰਨਾ ਬੰਦ ਕਰ ਦਿਤਾ। ਜਥੇਬੰਦੀਆਂ ਬਣਾਈਆਂ ਗਈਆਂ, ਸਭਾਵਾਂ ਬਣਾਈਆਂ ਗਈਆਂ, ਉਨ੍ਹਾਂ ਨੇ ਆਪਣੇ ਗੁਰੂ ਖੋਜੇ।

ਇਸ ਤਰ੍ਹਾਂ 1925 ਦੇ ਸ਼ੁਰੂ ਵਿਚ ਆਦਿ ਧਰਮ ਨਾਂ ਦੀ ਇਕ ਸੰਸਥਾ ਬਣਾਈ ਗਈ। ਸਤਿਗੁਰ ਰਿਸ਼ੀ ਬਾਲਮੀਕੀ, ਸਤਿਗੁਰ ਰਵਿਦਾਸ, ਸਤਿਗੁਰ ਕਬੀਰ, ਸਤਿਗੁਰ ਨਾਮਦੇਵ ਨੂੰ ਗੁਰੂ ਮੰਨਿਆ ਗਿਆ। ਸਭ ਤੋਂ ਪਹਿਲੀ ਮੀਟਿੰਗ 11-12 ਜੂਨ 1926 ਨੂੰ ਪਿੰਡ ਮੁੱਗੋਵਾਲ, ਥਾਣਾ ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਾਬੂ ਮੰਗੂ ਰਾਮ ਦੀ ਪ੍ਰਧਾਨਗੀ ਹੇਠ ਹੋਈ। ਪੰਜਾਬ ਦੇ ਸਾਰੇ ਵਰਗਾਂ ਦੇ ਲੋਕ ਮੀਟਿੰਗ ਵਿਚ ਹਾਜ਼ਰ ਹੋਏ। ਸਾਰੇ ਅਛੂਤ ਜਿਵੇਂ - ਚੂਹੜੇ, ਚਮਾਰ, ਰਵਿਦਾਸੀਆ, ਸਾਂਸੀ, ਭੰਜੜੇ, ਗਧੀਲੇ, ਬਰੜ, ਮੇਘ, ਚੰਬਾਰ, ਕਬੀਰਪੰਥੀ, ਮਹਾਸ਼ੇ, ਡੋਮ, ਜਟੀਏ ਤੇ ਹੋਰ ਜਾਤਾਂ ਨੇ ਮੀਟਿੰਗ ਵਿਚ ਹਾਜ਼ਰੀ ਦਿਤੀ। ਅਛੂਤਾਂ ਤੋਂ ਇਲਾਵਾ ਸਾਰੀਆਂ ਕੌਮਾਂ ਈਸਾਈਆਂ, ਸਿੱਖਾਂ, ਮੁਸਲਮਾਨਾਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਿਲ ਹੋਏ। ਆਰੀਆ ਸਮਾਜੀਆਂ ਅਤੇ ਸਨਾਤਨ ਧਰਮੀਆਂ ਦੇ ਸਾਰੇ ਧੜਿਆਂ ਦੀ ਹਾਜ਼ਰੀ ਨਾਲ ਇਹ ਮੀਟਿੰਗ ਇਕ ਮਹਾਨ ਸਫਲਤਾ ਸੀ। ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤ ਸਪੱਸ਼ਟ ਅਤੇ ਗੱਜ ਵੱਜ ਕੇ ਕਹੇ। ਉਨ੍ਹਾਂ ਨੇ ਸਾਰੇ ਢੌਂਗੀ ਧਰਮਾਂ ਬਾਰੇ ਦੱਸ ਕੇ ਪਾਜ਼ ਉਘੇੜੇ। ਦੂਸਰੇ ਧਰਮਾਂ ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਆਦਿ ਧਰਮੀਆਂ ਦੀ ਜ਼ਬਰਦਸਤ ਆਲੋਚਨਾ ਕੀਤੀ। ਲੰਮੀ ਬਹਿਸ ਅਤੇ ਦਲੀਲਬਾਜ਼ੀ ਤੋਂ ਬਾਅਦ ਰਿਸ਼ੀ ਬਾਲਮੀਕ, ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਇਹ ਫ਼ੈਸਲਾ ਕੀਤਾ ਕਿ ਅਛੂਤਾਂ ਨੂੰ ਆਦਿਧਰਮੀ ਕਿਹਾ ਜਾਵੇ। ਸੰਸਥਾ ਦਾ ਨਾਂ ਉਸ ਦਿਨ ਤੋਂ ਆਦਿ ਧਰਮ ਹੋ ਗਿਆ। ਹਰ ਕਿਸੇ ਨੇ ਫ਼ੈਸਲੇ ਦੀ ਵਡਿਆਈ ਕੀਤੀ। ਉਨ੍ਹਾਂ ਨੇ ਨਾਅਰਿਆਂ ਨਾਲ ਅਕਾਸ਼ ਗੁੰਜਾ ਦਿਤਾ। ਇਹ ਇਸ ਤਰ੍ਹਾਂ ਲੱਗਾ ਜਿਵੇਂ ਇਕ ਪੁਰਾਣਾ ਰੁੱਖ ਫਿਰ ਹਰਾ ਹੋ ਗਿਆ ਹੋਵੇ ਜਾਂ ਜਿਵੇਂ ਇਕ ਮੁਰਝਾਇਆ ਫੁੱਲ ਮੁੜ ਖਿੜ ਗਿਆ ਹੋਵੇ। ਇਸ ਦਿਨ ਤੋਂ ਪੂਰੀ ਦੀ ਪੂਰੀ ਦਬੀ-ਕੁਚਲੀ ਕੌਮ ਆਪਣੇ ਆਪ ਨੂੰ ਆਦਿਧਰਮੀ ਕਹਾਉਣ ਲੱਗੀ।

ਅਨੋਖੇ ਇਕ ਸੌ ਮਾਣਯੋਗ ਕਮੇਟੀ ਮੈਂਬਰਾਂ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਜਲੰਧਰ ਇਸ ਦਾ ਮੁੱਖ ਦਫ਼ਤਰ ਬਣਾਇਆ ਗਿਆ। ਪੂਰਾ ਨਾਂ "ਆਦਿ ਧਰਮ ਮੰਡਲ ਆਫ਼ ਪੰਜਾਬ, ਜਲੰਧਰ ਸ਼ਹਿਰ" ਰੱਖਿਆ ਗਿਆ।

ਮੁੱਗੋਵਾਲ ਵਿਖੇ ਪਾਸ ਕੀਤੇ ਮਤੇ

1. (ੳ) - ਅਸੀਂ ਸਰਕਾਰ ਅਤੇ ਅਛੂਤ ਬਰਾਦਰੀ ਲਈ ਐਲਾਨ ਕਰਦੇ ਹਾਂ ਕਿ ਆਦਿ ਧਰਮ ਮੰਡਲ ਬਣ ਚੁੱਕਾ ਹੈ।

(ਅ)- ਸਾਡਾ ਸ਼ੁੱਭ ਕਾਮਨਾ ਸੰਦੇਸ਼ "ਜੈ ਗੁਰਦੇਵ" ਹੈ।

(ੲ)- ਸਾਡਾ ਵਿਸ਼ਵਾਸ "ਆਦਿ ਪ੍ਰਕਾਸ਼" ਦੀਆਂ ਸਿੱਖਿਆਵਾਂ ਅਨੁਸਾਰ ਹੈ।

(ਸ)- ਸਾਡਾ ਪਵਿੱਤਰ ਸ਼ਬਦ "ਸੋਹੰ" ਹੈ।

2. ਸਾਡੇ ਧਰਮ ਦੇ ਬਾਨੀ ਹਨ - ਰਿਸ਼ੀ, ਬਾਲਮੀਕ, ਗੁਰੂ ਰਵਿਦਾਸ, ਮਹਾਰਾਜ ਕਬੀਰ, ਅਤੇ ਭਗਵਾਨ ਸਤਿਗੁਰ ਨਾਮਦੇਵ ਅਤੇ ਬਾਣੀ ਦੇ ਗ੍ਰੰਥ ਦਾ ਨਾਂ "ਆਦਿ ਪ੍ਰਕਾਸ਼" ਰੱਖਿਆ ਗਿਆ।

3. ਇਹ ਕਾਨਫਰੰਸ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਹ ਪੰਜਾਬ ਦੇ ਸਾਰੇ ਅਛੂਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਆਪ ਨੂੰ ਆਦਿਧਰਮੀ ਕਹਿਣ-ਕਹਾਉਣ।

4. ਸਾਰੀਆਂ ਅਛੂਤ ਬਰਾਦਰੀਆਂ ਅਤੇ ਝਗੜਿਆਂ ਨੂੰ ਭੁਲਾ ਕੇ ਇੱਕਮੁੱਠ ਹੋ ਜਾਣ। ਉਨ੍ਹਾਂ ਨੂੰ ਆਪਸ ਵਿਚ ਲੜਨਾ ਝਗੜਨਾ ਨਹੀਂ ਚਾਹੀਦਾ ਸਗੋਂ ਸਾਰੇ ਅਛੂਤਾਂ ਨੂੰ ਇਕੱਠੇ ਬਹਿ ਕੇ ਭੋਜਨ ਖਾਣਾ ਚਾਹੀਦਾ ਹੈ ਅਤੇ ਇਕ ਦੂਜੇ ਨਾਲ ਸਮਾਜਿਕ ਸੰਬੰਧ ਬਣਾਉਣੇ ਚਾਹੀਦੇ ਹਨ। ਉਨ੍ਹਾਂ ਨੂੰ ਇਕੱਠਿਆਂ ਬਹਿ ਕੇ ਖਾਣ-ਪੀਣ ਦਾ ਰਿਵਾਜ ਸ਼ੁਰੂ ਕਰਨਾ ਚਾਹੀਦਾ ਹੈ।

5. ਜੇ ਕੋਈ ਦੂਜੀ ਕੌਮ ਇਕ ਆਦਿ ਧਰਮੀ 'ਤੇ ਹਮਲਾ ਕਰਦੀ ਹੈ ਤਾਂ ਆਦਿ ਧਰਮੀਆਂ ਨੂੰ ਇਕ ਦੂਜੇ ਦੀ ਰਾਖੀ ਕਰਨੀ ਚਾਹੀਦੀ ਹੈ।

6. ਸਾਰੇ ਆਦਿ ਧਰਮੀਆਂ ਨੂੰ ਸਾਰੇ ਮਹਾਨ ਧਾਰਮਿਕ ਆਗੂਆਂ - ਰਿਸ਼ੀਆਂ, ਗੁਰੂਆਂ, ਭਗਤਾਂ, ਸੰਤਾਂ ਨੂੰ ਮੰਨਣਾ ਚਾਹੀਦਾ ਹੈ। ਇਨ੍ਹਾਂ ਸੰਤਾਂ ਦੇ ਸੱਚੇ ਅਨੁਯਾਈ ਮੂਰਤੀ ਪੂਜਾ ਜਾਂ ਜਾਤਪਾਤ ਵਿਚ ਵਿਸ਼ਵਾਸ ਨਹੀਂ ਕਰਨਗੇ ਅਤੇ ਇਹ ਨਹੀਂ ਸੋਚਣਗੇ ਕਿ ਕੁਝ ਲੋਕਾਂ ਦਾ ਵਿਵਹਾਰ ਦੂਜਿਆਂ ਨਾਲੋਂ ਬਿਹਤਰ ਹੈ।

7. ਅਛੂਤ ਭਾਈਚਾਰੇ ਦੀਆਂ ਸਾਰੀਆਂ ਲੜਕੀਆਂ ਅਤੇ ਲੜਕਿਆਂ ਨੂੰ ਪ੍ਰਾਇਮਰੀ ਸਿੱਖਿਆ ਲਾਜ਼ਮੀ ਲੈਣੀ ਚਾਹੀਦੀ ਹੈ।

8. ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਨ੍ਹਾਂ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।

9. ਆਦਿ ਧਰਮੀਆਂ ਨਾਲ ਖਾਣ-ਪੀਣ ਕਰਨਾ ਕਾਨੂੰਨੀ ਤੌਰ ਤੇ ਜਾਇਜ਼ ਹੈ।

ਦੂਜਿਆਂ ਨੂੰ ਆਦਿ ਧਰਮੀਆਂ ਦੇ ਹੱਥਾਂ ਦਾ ਭੋਜਨ ਖਾਣਾ ਚਾਹੀਦਾ ਹੈ। ਆਦਿ ਧਰਮੀਆਂ ਨੂੰ ਉਨ੍ਹਾਂ ਦੇ ਹੱਥਾਂ ਦਾ ਭੋਜਨ ਖਾ ਲੈਣਾ ਚਾਹੀਦਾ ਹੈ ਜੋ ਵੀ ਉਨ੍ਹਾਂ ਨਾਲ ਖਾਣਾ ਚਾਹੁੰਦੇ ਹਨ।

10. ਸਿੱਖਿਆ ਮੰਤਰੀ, ਪੰਜਾਬ ਸਰਕਾਰ ਲਾਹੌਰ ਨੂੰ ਚਾਹੀਦਾ ਹੈ ਕਿ ਉਹ ਅਛੂਤਾਂ ਦੇ ਬੱਚਿਆਂ ਨੂੰ ਖ਼ਾਸ ਵਜ਼ੀਫੇ ਅਤੇ ਵਿੱਦਿਆ ਦੇਵੇ। ਅਸੀਂ ਆਪਣੀ ਗਰੀਬੀ ਕਾਰਨ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਨਹੀਂ ਚੁੱਕ ਸਕਦੇ।

11. ਸਾਡੇ ਬੱਚਿਆਂ ਦੀ ਦੇਖਭਾਲ ਸਰਕਾਰ ਕਰੇ ਕਿਉਂਕਿ ਨਿੱਜੀ ਸਕੂਲ ਸਾਡੀ ਮਦਦ ਨਹੀਂ ਕਰਦੇ, ਜਾਂ ਫਿਰ ਸਾਡੇ ਬੱਚਿਆਂ ਦੇ ਦਾਖ਼ਲੇ ਨੂੰ ਉਤਸ਼ਾਹਿਤ ਕੀਤਾ ਜਾਵੇ। ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਅਛੂਤਾਂ ਲਈ ਵਿਸ਼ੇਸ਼ ਸਕੂਲਾਂ ਦੀ ਸਥਾਪਨਾ ਕੀਤੀ ਜਾਵੇ।

12. ਅਸੀਂ ਖੇਤਬਾੜੀ ਕਰਦੇ ਹਾਂ; ਅਸੀਂ ਆਪਣਾ ਕੰਮ ਚੰਗੀ ਤਰ੍ਹਾਂ ਕਰਨਾ ਜਾਣਦੇ ਹਾਂ। ਪਰ ਸਾਨੂੰ ਖੇਤ-ਮਜ਼ਦੂਰੀ ਨਾਕਾਫ਼ੀ ਦਿਤੀ ਜਾਂਦੀ ਹੈ। ਜਿਸ ਕਰਕੇ ਅਸੀਂ ਆਪਣੇ ਪਰਿਵਾਰਾਂ ਦੀ ਠੀਕ ਤਰ੍ਹਾਂ ਦੇਖਭਾਲ ਨਹੀਂ ਕਰ ਸਕਦੇ। ਖਾਲੀ ਜ਼ਮੀਨਾਂ ਅਛੂਤ ਕੌਮ ਨੂੰ ਦਿੱਤੀਆਂ ਜਾਣ।

13. ਸਰਕਾਰ ਅਛੂਤ ਵਰਗ ਵਿਚਲੇ ਖੇਤੀਬਾੜੀ ਕਰਦਿਆਂ ਨੂੰ ਦੂਜੀਆਂ ਕੌਮਾਂ ਦੇ ਬਰਾਬਰ ਮੰਨੇ ਖ਼ਾਸ ਕਰਕੇ, ਲਾਇਲਪੁਰ, ਸ਼ੇਖੂਪੁਰਾ, ਸਰਗੋਧਾ, ਮਿੰਟਗੁਮਰੀ ਅਤੇ ਮੁਲਤਾਨ ਵਿਚ। ਇਨ੍ਹਾਂ ਜ਼ਿਲ੍ਹਿਆਂ ਵਿਚ ਅਛੂਤਾਂ ਨੂੰ ਜ਼ਿਆਦਾ ਜ਼ਮੀਨ ਅਤੇ ਜ਼ਿਆਦਾ ਰੁਜ਼ਗਾਰ ਮਿਲਣਾ ਚਾਹੀਦਾ ਹੈ।

14. ਅਛੂਤ ਜਿਨ੍ਹਾਂ ਘਰਾਂ ਵਿਚ ਰਹਿੰਦੇ ਹਨ ਉਨ੍ਹਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ। "ਲੈਂਡ ਟਰਾਂਸਫਰ ਐਕਟ" ਅਛੂਤਾਂ ਉਪਰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ।

15. ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਅਜਿਹਾ ਨਾ ਲਿਖੇ। ਸਾਡਾ ਧਰਮ ਹਿੰਦੂ ਨਹੀਂ ਸਿਵਾਇ ਆਦਿ ਧਰਮ ਦੇ। ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

16. ਮਰਦਮਸ਼ੁਮਾਰੀ ਵਿਚ ਆਦਿਧਰਮ ਨੂੰ ਵੱਖਰਿਆਂ ਸ਼ਾਮਿਲ ਕੀਤਾ ਜਾਵੇ ਅਤੇ ਇਸ ਤਰ੍ਹਾਂ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿਤੇ ਜਾਣ।

17. ਅਸੀਂ ਮਿਉਂਸਪਲ ਕੌਂਸਲਾਂ, ਜ਼ਿਲ੍ਹਾ ਸੰਮਿਤੀਆਂ, ਵਿਧਾਨ ਸਭਾਵਾਂ, ਪੁਲਿਸ, ਫੌਜ ਅਤੇ ਬਾਕੀ ਦੇ ਸਾਰੇ ਮਹਿਕਮਿਆਂ ਵਿਚ ਬਣਦੀ ਨੁਮਾਇੰਦਗੀ ਦੀ ਮੰਗ ਕਰਦੇ ਹਾਂ। ਸਾਨੂੰ ਅਫ਼ਸਰਾਂ ਵਿਚ ਬਣਦੀ ਵੱਖਰੀ ਨੁਮਾਇੰਦਗੀ ਮਿਲਣੀ ਚਾਹੀਦੀ ਹੈ।

18. ਭਾਰਤ ਨੂੰ ਉਦੋਂ ਤਕ ਸਵਰਾਜ ਨਾ ਦਿਤਾ ਜਾਵੇ ਜਦੋਂ ਤਕ ਅਛੂਤ ਆਜ਼ਾਦ ਅਤੇ ਬਰਾਬਰ ਨਹੀਂ ਹੋ ਜਾਂਦੇ, ਨਹੀਂ ਤਾਂ ਇਹ ਬ੍ਰਿਟਿਸ਼ ਰਾਜ ਲਈ ਕਲੰਕ ਹੋਵੇਗਾ।

19. ਦਇਆ ਨੰਦ ਦਲਿਤ ਉਧਾਰ ਮੰਡਲ, ਹੁਸ਼ਿਆਰਪੁਰ, ਪਤਿਤ ਉਧਾਰ ਮੰਡਲ, ਅੰਤਜ ਉਦਾਰ ਮੰਡਲ ਅਤੇ ਅਛੂਤ ਉਧਾਰ ਅਤੇ ਅਛੂਤ ਲਾਹੌਰ ਅਛੂਤਾਂ ਦੀ ਨੁਮਾਇੰਦਗੀ ਨਹੀਂ ਕਰਦੇ। ਉਚ ਜਾਤਾਂ ਆਪਣੀ ਤਾਕਤ ਦੇ ਵਾਧੇ ਲਈ ਉਨ੍ਹਾਂ ਨੂੰ ਵਰਤ ਰਹੀਆਂ ਹਨ। 99 ਪ੍ਰਤਿਸ਼ਤ ਅਛੂਤਾਂ ਨੇ ਕਦੇ ਇਨ੍ਹਾਂ ਸੰਸਥਾਵਾਂ ਦਾ ਨਾਂ ਵੀ ਨਹੀਂ ਸੁਣਿਆ। ਇਨ੍ਹਾਂ ਨੂੰ ਉੱਚ ਜਾਤੀਆਂ ਨੇ ਆਪਣੇ ਫ਼ਾਇਦਿਆਂ ਲਈ ਬਣਾਇਆ ਹੈ ਅਤੇ ਸਰਕਾਰ ਨੂੰ ਇਨ੍ਹਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਸਰਕਾਰ ਇਨ੍ਹਾਂ ਲੋਕਾਂ ਨੂੰ ਸਾਡੇ ਨੁਮਾਇੰਦੇ ਨਾ ਸਮਝੇ।

20. ਲਾਲ ਰੰਗ ਆਦਿ ਧਰਮ ਦਾ ਚਿੰਨ੍ਹ ਹੈ। ਇਹ ਆਦਿਵਾਸੀਆਂ ਦਾ ਰੰਗ ਹੈ। ਆਰੀਆਂ ਨੇ ਇਹ ਖੋਹ ਲਿਆ ਅਤੇ ਅਛੂਤਾਂ ਨੂੰ ਇਹ ਰੰਗ ਪਹਿਨਣ ਦੀ ਮਨਾਹੀ ਕਰ ਦਿਤੀ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਲਾਲ ਰੰਗ ਪਹਿਨਣ ਦੀ ਆਗਿਆ ਦੇਵੇ। ਦਰਅਸਲ, ਅਸੀਂ ਇਸ ਨੂੰ ਅਪਣਾਉਣਾ ਚਾਹੁੰਦੇ ਹਾਂ ਕਿਉਂਕਿ ਇਹ ਸਾਡਾ ਅਧਿਕਾਰਕ ਰੰਗ ਹੈ।

21. ਉਹ ਸ਼ਾਸ਼ਤਰ ਜਿਵੇਂ ਕਿ ਮਨੂ-ਸਿਮ੍ਰਤੀ ਜਿਹੜੇ ਅਛੂਤਾਂ ਨੂੰ ਗੁਲਾਮ ਬਣਾਉਂਦੇ ਹਨ, ਦੇ ਉਪਰ ਪਾਬੰਦੀ ਲਾਈ ਜਾਵੇ ਅਤੇ ਜ਼ਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟਾਂ ਬਣ ਚੁੱਕੀਆਂ ਹਨ।

22. ਜਲੰਧਰ ਸ਼ਹਿਰ ਨੂੰ ਅਸੀਂ ਆਪਣਾ ਹੈਡਕੁਆਰਟਰ ਚੁਣਿਆ ਹੈ ਅਤੇ ਸਰਕਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਸਾਡੇ ਬਾਰੇ ਕੋਈ ਵੀ ਐਲਾਨ, ਜ਼ਰੂਰੀ ਕਾਗ਼ਜ਼ ਪੱਤਰ ਆਦਿ ਧਰਮ ਮੰਡਲ ਜਲੰਧਰ ਸ਼ਹਿਰ ਦੇ ਪਤੇ 'ਤੇ ਭੇਜੇ।

23. ਇਹ ਕਾਨਫਰੰਸ ਸਰਕਾਰ ਨੂੰ ਭਰੋਸਾ ਦਿੰਦੀ ਹੈ ਕਿ ਅਸੀਂ ਅਛੂਤ ਬਰਤਾਨਵੀ ਸਰਕਾਰ ਦੇ ਸੱਚੇ ਸਮਰਥਕ ਅਤੇ ਸੱਚੇ ਦੇਸ਼ ਭਗਤ ਹਾਂ। ਅਸੀਂ ਪਹਿਲਾਂ ਵੀ, ਹੁਣ ਵੀ ਅਤੇ ਅੱਗੋਂ ਵੀ ਸਰਕਾਰ ਦੇ ਵਫ਼ਾਦਾਰ ਸ਼ੁਭਚਿੰਤਕ ਰਹਾਂਗੇ।

24. ਸਾਰੇ ਆਦਿ ਧਰਮੀਆਂ ਨੂੰ ਇਨ੍ਹਾਂ ਸਿਧਾਂਤਾਂ ਉਤੇ ਅਮਲ ਕਰਨਾ ਚਾਹੀਦਾ ਹੈ ਅਤੇ ਇਹ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਆਦਿ ਧਰਮੀ ਭਰਾਵਾਂ ਨੂੰ ਕਹਿਣ ਕਿ ਉਹ ਇਨ੍ਹਾਂ ਦੀ ਪਾਲਣਾ ਕਰਨ।

25. ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਰਕਾਰੀ ਮਹਿਕਮਿਆਂ ਨੂੰ ਸਖਤ ਚਿਤਾਵਨੀਆਂ ਜਾਰੀ ਕਰੇ ਕਿ ਕਿਸੇ ਨੂੰ ਵੀ ਅਛੂਤਾਂ ਤੋਂ ਬਿਨਾਂ ਮਜ਼ਦੂਰੀ ਦਿਤਿਆਂ ਕੰਮ ਕਰਾਉਣ ਦਾ ਹੱਕ ਨਹੀਂ। ਇਸ ਕਾਨਫਰੰਸ ਤੋਂ ਬਾਅਦ ਬਹੁਤ ਸਾਰੀਆਂ ਕਾਨਫਰੰਸਾਂ ਹੋਈਆਂ, ਖ਼ਾਸ ਤੌਰ ਤੇ ਯਾਦ ਰਖਣਯੋਗ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਹੋਈਆਂ ਕਾਨਫਰੰਸਾਂ। ਇਨ੍ਹਾਂ ਕਾਨਫਰੰਸਾਂ ਵਿਚ ਵੀ ਇਸੇ ਤਰ੍ਹਾਂ ਦੇ ਮਤੇ ਪਾਸ ਕੀਤੇ ਗਏ। ਨਵੰਬਰ 1926 ਵਿਚ ਆਦਿ ਧਰਮ ਮੰਡਲ ਪੰਜਾਬ ਦਾ ਇਕ ਦਫ਼ਤਰ ਜਲੰਧਰ ਸ਼ਹਿਰ ਵਿਖੇ ਖੋਲ੍ਹਿਆ ਗਿਆ

ਜਿਥੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੀਆਂ ਸਾਰੀਆਂ ਕਾਨਫਰੰਸਾਂ ਕੀਤੀਆਂ ਗਈਆਂ ਅਤੇ ਇਸੇ ਤਰ੍ਹਾਂ ਦੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਕਾਨਫਰੰਸਾਂ ਵਿਚ ਸੁਝਾਅ ਆਏ ਕਿ ਮੰਡਲ ਨੂੰ ਪੱਕੇ ਤੌਰ ਤੇ ਚਲਾਇਆ ਜਾਵੇ। ਇਕ ਅਖ਼ਬਾਰ ਸ਼ੁਰੂ ਕੀਤਾ ਗਿਆ ਜਿਸ ਦਾ ਨਾਂ "ਆਦੀ ਡੰਕਾ" ਰੱਖਿਆ ਗਿਆ।

ਆਰਥਿਕ ਮਦਦ ਪ੍ਰਾਪਤ ਕਰਨ ਲਈ ਅਸੀਂ ਭਾਰਤ ਦੀਆਂ ਸਾਰੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਅਪੀਲ ਕੀਤੀ ਪਰ ਜਾਤਪਾਤ ਤੋੜਕ ਮੰਡਲ, ਲਾਹੌਰ ਤੋਂ ਬਿਨਾਂ ਕਿਸੇ ਵੀ ਦੂਜੀ ਸੰਸਥਾ ਨੇ ਨਾ ਸਾਡੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਨਾ ਹੀ ਸਾਡੀ ਮਦਦ ਕੀਤੀ। ਅਸੀਂ ਜਾਤਪਾਤ ਤੋੜਕ ਮੰਡਲ ਦੇ ਬਹੁਤ ਧੰਨਵਾਦੀ ਹਾਂ। ਪਰ ਸਾਡੇ ਕਾਰਕੁੰਨਾਂ ਅਤੇ ਆਗੂਆਂ ਨੇ ਉਨ੍ਹਾਂ ਤੋਂ ਧਨ ਲੈਣਾ ਚੰਗਾ ਨਹੀਂ ਸਮਝਿਆ ਕਿਉਂਕਿ ਅਸੀਂ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਚਾਹੁੰਦੇ ਹਾਂ।

ਮੰਡਲ ਦੀ ਮੌਜੂਦਾ ਕਾਰਜਕਾਰੀ ਸਲਾਹਕਾਰ ਕਮੇਟੀ

1. ਪ੍ਰਧਾਨ - ਬਾਬੂ ਮੰਗੂ ਰਾਮ ਪਿੰਡ ਮੁੱਗੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੂੰ 1926 ਈ ਵਿਚ ਅਛੂਤਾਂ ਦੇ ਪ੍ਰਧਾਨ ਸਰਬ-ਸੰਮਤੀ ਨਾਲ ਚੁਣਿਆ ਗਿਆ। ਉਦੋਂ ਤੋਂ ਲੈ ਕੇ ਉਹ ਪੂਰੀ ਤਨਦੇਹੀ ਅਤੇ ਸਚਾਈ ਨਾਲ ਕੰਮ ਕਰ ਰਹੇ ਹਨ। ਉਹ ਆਪਣੀ ਪੂਰੀ ਯੋਗਤਾ ਨਾਲ ਆਪਣੇ ਫ਼ਰਜ਼ ਨਿਭਾ ਰਹੇ ਹਨ।

2. ਜਨਰਲ ਸਕੱਤਰ - ਮਾਣਯੋਗ ਹਜ਼ਾਰਾ ਰਾਮ, ਪਿੰਡ ਪਿੱਪਲਾਂਵਾਲਾ, ਜ਼ਿਲ੍ਹਾ ਹੁਸ਼ਿਆਰਪੁਰ ਮਾਰਚ 1931 ਵਿਚ ਚੁਣੇ ਗਏ।

3. ਉਪ-ਪ੍ਰਧਾਨ - ਪੰਡਿਤ ਹਰੀ ਰਾਮ, ਪੰਡੋਰੀ ਬੀਬੀ, ਜ਼ਿਲ੍ਹਾ ਹੁਸ਼ਿਆਰਪੁਰ 1931 ਈ. ਵਿਚ ਚੁਣੇ ਗਏ। ਉਨ੍ਹਾਂ ਨੇ ਮੰਡਲ ਵਿਚ 1927 ਈ. ਤੋਂ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਉਦੋਂ ਤੋਂ ਹੀ ਇਕ ਮਹਾਨ ਸਲਾਹਕਾਰ ਰਹੇ ਹਨ। ਮੰਡਲ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦੀ ਹੈ।

4. ਸਹਾਇਕ ਸਕੱਤੱਤਰ - ਚੌਧਰੀ ਸ਼ਾਦੀ ਲਾਲ, ਅਲੀ ਮੁਹੱਲਾ, ਜਲੰਧਰ ਸ਼ਹਿਰ।

5. ਖਜ਼ਾਨਚੀ ਅਤੇ ਪ੍ਰਬੰਧਕ - ਮਾਣਯੋਗ ਰਾਮ ਚੰਦ, ਪਿੰਡ ਖੇੜਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਡੇਢ੍ਹ ਸਾਲ ਪਹਿਲੇ 1927-29 ਵਿਚ ਖਜ਼ਾਨਚੀ ਨਿਯੁਕਤ ਕੀਤੇ ਗਏ ਅਤੇ ਉਹ ਮੰਡਲ ਦੇ ਹੈੱਡ ਕਲਰਕ ਹਨ। ਬਾਅਦ ਵਿਚ ਉਨ੍ਹਾਂ ਨੂੰ ਆਦੀ ਡੰਕਾ ਦੇ ਸੰਪਾਦਕ ਬਣਾਇਆ ਗਿਆ। ਉਨ੍ਹਾਂ ਦੀ ਈਮਾਨਦਾਰੀ ਜਾਣੀ ਪਛਾਣੀ ਹੈ ਅਤੇ ਉਨ੍ਹਾਂ ਦੀਆਂ ਸੇਵਾਵਾਂ ਕਾਬਲੇ ਤਾਰੀਫ਼ ਹਨ।

6. ਕਲਰਕ - ਮੀਂਹਾਂ ਮੱਲ ਪਿੰਡ ਮੰਡਿਆਲ, ਜ਼ਿਲ੍ਹਾ ਹੁਸ਼ਿਆਪੁਰ। 1931 ਈਂ ਵਿਚ ਮੰਡਲ ਵਿਚ ਸ਼ਾਮਿਲ ਹੋਏ।

7. ਕਲਰਕ ਆਦੀ ਡੰਕਾ - ਮਾਣਯੋਗ ਨਗੀਨਾ ਸਿੰਘ ਚੱਕ ਨੰ.76 ਪਿੰਡ ਡੰਡੇਵਾਲ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ।

8. ਬਿਨ ਤਨਖਾਹੋਂ ਕਲਰਕ - ਮਾਣਯੋਗ ਬੰਤੂ ਰਾਮ ਕੋਤਵਾਰ ਜ਼ਿਲ੍ਹਾ ਸ਼ੇਖੂਪੁਰਾ, ਮਈ 1931 ਨੂੰ ਮੰਡਲ ਵਿਚ ਸ਼ਾਮਿਲ ਹੋਏ।

9. ਬਿਨ ਤਨਖਾਹੋਂ ਕਲਰਕ - ਰਾਮ ਮੂਰਤੀ ਚੱਕ ਨੰ.277, ਜ਼ਿਲ੍ਹਾ ਲਾਇਲਪੁਰ, ਮਈ 1931 ਵਿਚ ਨਿਯੁਕਤ ਕੀਤੇ ਗਏ।

10. ਬਿਨ ਤਨਖਾਹੋਂ ਕਲਰਕ - ਮਾਣਯੋਗ ਬਖਤਾਵਰ ਸਿੰਘ ਪਿੰਡ, ਕਪਲਾਨ (ਮਲੇਰਕੋਟਲਾ) ਨੂੰ 1931 ਈਂ ਵਿਚ ਨਿਯੁਕਤ ਕੀਤਾ।

11. ਲੰਗਰ ਭੰਡਾਰੀ- ਚੀਧਰੀ ਭਾਗੂ (ਬੱਗੂ) ਮੱਲ, ਜ਼ਿਲ੍ਹਾ ਹੁਸ਼ਿਆਰ-ਪਰੁ 1928 ਤੋਂ ਫ਼ਰਜ਼ ਨਿਭਾ ਰਹੇ ਹਨ। ਉਹ ਮੰਡਲ ਦੇ ਜੀਵਨ ਮੈਂਬਰਾਂ ਵਿਚੋਂ ਇਕ ਹਨ।

### ਉਪਦੇਸ਼ਕ

1. ਮਿਸ਼ਨਰੀ ਸੰਤ ਰਾਮ ਆਜ਼ਾਦ, ਚੱਕ ਨੰ. 272, ਜ਼ਿਲ੍ਹਾ ਲਾਇਲਪੁਰ 1928 ਈ. ਤੋਂ ਮਹਾਂ ਉਪਦੇਸ਼ਕ ਹਨ। ਉਨ੍ਹਾਂ ਨੂੰ ਇਹ ਪਦਵੀ ਉਨ੍ਹਾਂ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਵਜੋਂ ਦਿਤੀ ਗਈ, ਜਿਨ੍ਹਾਂ ਨੇ ਉਨ੍ਹਾਂ ਨੂੰ ਬਹੁਤ ਪ੍ਰਸਿੱਧਤਾ ਦਿਤੀ।

2. ਮਹਾਤਮਾ ਗਨੇਸ਼ੇਸ਼ ਦਾਸ ਭਰਮਤੋੜੋਤੋੜ ਜ਼ਿਲ੍ਹਾ ਜਲੰਧਰ (ਪਿੰਡ ਹਰੀਪੁਰ) ਤੋਂ ਹਨ ਜੋ 1925 ਈ. ਤੋਂ ਆਦਿ ਧਰਮੀਆਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ।

3. ਬਾਬੂ ਗੰਗਾ ਰਾਮ ਗੜਗੱਜ, ਪਿੰਡ ਮੁਸਤਾਪੁਰ, ਜ਼ਿਲ੍ਹਾ ਹੁਸ਼ਿਆਰਪੁਰ 1928 ਈਂ ਤੋਂ ਆਮ ਕਰਕੇ ਪਹਾੜੀ ਇਲਾਕੇ ਵਿਚ ਸੇਵਾ ਨਿਭਾ ਰਹੇ ਹਨ, ਜਿਥੇ ਉਹ ਬਹੁਤ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ।

4. ਬਖਸ਼ੀ ਰਾਮ ਸ਼ਾਸਤਰੀ (ਪੰਡਤ)), ਮਹਾਂ ਉਪਦੇਸ਼ਕ, ਪਿੰਡ ਬੁੰਡਾਲਾ ਕਲਾਂ ਤਹਿਸੀਲ ਫ਼ਿਲੌਰ ਜ਼ਿਲ੍ਹਾ ਜਲੰਧਰ।

5. ਬਾਬੂ ਹਮੀਰ ਚੰਦ, ਪਿੰਡ ਬੰਝਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ।

6. ਬਾਬੂ ਪੂਰੂਰਨ ਚੰਦ, ਪਿੰਡ ਠੱਠੀ ਭਾਈ ਕੀ, ਤਹਿਸੀਲ ਮੋਗਾ, ਜ਼ਿਲ੍ਹਾ ਫ਼ਿਰੋਜ਼ਪੁਰ।

7. ਬਾਬੂ ਮਹਿਤਾਬ ਸ਼ਾਹ, ਪਿੰਡ ਬਸਿਹਾਲ ਰਿਆਸਤ ਪਟਿਆਲਾ।

8. ਬਾਬੂ ਪੂਰੂਰਨ ਚੰਦ, ਚੱਕ ਨੰ. 55, ਤਹਿਸੀਲ ਜੜਾਂਵਾਲਾ, ਜ਼ਿਲ੍ਹਾ ਲਾਇਲਪੁਰ।

### ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ -

ਪ੍ਰਧਾਨ ਸੇਠ ਲੱਭੂ ਰਾਮ, ਪਿੰਡ ਸੂਚੀ ਪਿੰਡ, ਜ਼ਿਲ੍ਹਾ ਜਲੰਧਰ।

ਉਪ-ਪ੍ਰਧਾਨ ਭਗਤ ਗੁਲਾਬ ਮੱਲ, ਪਿੰਡ ਮੁਮਾਹਿਬਪੁਰ, ਜ਼ਿਲ੍ਹਾ ਹੁਸ਼ਿਆਰਪੁਰ।

ਸਕੱਤਰ ਲੱਛੂ ਮੱਲ ਸ਼ਾਹ, ਪਿੰਡ ਮੇਹਰ ਭਟੋਲੀ, ਜ਼ਿਲ੍ਹਾ ਹੁਸ਼ਿਆਰਪੁਰ।

ਸਹਾਇਕ ਸਕੱਤਰ ਮਾਨਯੋਗ ਆਤਮਾ ਰਾਮ, ਬੂਟ ਮੇਕਰ, ਰਸਤਾ ਮੁਹੱਲਾ, ਜਲੰਧਰ ਸ਼ਹਿਰ।

ਖਜਾਨਚੀ ਚੌਧਰੀ ਸੂਬਾ ਮੱਲ, ਪਿੰਡ ਤਾਜਪੁਰ, ਜ਼ਿਲ੍ਹਾ ਜਲੰਧਰ।

ਦੂਸਰੇ ਮੈਂਬਰ ਬਾਬੂ ਸੁਲਤਾਨੀ ਰਾਮ, ਪਿੰਡ ਬਿਆਸ ਪਿੰਡ, ਜ਼ਿਲ੍ਹਾ ਜਲੰਧਰ, ਬਾਬੂ ਗੇਂਦਾ ਰਾਮ ਪਿੰਡ ਕਾਦੀਆਂ, ਜ਼ਿਲ੍ਹਾ ਜਲੰਧਰ, ਬਾਬੂ ਚੰਦਾ ਰਾਮ, ਕਰਤਾਰਪੁਰ ਜ਼ਿਲ੍ਹਾ ਜਲੰਧਰ, ਬਾਬੂ ਘਿਨਾ ਮੱਲ, ਪਿੰਡ ਪੰਡੋਰੀ ਲੰਮੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬੂ ਮਹਾਤਮਾ ਫ਼ਕੀਰ ਦਾਸ, ਜ਼ਿਲ੍ਹਾ ਜਲੰਧਰ, ਬਾਬੂ ਢਿਲਕੂ ਮੱਲ, ਫੁਲਾਤੀ ਰਾਮ, ਜ਼ਿਲ੍ਹਾ ਕਾਂਗੜਾ, ਬਾਬੂ ਲੱਖ ਮੱਲ, ਭਲ ਕਾਂਗੜਾ ਤੋਂ। ਬਾਬੂ ਰੱਖਾ ਰਾਮ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਬਾਬੂ ਸਾਈਂ ਦਾਸ, ਪਿੰਡ ਚੱਕ ਹਕੀਮ, ਕਪੂਰਥਲਾ ਰਿਆਸਤ, ਪ੍ਰਤਾਪ ਚੰਦ ਪਿੰਡ ਨਰੂੜ, ਕਪੂਰਥਲਾ ਰਿਆਸਤ, ਹਰਨਾਮ ਦਾਸ, ਰਾਏਕੋਟ, ਜ਼ਿਲ੍ਹਾ ਲੁਧਿਆਣਾ, ਸੁੰਦਰ ਰਾਮ ਹਕੀਮ, ਡਿਚਕੋਟ, ਜ਼ਿਲ੍ਹਾ ਲਾਇਲਪੁਰ, .. ਦਾ ਰਾਮ ਮਿਸਤਰੀ, ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖ਼ੂਪੁਰਾ, ਬਾਬੂ ਵਜ਼ੀਰਾ ਰਾਮ, ਚੱਕ-129, ਜ਼ਿਲ੍ਹਾ ਮੁਲਤਾਨ, ਬਾਬੂ ਰਲਾ ਸਿੰਘ, ਚੱਕ ਨੰਬਰ-86 ਜ਼ਿਲ੍ਹਾ ਸ਼ੇਖ਼ੂਪੁਰਾ, ਬਾਬੂ ਵਜ਼ੀਰਾ ਰਾਮ ਚੱਕ ਨੰ.129, ਜ਼ਿਲ੍ਹਾ ਮੁਲਤਾਨ, ਬਾਬੂ ਰਲਾ ਸਿੰਘ ਚੱਕ ਨੰ.86, ਜ਼ਿਲ੍ਹਾ ਮਿੰਟਗੁਮਰੀ ਬਾਬੂ ਭੱਲੂ ਮੱਲ, ਸਮਾਲਸਰ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬੂ ਗਣਪਤ ਰਾਏ, ਸਿਰਸਾ ਜ਼ਿਲ੍ਹਾ ... ਬਾਬੂ ਭਾਗਾ ਰਾਮ, ਚੱਕ ਨੰ.15 ਜ਼ਿਲ੍ਹਾ ਸਰਗੋਧਾ, ਬਾਬੂ ਸ਼ੰਭੂ ਰਾਮ, ਜ਼ਿਲ੍ਹਾ ਚੰਬਾ ਤੋਂ, ਬਾਬੂ ..ਦਿਆਲ ਮੱਲ, ਡਲਹੌਜੀ ਛਾਉਣੀ ਤੋਂ।

**ਆਨਰੇਰੀ ਪ੍ਰਚਾਰਕ :** 1. ਸੰਸਾਰ ਚੰਦ 2. ਬਲਵੰਤ ਰਾਏ 3. ਵਿਦਿਆਰਥੀ ਲੱਖਾ ਰਾਮ 4. ਮਾਸਟਰ ਚਿੰਤ ਰਾਮ, ਪਿੰਡ ਮੁੱਗੋਵਾਲ 5. ਵਿਦਿਆਰਥੀ ਕਰਤਾਰ ਚੰਦ 6. ਧੰਨਪਤ ਰਾਏ, ਪਿੰਡ ਲੰਗੇਰੀ 7. ਹਕੀਮ ਰਾਮਦਾਸ, ਰਸਤਾ ਮੁਹੱਲਾ, ਜਲੰਧਰ ਸ਼ਹਿਰ 8. ਜਵਾਲਾ ਰਾਮ, ਪਿੰਡ ਮਿਰਝੇ ਵਾਲਾ 9. ਨਿੱਕਾ ਰਾਮ, ਪਿੰਡ ਗੋਨੋਆਣਾ 10. ਬੀਰਬਲ, ਪਿੰਡ ਮੇਲੁਆਲ 11. ਪੰਡਤ ਸੰਤ ਰਾਮ, ਪਿੰਡ ਪਿੱਪਲਾਂਵਾਲਾ 12. ਚੰਦੂ ਰਾਮ ਪਿੰਡ ਦੜੋਗ 13. ਚੂਹੜਾ ਰਾਮ, ਪਿੰਡ ਰਾਮ ਨਗਰ, ਜਲੰਧਰ 14. ਬਾਰੂ ਰਾਮ, ਪਿੰਡ ਬੰਗਾ 15. ਰਾਮ ਚੰਦ, ਪਿੰਡ ਹੁਸੇਨਵਾਲ 16. ਨਾਨਕ ਚੰਦ, ਪਿੰਡ ਲੁਹਾਰਾਂ 17. ਨਾਮਦੇਵ, ਪਿੰਡ ਕੁਲੇਸ਼ਰ, ਅਬਾਦਪੁਰਾ, ਜ਼ਿਲ੍ਹਾ ਜਲੰਧਰ 18. ਮੋਦਾਨ ਰਾਮ, ਪਿੰਡ ਢੱਡੇ, ਜ਼ਿਲ੍ਹਾ ਜਲੰਧਰ 19. ਲੱਭੂ ਰਾਮ ਬਲਦ ਜੀਵਾ ਰਾਮ, ਪਿੰਡ ਪੰਡੋਰੀ ਨਿੱਝਰਾਂ 20. ਘੁੰਗਰ ਮੱਲ, ਪਿੰਡ ਚੱਕ- 286, ਤਹਿਸੀਲ, ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ 21. ਮਹਾਤਮਾ ਗੇਂਦਾ ਰਾਮ, ਅਬਾਦਪੁਰਾ, ਜਲੰਧਰ 22. ਮਹਾਤਮਾ ਰਾਮਦਾਸ, ਪਿੰਡ ਮਾਹਿਲ ਗਹਿਲਾਂ, ਤਹਿਸੀਲ ਨਵਾਂਸ਼ਹਿਰ 23. ਰੱਖਾ ਰਾਮ, ਪਿੰਡ ਕਰਨਾਣਾ ਤਹਿਸੀਲ ਨਵਾਂਸ਼ਹਿਰ 24. ਮੋਤੀ ਰਾਮ, ਪਿੰਡ ਜਗਤਪੁਰ ਤਹਿਸੀਲ

# ਆਦਿ ਧਰਮ ਮੰਡਲ ਰਿਪੋਰਟ : 1926-1931

ਨਵਾਂਸ਼ਹਿਰ 25. ਠਾਕਰ ਦਾਸ, ਪਿੰਡ ਨੂਰਪੁਰ ਤਹਿਸੀਲ, ਜ਼ਿਲ੍ਹਾ ਲਾਇਲਪੁਰ 26. ਬਰਖਾ ਦਾਸ, ਪਿੰਡ ਨਰੂੜ, ਰਿਆਸਤ ਕਪੂਰਥਲਾ 27. ਗੋਪਾਲ ਦਾਸ, ਪੁੱਤਰ ਭਰਪੂਰ, ਪਿੰਡ ਲੰਗੇਰੀ ਤਹਿਸੀਲ ਗੜ੍ਹਸ਼ੰਕਰ 28. ਇਸ਼ਰ ਦਾਸ ਆਜ਼ਾਦ, ਪਿੰਡ ਗੁਮਠਾਰ ਖੁਰਦ ਤਹਿਸੀਲ ਊਨਾ 29. ਗੋਮਤੀ ਦਾਸ, ਪਿੰਡ ਦਤਾਰਪੁਰ, ਤਹਿਸੀਲ ਦਸੂਹਾ 30. ਪੁੰਨੂ ਦਾਸ, ਪਿੰਡ ਰੱਲ੍ਹਣ, ਤਹਿਸੀਲ ਦਸੂਹਾ 31. ਬੋਹੜ ਦਾਸ, ਪਿੰਡ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ 32. ਦਰਵੇਸ਼ ਰਾਮ, ਪਿੰਡ ਹੇਸੋਵਾਲ, ਤਹਿਸੀਲ ਲੁਧਿਆਣਾ 33. ਹਰਨਾਮ ਦਾਸ, ਪਿੰਡ ਕੁਰਾਲੀ ਤਹਿਸੀਲ, ਜ਼ਿਲ੍ਹਾ ਲਾਇਲਪੁਰ 34. ਸ਼ਰਨ ਦਾਸ, ਪਿੰਡ ਬਾਹੋਵਾਲ, ਸ਼ਹਿਰ ਗੜ੍ਹਸ਼ੰਕਰ 35. ਪੇੜਾ ਦਾਸ, ਪਿੰਡ ਚੀਚੋ ਵਤਨੀ, ਜ਼ਿਲ੍ਹਾ ਮਿੰਟਗੁਮਰੀ 36. ਗੋਪਾਲ ਦਾਸ, ਪਿੰਡ ਚੱਕ-93, ਤਹਿਸੀਲ ਸ਼ੇਖੂਪੁਰਾ 37. ਸੁੰਦਰ ਦਾਸ ਪਿੰਡ ਖਿੰਨੀ ਤਹਿਸੀਲ ਗੜ੍ਹਸ਼ੰਕਰ 38. ਗੋਪਾਲ ਦਾਸ, ਪਿੰਡ ਢੱਡੇ ਫਤਹਿ ਸਿੰਘ ਤਹਿਸੀਲ ਕੁਸ਼ਿਆਰੇ 39. ਰੱਖਾ ਰਾਮ, ਪਿੰਡ ਛਾਉਣੀ ਹੁਸ਼ਿਆਰਪੁਰ 40. ਢੇਰਾ ਦਾਸ, ਇਲਾਕਾ ਆਰਿਫ਼, ਜ਼ਿਲ੍ਹਾ ਮਿੰਟਗੁਮਰੀ 41. ਸੁੰਦਰ ਦਾਸ, ਪਿੰਡ 15 ਤਹਿਸੀਲ ਖੰਨੇਵਾਲ, ਜ਼ਿਲ੍ਹਾ ਮੁਲਤਾਨ 42. ਬੰਨਾ ਦਾਸ, ਪਿੰਡ ਸਾਦਾ ਰਾਇਆ ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ 43. ਪ੍ਰੇਮ ਦਾਸ, ਪਿੰਡ ਕਰਤਾਰਪੁਰ, ਜ਼ਿਲ੍ਹਾ ਜਲੰਧਰ 44. ਅਮਰ ਨਾਥ, ਪਿੰਡ ਪਿੰਤਾ ਖੇੜਾ, ਜ਼ਿਲ੍ਹਾ ਫ਼ਿਰੋਜ਼ਪੁਰ 45.ਕਲਿਆਣ ਦਾਸ, ਪਿੰਡ ਦਮਦਮਾ ਸਾਹਿਬ, ਤਹਿਸੀਲ ਬਠਿੰਡਾ, ਰਿਆਸਤ ਪਟਿਆਲਾ 46. ਸੰਤ ਰਾਮ, ਪਿੰਡ ਰੁੜਕਾ ਕਲਾਂ, ਤਹਿਸੀਲ ਫਿਲੌਰ 47. ਬਿਸ਼ਨ ਦਾਸ, ਕਲਕੱਤਾ ਸ਼ਹਿਰ ਪੁਲ ਨੰਬਰ-4 48. ਹਰਦਿੱਤਾ ਰਾਮ, ਪਿੰਡ ਹਕੀਮ, ਰਿਆਸਤ ਕਪੂਰਥਲਾ 49. ਗੁਲਜ਼ਾਰੀ ਰਾਮ, ਪਿੰਡ ਨੰਗਲ ਚੋਰਾਂ, ਤਹਿਸੀਲ ਹੁਸ਼ਿਆਰਪੁਰ 50. ਆਤੂ ਸ਼ਾਹ, ਪਿੰਡ ਆਤਮਪੁਰ, ਤਹਿਸੀਲ ਜਲੰਧਰ 51. ਪੀਰ ਸ਼ਾਹ ਔਲੀਆ, ਅਲੀ ਮੁਹੱਲਾ, ਜਲੰਧਰ 52. ਸ਼ਰਤ ਨਾਥ ਪਿੰਡ ਅਲੀਕਾ, ਤਹਿਸੀਲ ਜ਼ਿਲ੍ਹਾ ਹਿਸਾਰ 53. ਸ਼ਰਧਾ ਰਾਮ ਨਾਨਗਾ, ਪਿੰਡ ਨਡਿਆਣ, ਤਹਿਸੀਲ ਜ਼ਿਲ੍ਹਾ ਹੁਸ਼ਿਆਰਪੁਰ 54. ਕੁਕਰਦਾਸ, ਪਿੰਡ ਢੱਡੇ, ਤਹਿਸੀਲ ਜਲੰਧਰ 55. ਸ਼ਰਧਾ ਨੰਦ ਉਰਫ਼ ਸ਼ਰਨਦਾਸ, ਪਿੰਡ ਸਹੋਡਾ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

ਆਦਿ ਧਰਮ ਦੇ ਹੋਰ ਪ੍ਰਚਾਰਕਾਂ ਬਾਰੇ ਜਲੰਧਰ ਜ਼ਿਲ੍ਹੇ ਦੇ ਪਿੰਡ ਢੇਹਪੁਰ ਦੇ ਮਾਨਯੋਗ ਰਾਮ ਦਾਸ, ਉਨ੍ਹਾਂ ਨੇ ਸਾਲ ਬੜੀ ਈਮਾਨਦਾਰੀ ਨਾਲ ਸੇਵਾ ਕੀਤੀ। ਆਪਣੀ ਮਾਤਾ ਦੇ ਗੁਜ਼ਰ ਜਾਣ ਕਰਕੇ ਉਨ੍ਹਾਂ ਨੇ ਅਹੁਦਾ ਛੱਡ ਦਿਤਾ। ਜਲੰਧਰ ਜ਼ਿਲ੍ਹੇ ਦੇ ਪਿੰਡ ਰਹੀਮਪੁਰ ਦੇ ਮਾਨਯੋਗ ਸਾਧੂ ਰਾਮ ਨੇ ਛੇ ਮਹੀਨੇ ਮੰਡਲ ਦੀ ਸੇਵਾ ਕੀਤੀ। ਪਰ ਘਰ ਦੀ ਮਾੜੀ ਆਰਥਿਕ ਹਾਲਤ ਕਰਕੇ ਉਨ੍ਹਾਂ ਨੂੰ ਇਹ ਸੇਵਾ ਛੱਡਣੀ ਪਈ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਥਾਨ ਸਿੰਘ ਦੇ ਮਾਨਯੋਗ ਨਿਰੰਜਣ ਸਿੰਘ ਨੇ ਛੇ ਮਹੀਨੇ ਮੰਡਲ ਦੀ ਸੇਵਾ ਕੀਤੀ। ਇਸੇ ਤਰ੍ਹਾਂ ਜਲੰਧਰ ਜ਼ਿਲ੍ਹੇ ਦੇ ਸਫ਼ੀਪੁਰ ਪਿੰਡ ਦੇ ਸ਼੍ਰੀਮਾਨ ਕਾਹਨ ਸਿੰਘ ਨੂੰ ਵੀ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਅਹੁਦਾ ਛੱਡਣਾ ਪਿਆ।

ਇਕ ਸਾਲ ਤਕ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਸਰਹਾਲਾ ਦੇ ਮਾਨਯੋਗ ਗੁਰਬਚਨ ਸਿੰਘ ਨੇ ਸੇਵਾ ਕੀਤੀ ਜਦੋਂ ਠਾਕੁਰ ਚੰਦ ਦਾ ਬਾਈਕਾਟ ਕੀਤਾ ਗਿਆ ਤਾਂ ਗੁਰਬਚਨ ਸਿੰਘ ਨੇ ਲਾਂਭੇ ਹੋ ਜਾਣ ਦਾ ਫ਼ੈਸਲਾ ਕਰ ਲਿਆ। ਕਿਉਂਕਿ ਹੁਸ਼ਿਆਰ-ਪੁਰ ਜ਼ਿਲ੍ਹੇ ਦੇ ਪਿੰਡ ਆਦਮਵਾਲ ਦੇ ਮਾਨਯੋਗ ਅੱਛਰ ਚੰਦ ਨੂੰ ਕੋਈ ਤਜਰਬਾ ਨਹੀਂ ਸੀ ਇਸ ਲਈ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿਤਾ ਗਿਆ। ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਦਸੂਹਾ ਦੇ ਪਿੰਡ ਖੁਣਖੁਣਾਂ ਦੇ ਮਾਨਯੋਗ ਸੁਖ ਲਾਲ ਨੇ ਹੈੱਡ ਕਲਰਕ ਵਜੋਂ ਦੋ ਸਾਲ ਕੰਮ ਕੀਤਾ। 1930 ਈ. ਵਿਚ ਉਨ੍ਹਾਂ ਦੇ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਮੁੱਗੋਵਾਲ ਦੇ ਆਦਿ ਧਰਮੀ ਸਕੂਲ ਵਿਚ ਮੁੱਖ ਅਧਿਆਪਕ ਦੇ ਤੌਰ ਤੇ ਵਾਪਸ ਬੁਲਾ ਲਿਆ ਗਿਆ। ਹੁਣ ਉਹ ਜਲੰਧਰ ਸ਼ਹਿਰ ਦੇ ਨਾਰਮਲ ਸਕੂਲ ਵਿਚ ਪੜ੍ਹਾਉਂਦਿਆਂ ਹੋਇਆਂ ਇਥੋਂ ਹੀ ਮੰਡਲ ਦੀ ਸੇਵਾ ਕਰ ਰਹੇ ਹਨ। ਮਿੰਟਗੁਮਰੀ ਜ਼ਿਲ੍ਹੇ ਦੇ ਕੈਪਟਨ ਸੁੰਦਰ ਸਿੰਘ ਦੇ ਸਪੁੱਤਰ ਮਾਨਯੋਗ ਸਾਧੂ ਸਿੰਘ ਨੇ 'ਆਦੀ ਡੰਕਾ' ਲਈ ਛੇ ਮਹੀਨੇ ਕੰਮ ਕੀਤਾ। ਫ਼ਿਰੋਜ਼ਪੁਰ ਜ਼ਿਲ੍ਹੇ ਦੀ ਤਹਿਸੀਲ ਮੋਗਾ ਦੇਤਬਾੜ ਪਿੰਡ ਦੇ ਮਾਨਯੋਗ ਨਿਹਾਲ ਚੰਦ ਇਕ ਕਰਲਰਕ ਸਨ ਜਿਹੜੇ 5 ਮਈ 1931 ਨੂੰ ਜਲੰਧਰ ਵਿਚ ਨਾਰਮਲ ਕਲਾਸਾਂ ਨੂੰ ਪੜ੍ਹਾਉਣ ਚਲੇ ਗਏ। ਉਨ੍ਹਾਂ ਦੀ ਥਾਂ ਲਾਇਲਪੁਰ ਦੇ ਮਾਨਯੋਗ ਨਗੀਨਾ ਸਿੰਘ ਨੇ ਲਈ।

ਲਾਇਲਪੁਰ ਜ਼ਿਲ੍ਹੇ ਦੇ ਪਿੰਡ ਡਿਚਕੋਟ ਦੇ ਮਾਨਯੋਗ ਕਰਤਾਰ ਚੰਦ ਨੇ ਪ੍ਰਚਾਰਕ ਵਜੋਂ ਚਾਰ ਮਹੀਨੇ ਸੇਵਾ ਕੀਤੀ ਪਰ ਉਨ੍ਹਾਂ ਦੀਆਂ ਮਾੜੀਆਂ ਆਦਤਾਂ ਕਰਕੇ ਉਨ੍ਹਾਂ ਨੂੰ ਅਪ੍ਰੈਲ 1931 ਵਿਚ ਮੰਡਲ ਤੋਂ ਵੱਖ ਕਰ ਦਿਤਾ ਗਿਆ।

### ਆਦਿ ਧਰਮ ਦੇ ਮੁਢਲੇ ਸਿਧਾਂਤ

1. ਆਦਿ ਧਰਮ ਦੀਆਂ ਜ਼ਰੂਰੀ ਸਿੱਖਿਆਵਾਂ ਸਦਾ ਉਹੀ ਰਹਿਣਗੀਆਂ, ਕੋਈ ਵੀ ਉਨ੍ਹਾਂ ਨੂੰ ਬਦਲ ਨਹੀਂ ਸਕਦਾ। ਇਹ ਸਿਰਫ਼ ਇਕ ਗੁਰੂ ਦੀ ਮਦਦ ਰਾਹੀਂ ਜੀਵਤ ਅਤੇ ਨਿਰੰਤਰ ਰਹਿ ਸਕਦੀਆਂ ਹਨ।
2. ਹਰ ਆਦਮੀ ਅਤੇ ਔਰਤ ਧਰਮ ਵਿਚ ਵਿਸ਼ਵਾਸ ਕਰਦਾ ਹੈ ਪਰ ਉਸ ਨੂੰ ਇਸ ਦੀ ਜਾਣਕਾਰੀ ਨਹੀਂ ਵੀ ਹੋ ਸਕਦੀ, ਗੁਰੂ ਤੋਂ ਬਿਨਾਂ ਰਹਿਣਾ ਪਾਪ ਹੈ।
3. ਇਕ ਗੁਰੂ ਹੋਣਾ ਚਾਹੀਦਾ ਹੈ ਜੋ ਪਹਿਲੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਈਮਾਨਦਾਰੀ ਅਤੇ ਸਚਾਈ ਪੂਰਵਕ ਜਾਣਦਾ ਹੋਵੇ। ਉਹ ਮਿਥਿਆ ਅਤੇ ਸਚਾਈ ਦਰਮਿਆਨ ਅੰਤਰ ਕਰਨ ਵਿਚ ਕਾਬਲ ਹੋਣਾ ਚਾਹੀਦਾ ਹੈ। ਉਹ ਕੌਮ ਵਿਚ ਸ਼ਾਂਤੀ ਅਤੇ ਪਿਆਰ ਲਿਆਉਣ ਦੇ ਕਾਬਲ ਹੋਣਾ ਚਾਹੀਦਾ ਹੈ।
4. ਹਰ ਕਿਸੇ ਨੂੰ ਪਹਿਲੇ ਗੁਰੂਆਂ ਦੇ ਜੀਵਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ।ਉਹ ਗੁਰੂ ਦੀਆਂ ਉਦਾਹਰਣਾਂ 'ਤੇ ਚੱਲ ਕੇ ਤਰੱਕੀ ਕਰਨਗੇ। ਪਹਿਲੇ ਗੁਰੂਆਂ ਦੇ ਅਭਿਆਸਾਂ ਨੂੰ ਤਿਲਾਂਜਲੀ ਨਹੀਂ ਦੇਣੀ ਚਾਹੀਦੀ। ਇਸ ਨਾਲ ਤਰੱਕੀ ਹੁੰਦੀ ਹੈ।
5. ਦੂਜੀਆਂ ਜਾਤਾਂ ਨਾਲ ਖਾਣ-ਪੀਣ ਵਿਚ ਕੋਈ ਵਿਤਕਰਾ ਨਹੀਂ ਕਰਨਾ ਚਾਹੀਦਾ।
6. ਆਦਿਧਰਮੀਆਂ ਨੂੰ ਚੋਰੀ, ਧੋਖਾ, ਝੂਠ, ਬੇਈਮਾਨੀ, ਕਿਸੇ ਦੂਸਰੇ ਦੀ ਪਤਨੀ ਵੱਲ ਭੈੜੀ ਨਜ਼ਰ ਨਾਲ ਤੱਕਣਾ, ਕਿਸੇ ਚੀਜ਼ ਦੀ ਵਰਤੋਂ ਕਰਨਾ ਜੋ ਨਸ਼ਾ ਚੜ੍ਹਾਉਂਦੀ ਹੋਵੇ, ਜੂਏਬਾਜ਼ੀ, ਕਿਸੇ ਦੂਸਰੇ ਵਿਅਕਤੀ ਦੀ ਜਾਇਦਾਦ ਜਾਂ ਵਸਤੂ ਨੂੰ ਜ਼ਬਰਦਸਤੀ ਪ੍ਰਾਪਤ ਕਰਨਾ, ਇਹ ਸਭ ਕੁਝ ਕੁਦਰਤ ਦੇ ਸਿਧਾਂਤ ਦੇ ਉਲਟ ਹੈ, ਇਸ ਲਈ ਆਦਿ ਧਰਮ ਦੇ ਸਿਧਾਂਤ ਦੇ ਉਲਟ ਹੈ।
7. ਹਰ ਆਦਿ ਧਰਮੀ ਦੇ ਮੋਢਿਆਂ 'ਤੇ ਜ਼ੁੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਚਲੰਤ ਗਿਆਨ ਸਿਖਾਏ ਅਤੇ ਮੌਜੂਦਾ ਸਰਕਾਰ ਦਾ ਆਗਿਆਕਾਰੀ ਹੋਣਾ ਵੀ ਸਿਖਾਏ।
8. ਹਰ ਆਦਿ ਧਰਮੀ ਨੂੰ 'ਆਦਿ ਪ੍ਰਕ੍ਰਕਾਸ਼' ਦਾ ਪਾਠ ਕਰਨਾ ਚਾਹੀਦਾ ਹੈ ਅਤੇ ਇਸ ਅਨੁਸਾਰ ਅਮਲ ਕਰਨਾ ਚਾਹੀਦਾ ਹੈ। ਇਹ ਸਭ ਤੋਂ ਵੱਡਾ ਫ਼ਰਜ਼ ਹੈ।
9. ਆਦਿ ਧਰਮ ਜਾਤੀ-ਵਿਵਸਥਾ ਜਾਂ ਇਸ ਤਰ੍ਹਾਂ ਦੇ ਕਿਸੇ ਕਿਸਮ ਦੇ ਨੀਵੇਂ ਜਾਂ ਉੱਚੇਪਣ ਵਿਚ ਵਿਸ਼ਵਾਸ ਨਹੀਂ ਕਰਦਾ।
10. ਗਿਆਨ ਨੂੰ ਗ੍ਰਹਿਣ ਕਰਨਾ ਅਤੇ ਭਾਲਣਾ ਅਤੇ ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹਨ।

### ਆਦਿ ਧਰਮੀ ਸੰਸਥਾ ਦੇ ਫ਼ਰਜ਼

1. ਆਦਿ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ।
2. ਆਦਿ ਧਰਮ ਵਿਚ ਮਾਣ ਮਹਿਸੂਸ ਕਰਨਾ।
3. ਕੌਮ ਦੇ ਨਾਂ ਦੀ ਵਰਤੋਂ ਵਿਚ ਵਾਧਾ ਕਰਨਾ ਅਤੇ ਲਾਲ ਰੰਗ ਦੀ ਵਰਤੋਂ ਕਰਨੀ ਜੋ ਕਿ ਕੌਮੀ ਚਿੰਨ੍ਹ ਹੈ।
4. ਆਦਿ ਧਰਮੀਆਂ ਨੂੰ ਆਪਣੇ ਆਦਿ ਧਰਮੀ ਭਰਾਵਾਂ ਦੀ ਖੋਹੀ ਜਾਇਦਾਦ ਨੂੰ ਵਾਪਸ ਲਿਆਉਣ ਵਿਚ ਮਦਦ ਕਰਨਾ।
5. ਸਾਨੂੰ ਹਿੰਦੂਆਂ ਅਤੇ ਆਦਿ ਧਰਮੀਆਂ ਵਿਚ ਅਤੇ ਹਿੰਦੋਸਤਾਨ ਦੀਆਂ ਦੂਜੀਆਂ ਕੌਮਾਂ ਵਿਚ ਵਖਰੇਵੇਂ ਬਾਰੇ ਦੱਸਣਾ ਚਾਹੀਦਾ ਹੈ।
6. ਉਹ ਗ੍ਰੰਥ ਜਿਨ੍ਹਾਂ ਨੇ ਛੂਆ-ਛਾਤ ਦੀ ਸਮੱਸਿਆ ਅਤੇ ਵਿਤਕਰੇ ਪੈਦਾ ਕੀਤੇ - ਇਹ ਪੁਸਤਕਾਂ ਜਿਵੇਂ ਕਿ ਮਨੂ ਸਮ੍ਰਿਤ੍ਰਤੀ ਅਤੇ ਹੋਰ ਸ਼ਾਸ਼ਤਰਾਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਪਾਬੰਦੀ ਲਾਉਣੀ ਚਾਹੀਦੀ ਹੈ।
7. ਸਾਨੂੰ ਆਪਣੇ ਗੁਰੂਆਂ ਦੇ ਗੁਰਪੁਰਬ ਮਨਾਉਣੇ ਚਾਹੀਦੇ ਹਨ ਅਤੇ ਆਪਣੇ ਧਰਮ ਉਪਰ ਈਮਾਨਦਾਰੀ ਨਾਲ ਚੱਲਣਾ ਚਾਹੀਦਾ ਹੈ।
8. ਮੂਰਤੀ ਪੂਜਾ ਤੋਂ ਪੂਰੀ ਤਰ੍ਹਾਂ ਪ੍ਰਹੇਜ਼ ਕਰਨਾ।
9. ਆਪਣੇ ਅਤੇ ਭਾਈਚਾਰੇ ਦੀ ਖਾਤਿਰ ਵਿੱਦਿਆ ਪ੍ਰਾਪਤ ਕਰਨਾ।
10. ਜੋ ਸਾਡੇ ਮੱਥੇ 'ਅਛੂਤਾਂ' ਦਾ ਕਲੰਕ ਲਾਉਂਦੇ ਹਨ ਜਾਂ ਸਾਡੇ ਵਿਰੁੱਧ ਵਿਤਕਰਾ ਕਰਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ।
11. ਆਦਿ ਧਰਮੀਆਂ ਦੀਆਂ ਸਾਰੀਆਂ ਮੰਗਾਂ ਨੂੰ ਸਰਕਾਰ ਸਾਹਮਣੇ ਪੇਸ਼ ਕਰਨਾ।
12. ਬਾਲ-ਵਿਆਹ ਅਤੇ ਖਰਚੀਲੇ ਵਿਆਹਾਂ ਦੀ ਪੂਰੀ ਮਨਾਹੀ ਕਰਵਾਉਣਾ।

### ਆਦਿ ਧਰਮੀਆਂ ਨੂੰ ਹਦਾਇਤਾਂ

1. ਹਰੇਕ ਆਦਿ ਧਰਮੀ ਨੂੰ ਧਰਮ ਸੰਬੰਧੀ ਸਭ ਕੁਝ ਜਾਣਨਾ ਚਾਹੀਦਾ ਹੈ।
2. ਸਰੀਰਕ ਅਤੇ ਮਾਨਸਿਕ ਵਾਧੇ ਅਤੇ ਮੁਕਤੀ ਲਈ ''ਸੋਹੰ'' ਦਾ ਜਾਪ ਕਰਨਾ ਚਾਹੀਦਾ ਹੈ।
3. ਹਰ ਆਦਿ ਧਰਮੀ ਨੂੰ ਸਵੇਰੇ ਜਾਂ ਸ਼ਾਮੀਂ ਅੱਧੇ ਘੰਟੇ ਲਈ 'ਗੁਰੂਦੇਵ' ਨੂੰ ਯਾਦ ਕਰਨਾ ਚਾਹੀਦਾ ਹੈ।
4. ਜਦੋਂ ਆਦਿ ਧਰਮੀ ਇਕ ਦੂਜੇ ਨੂੰ ਮਿਲਣ ਤਾਂ ਉਹ 'ਜੈ ਗੁਰਦੇਵ' ਬੁਲਾਉਣ।
5. ਸਾਨੂੰ ਆਦਿ ਧਰਮ ਦੇ ਬਾਨੀਆਂ ਰਿਸ਼ੀ ਬਾਲਮੀਕੀ, ਗੁਰੂ ਰਵਿਦਾਸ, ਮਹਾਰਾਜ ਕਬੀਰ ਅਤੇ ਭਗਵਾਨ ਸਤਿਗੁਰੂ ਨਾਮਦੇਵ ਜੀ ਦੇ ਸੱਚੇ ਪੈਰੋਕਾਰ ਹੋਣਾ ਚਾਹੀਦਾ ਹੈ।
6. ਇਕ ਗੁਰੂ ਹੋਣਾ ਚਾਹੀਦਾ ਹੈ ਜੋ ਪਹਿਲੇ ਗੁਰੂਆਂ ਬਾਰੇ ਜਾਣਦਾ ਹੋਵੇ ਅਤੇ ਇਕ ਗੁਰੂ ਦੀਆਂ ਸਾਰੀਆਂ ਯੋਗਤਾਵਾਂ ਰੱਖਦਾ ਹੋਵੇ।
7. ਗੁਰੂ ਦੀ ਪਤਨੀ ਨੂੰ ਆਪਣੀ ਮਾਤਾ ਅਤੇ ਗੁਰੂ ਦੀ ਪੁੱਤਰੀ ਨੂੰ ਆਪਣੀ ਭੈਣ ਵਾਂਗ ਸਮਝਣਾ ਚਾਹੀਦਾ ਹੈ।
8. ਹਰੇਕ ਆਦਿ ਧਰਮੀ ਦੀ ਪਤਨੀ ਵੀ ਆਦਿ ਧਰਮ ਵਿਚ ਯਕੀਨ ਰੱਖੇ ਇਸ ਵਿਚ ਹੀ ਦੋਹਾਂ ਦੀ ਮੁਕਤੀ ਹੈ।
9. ਹਰੇਕ ਆਦਿ ਧਰਮੀ ਨੂੰ ਆਪਣੀ ਪਤਨੀ ਨੂੰ ਇਕੋ ਇਕ ਪਤਨੀ ਮੰਨਣਾ ਚਾਹੀਦਾ ਹੈ ਅਤੇ ਹੋਰ ਦੂਸਰੀ ਔਰਤ ਨੂੰ ਆਪਣੀ ਭੈਣ ਜਾਂ ਮਾਤਾ ਮੰਨਣਾ ਚਾਹੀਦਾ ਹੈ।
10. ਹਰ ਆਦਿ ਧਰਮੀ ਨੂੰ ਚੋਰੀ, ਧੋਖਾਧੜੀ, ਝੂਠ, ਬੇਈਮਾਨੀ ਅਤੇ ਦੂਜਿਆਂ ਦੀ ਜਾਇਦਾਦ ਨੂੰ ਹੜੱਪਣ ਤੋਂ ਪਰੇ ਰਹਿਣਾ ਚਾਹੀਦਾ ਹੈ।
11. ਕਿਸੇ ਦਾ ਦਿਲ ਨਹੀਂ ਤੋੜਨਾ ਚਾਹੀਦਾ। ਇਸ ਤੋਂ ਵੱਡਾ ਪਾਪ ਹੋਰ ਕੋਈ ਨਹੀਂ।
12. ਹਰ ਆਦਿ ਧਰਮੀ ਨੂੰ ਆਦਿ ਧਰਮੀ ਤਿਉਹਾਰਾਂ ਅਤੇ ਰਸਮਾਂ ਰਿਵਾਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।
13. ਲੜਕੇ ਅਤੇ ਲੜਕੀ ਦੋਹਾਂ ਦੇ ਜਨਮ 'ਤੇ ਇਕੋ ਜਿਹੀ ਬੇਹੱਦ ਖ਼ੁਸ਼ੀ ਮਨਾਉਣੀ ਚਾਹੀਦੀ ਹੈ।
14. ਪੰਜ ਸਾਲ ਦੀ ਉਮਰ ਤੋਂ ਬਾਅਦ ਹਰ ਲੜਕੇ ਅਤੇ ਲੜਕੀ ਨੂੰ ਸਹੀ ਧਾਰਮਿਕ ਸਿੱਖਿਆ ਦੇਣੀ ਚਾਹੀਦੀ ਹੈ।
15. ਵਿਆਹ ਉਪਰ ਵਾਧੂ ਖਰਚੇ ਕਰਨਾ ਫਜ਼ੂਲ ਹੈ। ਹਰ ਵਿਆਹ ਸਾਡੇ ਪ੍ਰੰਪਰਾਗਤ ਰਸਮਾਂ ਰਿਵਾਜਾਂ ਅਨੁਸਾਰ ਹੋਣਾ ਚਾਹੀਦਾ ਹੈ।
16. ਆਦਿ ਧਰਮੀਆਂ ਨੂੰ ਆਦਿ ਧਰਮੀਆਂ ਨਾਲ ਵਿਆਹ ਕਰਨੇ ਚਾਹੀਦੇ ਹਨ। ਗ਼ੈਰ ਆਦਿ ਧਰਮੀ ਨਾਲ ਵਿਆਹ ਕਰਨਾ ਕਾਨੂੰਨੀ ਨਹੀਂ ਹੈ ਅਤੇ ਜੇ ਗ਼ੈਰ ਆਦਿ ਧਰਮੀ ਨਾਲ ਵਿਆਹ ਕਰਦਾ ਹੈ ਤਾਂ ਉਸ ਲੜਕੇ ਜਾਂ ਲੜਕੀ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।
17. ਹਰੇਕ ਆਦਿ ਧਰਮੀ ਆਦਮੀ ਅਤੇ ਔਰਤ ਨੂੰ ਆਪਣੇ ਮਾਪਿਆਂ ਦਾ ਆਗਿਆਕਾਰ ਹੋਣਾ ਚਾਹੀਦਾ ਹੈ।
18. ਮਾਤਾ ਅਤੇ ਪਿਤਾ ਦੋਹਾਂ ਦੇ ਅਕਾਲ ਚਲਾਣੇ ਬਾਅਦ, ਹਰ ਆਦਿ ਧਰਮੀ ਦਾ ਫ਼ਰਜ਼ ਹੈ ਕਿ ਉਹ ਅਨੰਦਾਨ ਕਰੇ।
19. ਲਾਸ਼ ਦਾ ਦਾਹ ਸੰਸਕਾਰ ਕਰਨਾ ਚਾਹੀਦਾ ਹੈ ਪਰ ਜੇ ਮ੍ਰਿਤਕ ਪੰਜ ਸਾਲ ਤੋਂ ਛੋਟਾ ਹੈ ਤਾਂ ਉਸ ਦੀ ਲਾਸ਼ ਦਬਾਉਣੀ ਚਾਹੀਦੀ ਹੈ।
20. ਆਦਿ ਧਰਮੀਆਂ ਨੂੰ ਆਪਣੇ ਨਿਯਮਾਂ ਤੋਂ ਬਿਨਾਂ ਹੋਰ ਨਿਯਮਾਂ ਨੂੰ ਨਹੀਂ ਮੰਨਣਾ ਚਾਹੀਦਾ।
21. ਆਦਿ ਧਰਮ ਵਿਚ ਸਿਰਫ਼ ਇਕ ਵਿਆਹ ਦੀ ਆਗਿਆ ਹੈ ਪਰ ਪਤਨੀ ਦੀ ਮੌਤ ਤੋਂ ਬਾਅਦ ਪਤੀ ਦੁਬਾਰਾ ਵਿਆਹ ਕਰ ਸਕਦਾ ਹੈ। ਜੇ ਪਹਿਲੀ ਪਤਨੀ ਦੇ ਬੱਚੇ ਨਾ ਹੋਣ ਤਾਂ ਪਤੀ ਆਪਣੀ ਪਤਨੀ ਦੀ ਰਜ਼ਾਮੰਦੀ ਨਾਲ ਦੂਜੀ ਪਤਨੀ ਕਰ ਸਕਦਾ ਹੈ। ਪਹਿਲੀ ਪਤਨੀ ਆਪਣੇ ਪਹਿਲੇ ਹੱਕਾਂ ਸਮੇਤ ਕਾਨੂੰਨੀ ਪਤਨੀ ਬਣੀ ਰਹੇਗੀ।
22. ਆਦਿ ਧਰਮੀਆਂ ਨੂੰ ਚਾਹੀਦਾ ਹੈ ਕਿ ਉਹ ਆਲੇ-ਦੁਆਲੇ ਦੇ ਇਲਾਕਿਆਂ ਦੇ ਆਦਿ ਧਰਮੀਆਂ ਨਾਲ ਵੀ ਆਪਣੇ ਬੱਚਿਆਂ ਦਾ ਵਿਆਹ ਕਰਨ।
23. ਲੜਕੀ ਦੀ ਵਿਆਹ ਵੇਲੇ ਉਮਰ 12 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਲੜਕਾ ਲੜਕੀ ਨਾਲੋਂ ਚਾਰ ਸਾਲ ਵੱਡਾ ਹੋਣਾ ਚਾਹੀਦਾ ਹੈ।
24. ਵਿਆਹ ਯੋਗ ਲੜਕੀ ਬਦਲੇ ਧਨ ਲੈਣਾ ਗ਼ੈਰ-ਕਾਨੂੰਨੀ ਹੈ ਦਾਜ ਭਾਵੇਂ ਹੋ ਸਕਦਾ ਹੈ। ਜਿਹੜੇ ਆਪਣੀਆਂ ਲੜਕੀਆਂ ਨੂੰ ਵੇਚਦੇ ਹਨ ਉਹ ਇਕ ਬਹੁਤ ਵੱਡਾ ਪਾਪ ਕਰਦੇ ਹਨ।
25. ਪ੍ਰਾਰਥਨਾ ਸਮੇਂ ਭੇਂਟ ਕੀਤੇ ਦਾਨ-ਦਖਸ਼ਣਾ ਸਿਰਫ਼ ਆਦਿਧਰਮੀ ਸਾਧੂਆਂ ਨੂੰ ਦਿਤੇ ਜਾਣ ਅਤੇ ਸਿਰਫ਼ ਉਨ੍ਹਾਂ ਸਾਧੂਆਂ ਨੂੰ ਜੋ ਆਦਿ ਧਰਮ ਦੇ ਅਸੂਲਾਂ ਨੂੰ ਧਾਰਮਿਕ ਤੌਰ ਤੇ ਮੰਨਦੇ ਹਨ।
26. ਹਰੇਕ ਆਦਿ ਧਰਮੀ ਲਈ ਇਹ ਜ਼ਰੂਰੀ ਹੈ ਕਿ ਆਪਣੇ ਪੁੱਤਰਾਂ ਅਤੇ ਧੀਆਂ ਦੋਹਾਂ ਨੂੰ ਪ੍ਰਾਇਮਰੀ ਤਕ ਸਿੱਖਿਆ ਮੁਹੱਈਆ ਕਰਾਏ।
27. ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ ਖ਼ਾਸ ਕਰਕੇ ਘਰੇਲੂ ਕੰਮਾਂ, ਜਿਵੇਂ ਸਿਲਾਈ ਅਤੇ ਕਢਾਈ ਦੀ।
28. ਨੌਜਵਾਨ ਮੁੰਡਿਆਂ ਅਤੇ ਮੁਟਿਆਰਾਂ ਨੂੰ ਘਾਹ ਖੋਤਣ ਅਤੇ ਬਾਲਣ ਚੁਗਣ ਲਈ ਨਹੀਂ ਭੇਜਣਾ ਚਾਹੀਦਾ।
29. ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਜਵਾਨ ਵਿਧਵਾ ਧੀਆਂ ਨੂੰ ਆਪਣੇ ਘਰੀਂ ਨਾ ਰੱਖਣ ਕਿਉਂਕਿ ਜਵਾਨ ਵਿਧਵਾ ਧੀ ਨੂੰ ਘਰ ਬਿਠਾਉਣਾ ਭੰਡੀ ਕਰਵਾਉਣਾ ਹੈ।
30. ਜੇ ਇਕ ਬਾਲ-ਬੱਚਿਆਂ ਵਾਲੀ ਆਦਿ ਧਰਮੀ ਵਿਧਵਾ ਆਪਣੇ ਮਰੇ ਪਤੀ ਦੀ ਯਾਦ ਵਿਚ ਕੋਈ ਪ੍ਰੋਗਰਾਮ ਕਰਨਾ ਚਾਹੁੰਦੀ ਹੈ ਤਾਂ ਆਦਿਧਰਮ ਮੰਡਲ, ਜਲੰਧਰ ਅਤੇ ਇਸ ਦੇ ਮੈਂਬਰ ਉਸ ਦੀ ਮਦਦ ਕਰਨਗੇ।
31. ਕਿਸੇ ਦੀ ਮੌਤ ਜਾਂ ਅੰਤਿਮ ਸੰਸਕਾਰ ਸਮੇਂ ਰੋਣਾ ਪਿੱਟਣਾ ਨਹੀਂ ਚਾਹੀਦਾ। ਅਜਿਹਾ ਕਰਨ ਨਾਲ ਗੁਰੂਦੇਵ ਨੂੰ ਗੁੱਸੇ ਕਰਦਾ ਹੈ।
32. ਆਦਿ ਧਰਮੀਆਂ ਦਰਮਿਆਨ ਖਾਨਦਾਨੀ ਜਾਇਦਾਦ ਵਿਚ ਪੁੱਤਰਾਂ ਅਤੇ ਧੀਆਂ ਦਾ ਬਰਾਬਰ ਦਾ ਹੱਕ ਹੋਣਾ ਚਾਹੀਦਾ ਹੈ।
33. ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਖ਼ਿਲਾਫ਼ ਹੈ।
34. ਸ਼ਰਾਬ ਜਾਂ ਕੋਈ ਹੋਰ ਨਸ਼ਾ ਬੀਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।
35. ਗ਼ੈਰ-ਆਦਿ ਧਰਮੀਆਂ ਦੇ ਵਿਆਹ ਸਮੇਂ ਭੋਜਨ ਖਾਣਾ ਜਾਇਜ਼ ਹੈ ਪਰ ਭੋਜਨ ਵਧੀਆ ਬਣਿਆ ਹੋਵੇ ਨਾ ਕਿ ਬਚੀ ਖੁਚੀ ਜੂਠ ਹੋਵੇ।
36. ਸਫ਼ਾਈ ਬਹੁਤ ਜ਼ਰੂਰੀ ਹੈ ਇਸ ਨਾਲ ਸਿਹਤ ਚੰਗੀ ਰਹਿੰਦੀ ਹੈ।
37. ਮੂਰਤੀ ਪੂਜਾ ਦੀ ਮਨਾਹੀ ਹੈ ਅਤੇ ਕਿਸੇ ਨੂੰ ਜਾਦੂ, ਭੂਤ-ਪ੍ਰੇਤਾਂ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਵਿਸ਼ਵਾਸ ਨਹੀਂ ਕਰਨਾ ਚਾਹੀਦਾ।
38. ਸਾਰੇ ਆਦਿ ਧਰਮੀਆਂ ਨੂੰ ਜਾਤ ਦੀ ਧਾਰਨਾ ਅਤੇ ਛੂਤਛਾਤ ਨੂੰ ਭੁੱਲ ਜਾਣਾ ਚਾਹੀਦਾ ਹੈ ਅਤੇ ਦੁਨੀਆਂ ਭਰ ਦੇ ਲੋਕਾਂ ਦੀ ਇਕਮੁੱਠਤਾ ਲਈ ਕੰਮ ਕਰਨਾ ਚਾਹੀਦਾ ਹੈ।
39. ਹਰ ਆਦਿ ਧਰਮੀ ਨੂੰ ਆਪਣੇ ਆਦਿ ਧਰਮੀ ਸਾਥੀ ਦੀ ਲੋੜ ਸਮੇਂ ਮਦਦ ਕਰਨੀ ਚਾਹੀਦੀ ਹੈ।
40. ਇਕ ਆਦਿ ਧਰਮੀ ਉਸ ਜਗ੍ਹਾ ਕੰਮ ਨਹੀਂ ਕਰ ਸਕਦਾ ਜਿਥੇ ਦੂਜਾ ਆਦਿ ਧਰਮੀ ਕੰਮ ਕਰਦਾ ਹੋਵੇ, ਜਦੋਂ ਤਕ ਪਹਿਲੇ ਆਦਿ ਧਰਮੀ ਨੂੰ ਉਸ ਦਾ ਮਿਹਨਤਾਨਾ ਨਹੀਂ ਦੇ ਦਿਤਾ ਜਾਂਦਾ।
41. ਜੇ ਆਦਿ ਧਰਮੀਆਂ ਵਿਚਾਲੇ ਝਗੜਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਆਪ ਜਾਂ ਬਰਾਦਰੀ ਵਿਚ ਹੀ ਨਿਬੇੜ ਲੈਣਾ ਚਾਹੀਦਾ ਹੈ। ਜੇ ਕੋਈ ਗੱਲ ਸਿਰੇ ਨਾ ਚੜ੍ਹੇ ਤਾਂ ਉਨ੍ਹਾਂ ਨੂੰ ਆਦਿ ਧਰਮ ਮੰਡਲ, ਜਲੰਧਰ ਕੋਲ ਪਹੁੰਚ ਕਰਨੀ ਚਾਹੀਦੀ ਹੈ ਅਤੇ ਕਾਰਜਕਾਰੀ ਕਮੇਟੀ ਕਾਰਵਾਈ ਕਰੇਗੀ।
42. ਆਦਿ ਧਰਮੀਆਂ ਨੂੰ ਹਰੇਕ ਪਿੰਡ ਵਿਚ ਦੁਕਾਨਾਂ ਅਤੇ ਕਾਰੋਬਾਰ ਖੋਲ੍ਹਣੇ ਚਾਹੀਦੇ ਹਨ।
43. ਹਰੇਕ ਆਦਿ ਧਰਮੀ ਨੂੰ ਨਿਰਸੁਆਰਥ ਪ੍ਰਚਾਰਕ ਵਾਂਗ ਕੰਮ ਕਰਨਾ ਚਾਹੀਦਾ ਹੈ।
44. ਹਰ ਆਦਿ ਧਰਮੀ ਆਪਣੇ ਆਪ ਨੂੰ ਆਦਿ ਧਰਮੀ ਕਹੇ-ਕਹਾਵੇ ਅਤੇ ਮਰਦਮਸ਼ੁਮਾਰੀ ਵਿਚ ਆਪਣਾ ਨਾਮ ਆਦਿ ਧਰਮੀ ਵਜੋਂ ਦਰਜ ਕਰਵਾਏ।
45. ਸਿਰ 'ਤੇ ਲਾਲ ਪਗੜੀ ਹੋਣੀ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਪੂਰਵਜਾਂ ਦੀ ਨਿਸ਼ਾਨੀ ਹੈ।
46. ਹਰੇਕ ਆਦਿ ਧਰਮੀ ਨੂੰ ਕੌਮ ਦੀ ਤਰੱਕੀ ਅਤੇ ਅਮਨ ਵਾਸਤੇ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।
47. ਆਦਿਧਰਮੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਜਥੇ (ਕੇਡਰ) ਬਣਾਉਣ ਅਤੇ ਉਨ੍ਹਾਂ ਨੂੰ ਸ਼ਹੀਦੀ-ਜੱਥੇ ਆਖਿਆ ਜਾਵੇ।
48. ਹਰੇਕ ਆਦਿ ਧਰਮੀ ਹਿੰਦੂਆਂ, ਸਿੱਖਾਂ ਅਤੇ ਦੂਜੇ ਧਰਮਾਂ ਦੇ ਮੈਂਬਰਾਂ ਤੋਂ ਆਪਣੇ ਆਪ ਨੂੰ ਵੱਖ ਰੱਖੇ।
49. ਹਰੇਕ ਆਦਿ ਧਰਮੀ ਇਕ ਚੰਗਾ ਨਾਗਰਿਕ ਹੋਣਾ ਚਾਹੀਦਾ ਹੈ, ਮੌਜੂਦਾ ਸਰਕਾਰ, ਵਫ਼ਾਦਾਰ ਦੇਸ਼-ਭਗਤ ਅਤੇ ਉਸ ਨੂੰ ਦੇਸ਼ ਦੇ ਕਾਨੂੰਨਾਂ ਨੂੰ ਮੰਨਣਾ ਚਾਹੀਦਾ ਹੈ।
50. ਆਦਿਧਰਮੀਆਂ ਨੂੰ ਆਦਿ ਧਰਮ ਮੰਡਲ ਪੰਜਾਬ, ਜਲੰਧਰ ਸ਼ਹਿਰ ਨੂੰ ਆਪਣੇ ਸਹੀ ਨੁਮਾਇੰਦੇ ਵਜੋਂ ਮੰਨਣਾ ਚਾਹੀਦਾ ਹੈ ਕਿ ਆਦਿ ਧਰਮ ਦੇ ਪ੍ਰੋਗਰਾਮ ਉਨ੍ਹਾਂ ਦੇ ਫ਼ਾਇਦੇ ਲਈ ਹਨ।
51. ਇਹ ਹਰੇਕ ਆਦਿ ਧਰਮੀ ਦਾ ਫ਼ਰਜ਼ ਹੈ ਕਿ ਉਹ ਆਦਿ ਧਰਮ ਮੰਡਲ, ਜਲੰਧਰ ਉਤੇ ਭਰੋਸਾ ਰੱਖੇ ਅਤੇ ਆਪਣੇ ਕੰਮਕਾਜ ਸੰਬੰਧੀ ਵਿਚਾਰ-ਵਟਾਂਦਰਾ ਕਰੇ।
52. ਆਦਿ ਧਰਮ ਦੀਆਂ ਸਾਰੀਆਂ ਸਥਾਨਕ ਬ੍ਰਾਂਚਾਂ ਆਦਿ ਧਰਮ ਮੰਡਲ, ਜਲੰਧਰ ਵਲੋਂ ਤਸਦੀਕ ਕੀਤੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਜੋ ਤਸਦੀਕ ਕੀਤੀਆਂ ਹੋਈਆਂ ਨਹੀਂ ਹਨ ਉਨ੍ਹਾਂ ਨੂੰ ਜਾਇਜ਼ ਨਹੀਂ ਮੰਨਿਆ ਜਾਣਾ ਚਾਹੀਦਾ।
53. ਸਾਰੇ ਆਦਿਧਰਮੀਆਂ ਨੂੰ ਦੂਜੀਆਂ ਕੌਮਾਂ ਵਲੋਂ ਸਾਥੀ ਆਦਿ ਧਰਮੀਆਂ ਨਾਲ ਕੀਤੇ ਜਾਂਦੇ ਧੋਖੇ ਅਤੇ ਸੁਆਰਥ ਤੋਂ ਬਚਾਉਣਾ ਚਾਹੀਦਾ ਹੈ। ਜੇ ਅਜਿਹੇ ਹਾਲਾਤ ਬਣਦੇ ਹਨ ਤਾਂ ਮੰਡਲ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ।
54. ਹਰੇਕ ਆਦਿ ਧਰਮੀ ਨੂੰ ਕੌਮ ਦੀ ਕਿਸੇ ਵੀ ਤਕਲੀਫ਼-ਪਰੇਸ਼ਾਨੀ ਬਾਰੇ ਜਲੰਧਰ ਵਿਚ ਮੰਡਲ ਨੂੰ ਰਿਪੋਰਟ ਕਰਨੀ ਚਾਹੀਦੀ ਹੈ।
55. ਆਦਿ ਧਰਮੀਆਂ ਨੂੰ ਕੌਮ ਦੇ ਅਖ਼ਬਾਰ ਆਦੀ ਡੰਕੰਕਾ ਲਈ ਚੰਦਾ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਲਗਾਤਾਰ ਲੈਣਾ, ਪੜ੍ਹਨਾ ਚਾਹੀਦਾ ਹੈ ਤੇ ਇਸ ਦੀ ਲਗਾਤਾਰ ਮਦਦ ਕਰਨੀ ਚਾਹੀਦੀ ਹੈ।
56. ਕੋਈ ਜਣਾ ਜੋ ਆਦਿ ਧਰਮ ਦੇ ਨਿਯਮਾਂ ਦੀ ਜਾਂ ਗੁਰੂ ਦੀ ਉਲੰਘਣਾ ਕਰਦਾ ਹੈ ਜਾਂ ਜੋ ਇਕ ਜਾਂ ਦੂਜੇ ਤਰੀਕੇ ਨਾਲ ਇਨ੍ਹਾਂ ਨਿਯਮਾਂ ਦਾ ਅਪਮਾਨ ਕਰਦਾ ਹੈ, ਉਸ ਨੂੰ ਸਜ਼ਾ ਦਿਤੀ ਜਾਵੇਗੀ, ਸਭ ਤੋਂ ਵੱਡੀ ਸਜ਼ਾ - ਕੌਮ ਵਿਚੋਂ ਉਸ ਦਾ ਹੁੱਕਾ-ਪਾਣੀ ਬੰਦ ਹੋਵੇਗਾ।

ਆਦਿਧਰਮ ਦੇ ਪ੍ਰਚਾਰਕਾਂ ਅਤੇ ਕਾਰਕੁਨਾਂ ਦੀਆਂ ਸਰਗਰਮੀਆਂ ਆਦਿ ਧਰਮ ਦਾ ਪ੍ਰਚਾਰ ਦੇਸ਼ ਭਰ ਵਿਚ ਹੋਣ ਲੱਗਾ। ਪੰਜਾਬ ਤੋਂ ਛੁੱਟ ਇਹ ਪ੍ਰਚਾਰ ਕਲਕੱਤਾ, ਬਨਾਰਸ, ਹਰਿਦੁਆਰ, ਦੇਹਰਾਦੂਨ, ਮਦਰਾਸ ਅਤੇ ਹੋਰਨੀਂ ਥਾਈਂ ਵੀ ਜਾ ਪੁੱਜਾ। ਇਥੋਂ ਤਕ ਕਿ ਬਾਹਰਲੇ ਦੇਸ਼ਾਂ ਵਿਚ ਵੀ।

ਆਦਿ ਧਰਮ ਦੀਆਂ ਮੰਗਾਂ ਬਾਰੇ ਗੱਲ ਕਰਨ ਵਾਲੇ ਡੈਪੂਟੇਸ਼ਨ ਇਕ ਸੌ ਪੰਜਾਹ ਆਦਿ ਧਰਮੀਆਂ ਦਾ ਇਕ ਵਫ਼ਦ ਫ਼ਰਵਰੀ 1928 ਵਿਚ ਸਰ ਜੋਹਨ ਸਾਈਮਨ ਨੂੰ ਮਿਲਣ ਲਾਹੌਰ ਗਿਆ। ਇਸ ਵਫ਼ਦ ਨੇ ਆਦਿ ਧਰਮੀਆਂ ਦੀਆਂ ਮੰਗਾਂ ਸਾਈਮਨ ਕਮਿਸ਼ਨ ਅੱਗੇ ਰੱਖੀਆਂ। ਪੰਜ ਹਜ਼ਾਰ ਆਦਿਧਰਮੀਆਂ ਦਾ ਇਕ ਵਫਦ ਸਾਈਮਨ ਕਮਿਸ਼ਨ ਨੂੰ ਮਿਲਣ ਲਈ ਨਵੰਬਰ 1928 ਵਿਚ ਲਾਹੌਰ ਗਿਆ। ਇਸ ਵਫਦ ਵਿਚ ਸਾਰੇ ਪੰਜਾਬ ਤੋਂ ਆਦਿ ਧਰਮੀ ਸ਼ਾਮਿਲ ਹੋਏ। ਉਨ੍ਹਾਂ ਨੇ ਸਾਰੇ ਭਾਰਤ ਵਿਚਲੇ ਅਛੂਤਾਂ ਦੀਆਂ ਮੰਗਾਂ ਕਮਿਸ਼ਨ ਕੋਲ ਰੱਖੀਆਂ ਜੋ ਲਿਖਤੀ ਅਤੇ ਭਾਸ਼ਨਾਂ ਦੇ ਰੂਪ ਵਿਚ ਸਨ।

12 ਅਕਤੂਬਰ 1931 ਨੂੰ ਪੰਜ ਸੌ ਆਦਿ ਧਰਮੀਆਂ ਦਾ ਇਕ ਵਫ਼ਦ ਲਿਖਤੀ ਮੰਗਾਂ ਲੈ ਕੇ ਪੰਜਾਬ ਦੇ ਗਵਰਨਰ ਨੂੰ ਮਿਲਣ ਜਲੰਧਰ ਗਿਆ। ਗਵਰਨਰ ਨੇ ਅਛੂਤਾਂ ਦੇ ਮਸਲਿਆਂ ਅਤੇ ਮੰਗਾਂ ਬਾਰੇ ਇਕ ਘੰਟੇ ਤੋਂ ਵੱਧ ਵਿਚਾਰ-ਵਟਾਂਦਰਾ ਕੀਤਾ। ਗਵਰਨਰ ਨੇ ਆਪਣੇ ਵਲੋਂ ਕਈ ਭਰੋਸੇ ਦਿਵਾਏ।

ਆਦਿ ਧਰਮ ਮੰਡਲ ਜਲੰਧਰ ਵਲੋਂ ਵੀ ਵਫ਼ਦਾਂ ਨੇ ਸਰ ਜੋਹਨ ਸਾਈਮਨ ਨਾਲ ਦਿੱਲੀ, ਲਖਨਊ, ਕਲਕੱਤੇ ਅਤੇ ਹੋਰਨਾਂ ਸ਼ਹਿਰਾਂ-ਵਿਚ ਮੁਲਾਕਾਤ ਕੀਤੀ। ਪਕ੍ਰਾਸ਼ਨ ਸਰ ਜੋਹਨ ਸਾਈਮਨ ਨੂੰ ਲਿਖਤੀ ਰੂਪ ਵਿਚ ਦਿਤਾ ਗਿਆ ਪਰਚਾ ਸਾਰੇ ਭਾਰਤ ਵਿਚ ਵੰਡਿਆ ਗਿਆ।

ਪਹਿਲੀ ਪ੍ਰਕਾਸ਼ਨਾ ਅੰਗਰੇਜ਼ੀ 1000 ਕਾਪੀਆਂ ਉਰਦੂ 1000 ਕਾਪੀਆਂ ਗੁਰਮੁਖੀ 1000 ਕਾਪੀਆਂ ਦੂਜੀ ਪ੍ਰਕਾਸ਼ਨਾ ਅੰਗਰੇਜ਼ੀ 2000, ਕਾਪੀਆਂ ਉਰਦੂ 4000 ਕਾਪੀਆਂ ਗੁਰਮੁਖੀ 7000 ਕਾਪੀਆਂ ਦੇਹਰਾਦੂਨ ਦੀ ਪ੍ਰਕਾਸ਼ਨ ਅੰਗਰੇਜ਼ੀ - 1000 ਕਾਪੀਆਂ ਕਲਕੱਤਾ ਅੰਗਰੇਜ਼ੀ - 5000 ਬੰਗਾਲੀ- 10,000 ਕਾਪੀਆਂ। ਪੰਜਾਬ ਗਵਰਨਰ ਲਈ 2000 ਕਾਪੀਆਂ ਅੰਗਰੇਜ਼ੀ ਵਿਚ ਵੀ ਛਾਪੀਆਂ ਗਈਆਂ ਜਿਹੜੀਆਂ ਵਿਦੇਸ਼ਾਂ ਨੂੰ ਵੀ ਭੇਜੀਆਂ ਗਈਆਂ। ਕੁਝ ਟਰੈਕਟ ਆਦਿ ਧਰਮੀਆਂ ਲਈ ਅਤੇ ਉਨ੍ਹਾਂ ਵਲੋਂ ਕੱਢੀਆਂ ਗਈਆਂ 10 ਪ੍ਰਕਾਸ਼ਨਾਵਾਂ। 1. ਉਰਦੂ - ਅਛੂਤੋਂ ਕੀ ਪੁਕਾਰ, 4000 ਕਾਪੀਆਂ, ਲੇਖਕ ਸ਼ੂਦਰਾਨੰਦ।
2. ਉਰਦੂ - ਆਦਿ ਪੈਗਾਮ, 4000 ਕਾਪੀਆਂ,
ਲੇਖਕ ਸੰਤ ਰਾਮ ਬੋਹਣ।
3. ਗੁਰੁਰਮੁਖੁਖੀ - ਆਦਿ ਦੁਖੜੇ, 2000 ਕਾਪੀਆਂ,
ਲੇਖਕ ਬਾਬੂ ਮੰਗੂ ਰਾਮ ਮੁੱਗੋਵਾਲ।
4. ਗੁਰਮੁਖੀ - ਆਦਿ ਦੁਖੜੇ, 4000 ਕਾਪੀਆਂ,
ਲੇਖਕ ਬਾਬੂ ਮੰਗੂ ਰਾਮ ਮੁੱਗੋਵਾਲ।
5. ਗੁਰਮੁਖੀ - ਸੱਚਾ ਪਟਾਕਾ, 1000 ਕਾਪੀਆਂ,
ਲੇਖਕ ਈਸ਼ਵਰ ਦਾਸ।
6. ਗੁਰਮੁਖੀ - ਕੌਮੀ ਦੁਖੜੇ, 2000 ਕਾਪੀਆਂ,
7. ਗੁਰਮੁਖੀ - ਵਿਆਹ ਸੁਧਾਰ, 2000 ਕਾਪੀਆਂ,
ਲੇਖਕ ਬਾਬੂ ਮੰਗੂ ਰਾਮ ਮੁੱਗੋਵਾਲ।
8. ਗੁਰਮੁਖੀ - ਆਜ਼ਾਦੀ ਦੀ ਡੌਂਡੀ, 4000 ਕਾਪੀਆਂ,
ਮਾਸਟਰ ਲਾਲ ਚੰਦ, ਪ੍ਰਧਾਨ, ਬਾਲਮੀਕ ਆਦਿ ਧਰਮ ਮਹਾਂਸਭਾ।
9. ਗੁਰਮੁਖੀ - ਭਰਮ ਤੋੜ 2000 ਕਾਪੀਆਂ, ਮਾਸਟਰ ਲਾਲ ਚੰਦ
10. ਹਿੰਦੀ - ਕੌਮੀ ਅੱਲ੍ਹਾਂ 1000 ਕਾਪੀਆਂ, ਸ਼ੂਦਰਾਨੰਦ
ਗੁਰਮੁਖੀ ਅਤੇ ਉਰਦੂ ਵਿਚ ਹੋਰ ਪੰਜਾਹ ਹਜ਼ਾਰ ਕਾਪੀਆਂ ਜਿਨ੍ਹਾਂ ਵਿਚ ਆਦਿ ਧਰਮੀਆਂ ਦੀਆਂ ਮੰਗਾਂ ਦਰਜ ਸਨ।

### ਆਦਿ ਧਰਮ ਦੀਆਂ ਹੋਰ ਸ਼ਾਖਾਵਾਂ

ਮੁੱਖ ਦਫ਼ਤਰ ਜਲੰਧਰ ਦੀਆਂ ਸਥਾਨਕ ਜਥੇਬੰਦੀਆਂ -
1. ਬਾਲਮੀਕ ਆਦਿ ਧਰਮ ਮਹਾਂ ਸਭਾ ਅਕਲੀਆਂ ਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ (ਸਥਾਪਨਾ 1927 ਈ.) ਪ੍ਰਧਾਨ ਮਾਸਟਰ ਲਾਲ ਚੰਦ, ਗਿਆਨ ਸਿੰਘ, ਨਿਦਾਨ ਚੰਦ, ਬੂੜਾ ਰਾਮ ਅਤੇ ਈਸ਼ਰ ਸਿੰਘ।
2. ਚੂੜ੍ਹਪੁਰ ਆਦਿ ਧਰਮ ਸਭਾ ਜ਼ਿਲ੍ਹੇ ਦੇਹਰਾਦੂਨ
(ਸਥਾਪਨਾ 1927 ਈ. ਦੇ
ਆਖਰ 'ਚ) ਪ੍ਰਧਾਨ ਬਾਬੂ ਨਾਨਕ ਚੰਦ ਚੁਣੇ ਗਏ ਪਰ ਫ਼ੰਡਾਂ ਦੀ ਹੇਰਾ-ਫੇਰੀ ਅਤੇ ਦੁਰਵਰਤੋਂ ਕਾਰਨ ਹਟਾ ਦਿਤੇ ਗਏ। ਉਨ੍ਹਾਂ ਦੀ ਥਾਂ ਸੰਭਾਲੀ ਚੌਧਰੀ ਮੰਤਾ ਰਾਮ, ਚੌਧਰੀ ਜੀਵਨ ਲਾਲ ਅਤੇ ਬਾਬੂ ਸੰਤ ਰਾਮ ਜਮਾਂਦਾਰ, ਸੰਤ ਰਾਮ ਦਰਜ਼ੀ ਅਤੇ ਗੋਰੀਆ ਮੱਲ। ਇਹ ਸਾਰੇ ਸੈਂਟਰ ਦੇ ਸੇਵਾਦਾਰ ਵਜੋਂ ਕੰਮ ਕਰ ਰਹੇ ਹਨ।

# ਆਦਿ ਧਰਮ ਮੰਡਲ ਰਿਪੋਰਟ : 1926-1931

3. ਆਦਿ ਧਰਮ ਸਭਾ ਪੁਲ ਨੰ. 4 ਕਲਕੱਤਾ (ਸਥਾਪਨਾ 1928 ਈ.) ਬਾਬੂ ਜਗਜੀਵਨ ਲਾਲ, ਚੌਧਰੀ ਮਿੱਤਰ ਰਾਮ, ਚੌਧਰੀ ਗਾਹੀਆ ਰਾਮ, ਚੌਧਰੀ ਬੱਗੂ ਮੱਲ ਮਸ਼ੀਨ ਵਾਲਾ, ਚੌਧਰੀ ਛੱਜੂ ਰਾਮ ਮਸ਼ੀਨ ਵਾਲਾ, ਪੰਮੀ ਰਾਮ, ਉਤਮ ਚੰਦ, ਚੌਧਰੀ ਮਾਲੀ ਰਾਮ ਪੰਜਾਬੀ, ਰਲੀਆ ਮੱਲ, ਸੇਠ ਕਿਸ਼ਨ ਦਾਸ, ਸੇਠ ਤੰਦਾ ਮੱਲ, ਵਤਨ ਚੰਦ, ਈਸ਼ਾ ਰਾਮ, ਢੇਰੂ ਰਾਮ, ਮਹਾਤਮਾ ਬਿਸ਼ਨਦਾਸ, ਲੱਛੂ ਰਾਮ ਜੀ।

4. ਆਦਿ ਧਰਮ ਸੈਂਟਰ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਸਥਾਪਨਾ 1928 ਈ., ਸੰਚਾਲਕ ਭਗਤ ਗੁਲਾਬਾ ਮੱਲ, ਘਿਨਾ ਮੱਲ, ਲੱਛੂ ਮੱਲ, ਖੁਸ਼ੀਆ ਰਾਮ, ਗੁਰਚਰਨ ਦਾਸ, ਰਹਿਨਾ ਮੱਲ, ਗਰੀਬ ਦਾਸ, ਫੁੰਮਣ ਰਾਮ, ਭੱਲਾ ਰਾਮ, ਮਹੰਤ ਭਗਵਾਨ ਦਾਸ ਅਤੇ ਸੁਖ ਰਾਮ।

5. ਆਦਿ ਧਰਮ ਸਭਾ ਚੰਬਾ, ਬਾਬੂ ਰੜਕੂ ਮੱਲ ਠੇਕੇਦਾਰ, ਚੌਧਰੀ ਨਰਾਇਣ ਦਾਸ, ਸ਼ੰਕਰ ਦਾਸ, ਬਦੂ ਸਿੰਘ, ਪਾਰਸ ਮੱਲ, ਸੰਗੂ ਮੱਲ, ਸ਼੍ਰੀਕਾਂਤ, ਸ਼ੰਭੂ ਮੱਲ, ਸਰਦਾਰ ਖੜਕ ਸਿੰਘ, ਸਰਦਾਰ ਗੋਪਾਲ ਸਿੰਘ ਅਤੇ ਸ਼੍ਰੀਮਾਨ ਮਾਹੂ ਮੱਲ।

6. ਆਦਿ ਧਰਮ ਸਭਾ ਸਮੁੰਦਰੀ ਜ਼ਿਲ੍ਹਾ ਲਾਇਲਪੁਰ, ਸਥਾਪਨਾ 14 ਫ਼ਰਵਰੀ 1931 ਈ. ਭੱਲਾ ਰਾਮ ਪ੍ਰਧਾਨ, ਕੇਹਰ ਸਿੰਘ ਸਕੱਤਰ, ਰੱਤਾ ਰਾਮ, ਮੀਤ ਪ੍ਰਧਾਨ।

7. ਆਦਿ ਧਰਮ ਸਭਾ, ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਸਥਾਪਨਾ 13 ਅਪ੍ਰੈਲ 1931 ਈ.। ਕਾਰਕੁਨ -ਬਾਬੂ ਢੇਰੂ ਮੱਲ, ਰੱਲਾ ਰਾਮ, ਅੱਲਾ ਰਾਮ, ਨਾਨਕ ਚੰਦ, ਸਾਧੂ ਰਾਮ ਨਾਮਲ ਅਤੇ ਨਾਮਾ ਰਾਮ।

8. ਆਦਿ ਧਰਮ ਸਭਾ, ਬਾਘਾ, ਤਹਿਸੀਲ ਮੋਗਾ, ਜ਼ਿਲ੍ਹਾ ਫ਼ਿਰੋਜ਼ਪੁਰ, ਸਥਾਪਨਾ 26 ਮਾਰਚ 1931 ਈ. ਸਰਗਰਮ ਮੈਂਬਰ - ਮਨੀ ਰਾਮ, ਮੁਨੀ ਰਾਮ, ਬੰਤਾ ਰਾਮ, ਮਾਤਾ ਰਾਮ ਅਤੇ ਦਰਬਾਰਾ ਰਾਮ।

9. ਆਦਿ ਧਰਮ ਸਭਾ, ਮੈਕਲੋਡਗੰਜ ਰੋਡ, ਰਿਆਸਤ ਬਹਾਵਲਪੁਰ, ਸਥਾਪਨਾ 14 ਅਪ੍ਰੈਲ 1931 ਈ. ਸਰਗਰਮ ਆਗੂ ਬਾਬੂ ਗੋਰਕ ਚੰਦ, ਨਦਕਾਦ ਚੰਦ, ਛੋਟੂ ਰਾਮ, ਰਾਮਜੀ ਲਾਲ, ਬੂੜਾ ਰਾਮ, ਚਮਨਰਾਮ ਅਤੇ ਸੁੰਦਰ ਰਾਮ।

10. ਆਦਿ ਧਰਮ ਸਭਾ, ਮਿੰਟਗੁਮਰੀ ਸ਼ਹਿਰ ਸਥਾਪਨਾ, 15 ਅਪ੍ਰੈਲ 1931 ਈ. ਪ੍ਰਧਾਨ ਚੱਕ 76 ਦੇ ਬਾਬੂਲ ਰਾਮ, ਸਕੱਤਰ ਮੁਲਤਾ ਰਾਮ।

11. ਆਦਿ ਧਰਮ ਸਭਾ ਪਟਖੇੜਾ ਤਹਿਸੀਲ ਫ਼ਾਜ਼ਿਲਕਾ ਜ਼ਿਲ੍ਹਾ ਫ਼ਿਰੋਜ਼ਪੁਰ (ਸਥਾਪਨਾ 1929 ਈ.) ਬਾਬੂ ਹਰਦਿੱਤਾ ਰਾਮ, ਭਗਤ ਸਿੰਘ ਜੀ।

12. ਆਦਿ ਧਰਮ ਸਭਾ, ਰਾਏਕੋਟ, ਜ਼ਿਲ੍ਹਾ ਲੁਧਿਆਣਾ (ਸਥਾਪਨਾ 25 ਅਪ੍ਰੈਲ 1931 ਈ.) ਉੱਘੇ ਆਗੂ ਹਰਨਾਮ ਰਾਮ, ਬਾਬੂ ਰਾਮ, ਮੰਡਾ ਰਾਮ, ਮੋਹਨ ਰਾਮ, ਮੁਨਸ਼ੀ ਰਾਮ, ਬਚਨ ਸਿੰਘ, ਮੰਗੂ ਰਾਮ, ਰੱਖਾ ਰਾਮ, ਨਗਾਹੀਆ ਰਾਮ।

13. ਆਦਿ ਧਰਮ ਸਭਾ, ਬਨਾਰਸ ਸ਼ਹਿਰ, ਸਥਾਪਨਾ 19 ਅਪ੍ਰੈਲ 1931 ਈ.।ਸਰਗਰਮ ਆਗੂ ਚੌਧਰੀ ਟੇਕ, ਬਾਬੂ ਰਾਮ, ਚਤਲੂ ਰਾਮ, ਬਾਬੂ ਲਾਲ, ਸੁੰਦਰ ਦਾਸ, ਠੇਕੇਦਾਰ, ਬੁੱਢਣ ਰਾਮ, ਚੌਧਰੀ ਰਾਮ, ਬਚਨ ਰਾਮ, ਭਗਤ ਗਾਰੋ ਦਾਸ, ਹੇਮ ਲਾਲ, ਕਾਲੂ ਰਾਮ, ਚੌਧਰੀ ਰਾਮ ਬਰੋਜ ਐਮ.ਐਲ.ਸੀ., ਮੈਂਬਰ ਯੂ.ਪੀ. ਕੌਂਸਲ, ਭਗਤ ਸਾਧੂ ਰਾਮ, ਸਰਦਾਰ ਨਾਗਰ ਸਿੰਘ ਪੰਜਾਬੀ, ਮਹਾਤਮਾ ਲਕੁਲ ਖਾਨ, ਰਕਨੰਤ ਦਾਸ, ਇਹ ਸਾਰੇ ਚੁਣੇ ਅਤੇ ਨਿਯੁਕਤ ਹੋਏ।

ਆਦਿ ਧਰਮ ਤਰੱਕੀ ਦੀ ਰਾਹ 'ਤੇ ਜਲੰਧਰ ਸ਼ਹਿਰ ਵਿਚ ਆਦਿ ਧਰਮ ਮੰਡਲ ਦੀ ਸਥਾਪਨਾ ਤੋਂ ਲੈ ਕੇ ਕਾਫ਼ੀ ਤਰੱਕੀ ਹੋਈ ਹੈ। ਪੰਜਾਬ ਭਰ ਵਿਚ ਮੀਟਿੰਗਾਂ ਕਰ ਕੇ ਮਤੇ ਪਾਸ ਕੀਤੇ ਗਏ। ਹਾਜ਼ਰੀ ਹਜ਼ਾਰਾਂ ਵਿਚ ਸੀ। ਖ਼ਾਸ ਤੌਰ ਤੇ ਹੁਸ਼ਿਆਰਪੁਰ ਜ਼ਿਲ੍ਹੇ ਅਤੇ ਦਸੂਹਾ ਤਹਿਸੀਲ ਦੇ ਲੋਕਾਂ ਨੇ ਗੱਜ ਵੱਜ ਕੇ ਕਾਨਫਰੰਸਾਂ ਕੀਤੀਆਂ। ਜਿਨ੍ਹਾਂ ਦਾ ਸਾਰਾ ਖਰਚ ਤਹਿਸੀਲ ਦਸੂਹਾ ਦੇ ਲੋਕਾਂ ਨੇ ਝੱਲਿਆ।

ਪਿਛਲੇ ਪੰਜ ਸਾਲਾਂ ਵਿਚ ਘੱਟੋ-ਘੱਟ 1500 ਕਾਨਫਰੰਸਾਂ ਹੋਈਆਂ। ਨਤੀਜਾ ਇਹ ਹੋਇਆ ਕਿ ਆਦਿ ਧਰਮ ਦਾ ਹਰੇਕ ਨੂੰ ਪਤਾ ਲੱਗ ਗਿਆ। ਹੁਣ ਇਹ ਸੰਭਵ ਹੋ ਗਿਆ ਕਿ ਲੋਕ ਜਿਥੇ ਮਰਜ਼ੀ ਬਹਿ ਕੇ ਖਾਣ-ਪੀਣ ਅਤੇ ਸਮਾਜਿਕ ਇਕੱਠ ਕਰਨ। ਖ਼ਾਸ ਤੌਰ ਤੇ ਵਿਆਹਾਂ, ਸਫ਼ਾਈ, ਭੋਜਨ ਨੂੰ ਚੰਗੀ ਤਰ੍ਹਾਂ ਪਕਾਉਣ ਅਤੇ ਸਿੱਖਿਆ ਖੇਤਰ ਵਿਚ ਕਾਫ਼ੀ ਸਮਾਜਿਕ ਸੁਧਾਰ ਹੋਇਆ ਹੈ। ਘੱਟੋ-ਘੱਟ 50 ਹਜ਼ਾਰ ਆਦਿ ਧਰਮੀ ਬੱਚੇ ਵੱਖ-ਵੱਖ ਸਕੂਲਾਂ ਵਿਚ ਪੜ੍ਹ ਰਹੇ ਹਨ ਜਿਸ ਲਈ ਅਸੀਂ ਦਿਲੋਂ ਸਿੱਖਿਆ ਮੰਤਰੀ ਦਾ ਧੰਨਵਾਦ ਕਰਦੇ ਹਾਂ। ਸਾਡੀਆਂ ਵਾਰ-ਵਾਰ ਬੇਨਤੀਆਂ ਕਾਰਨ ਮੰਤਰੀ ਨੇ ਧਿਆਨ ਦੇ ਕੇ ਪ੍ਰਾਇਮਰੀ (ਚੌਥੀ ਜਮਾਤ) ਤਕ ਸਕੂਲ ਦੀ ਫੀਸ ਮੁਆਫ਼ ਕਰ ਦਿਤੀ। ਚੌਥੀ ਜਮਾਤ ਤੋਂ ਬਾਅਦ ਅੱਧੀ ਫੀਸ ਲੱਗੇਗੀ। ਹੋਰਨਾਂ ਘੱਟ ਗਿਣਤੀ ਲੋਕਾਂ ਦੇ ਮੁਕਾਬਲੇ ਵਜ਼ੀਫੇ ਦੇ 5 ਰੁਪਏ ਵੱਧ ਮਿਲਣਗੇ (ਅੱਠ ਰੁਪਏ ਮਹੀਨੇ ਦੀ ਥਾਂ 13 ਰੁਪਏ ਮਹੀਨੇ ਦੇ) ਇਸ ਤੋਂ ਛੁੱਟ ਆਦਿ ਧਰਮੀ ਅਧਿਆਪਕਾਂ ਦੀ ਤਨਖਾਹ 25 ਰੁਪਏ ਮਹੀਨਾ ਹੋਵੇਗੀ ਜਦ ਕਿ ਹੋਰਨਾਂ ਦੀ 20 ਰੁਪਏ ਮਹੀਨਾ ਹੈ। ਅਸੀਂ ਖ਼ਾਸ ਤੌਰ ਤੇ ਜਲੰਧਰ ਡਵੀਜ਼ਨ ਦੇ ਅਧਿਕਾਰੀਆਂ ਦੀ ਇਸ ਦਇਆ ਲਈ ਉਨ੍ਹਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਬਹੁਤ ਇੱਜ਼ਤ ਦਿਤੀ ਹੈ ਪਰ ਵਿਸ਼ੇਸ਼ ਤੌਰ ਤੇ ਅਸੀਂ ਨਾਰਮਲ ਸਕੂਲਾਂ ਦੇ ਸਾਬਕ ਇੰਸਪੈਕਟਰ ਅਤੇ ਸਾਬਕ ਮੁੱਖ ਅਧਿਆਪਕ ਚੌਧਰੀ ਸਦਰੂਦੀਨ ਖਾਨ ਦਾ ਧੰਨਵਾਦ ਕਰਦੇ ਹਾਂ ਕਿਉਂਕਿ ਉਨ੍ਹਾਂ ਇਕ ਸਾਲ ਵਿਚ 40 ਆਦਿ ਧਰਮੀ ਵਿਦਿਆਰਥੀਆਂ ਦੀ ਵਿਸ਼ੇਸ਼ ਜਮਾਤ ਨੂੰ ਪੜ੍ਹਾਇਆ ਜਿਹੜੇ ਕਿ ਹੁਣ ਅਧਿਆਪਕ ਹਨ। ਆਦਿ ਧਰਮੀ ਸਦਾ ਉਨ੍ਹਾਂ ਦੇ ਧੰਨਵਾਦੀ ਰਹਿਣਗੇ। ਇਥੋਂ ਤਕ ਕਿ ਛੋਟੇ-ਛੋਟੇ ਆਦਿ ਧਰਮੀ ਬੱਚੇ ਵੀ ਉਨ੍ਹਾਂ ਦੇ ਗੀਤ ਗਾਇਆ ਕਰਨਗੇ।

ਦੋਹਰਾ - ਜੇ ਮੇਰੇ ਤਨ ਦੇ ਵਾਲ ਜਿੰਨੀਆਂ ਹੋਣ ਜ਼ਬਾਨਾਂ ਮੇਰੀਆਂ ਫਿਰ ਵੀ ਮੇਰੇ ਕੋਲੋਂ ਕਰ ਨਾ ਹੋਵਣ ਸਿਫ਼ਤਾਂ ਤੇਰੀਆਂ। ਕੁਦਰਤ ਨੇ ਆਦਿ ਧਰਮ ਦੀ ਮਦਦ ਕੀਤੀ ਹੈ ਕਿਉਂਕਿ ਜਦੋਂ ਸਾਡੇ ਸਮਾਜ ਵਿਚ ਦੁਰਗਤੀ ਸਿਰੇ ਦੀ ਸੀ ਤਾਂ ਰੱਬ ਨੇ ਮਾਊਂਟਮੋਰ ਵਰਗੇ ਰਹਿਮ ਦਿਲ ਚਹੇਤੇ ਵਿਅਕਤੀ ਨੂੰ ਪੰਜਾਬ ਦੇ ਗਵਰਨਰ ਵਜੋਂ ਇਥੇ ਭੇਜਿਆ। ਅੱਜ ਸਾਨੂੰ ਜੋ ਵੀ ਅਧਿਕਾਰ ਮਿਲੇ ਹਨ ਤੇ ਜੋ ਵੀ ਸਾਡੀਆਂ ਆਸਾਂ ਹਨ ਉਹ ਪੰਜਾਬ ਦੇ ਇਸ ਗਵਰਨਰ ਦੇ ਰੂਪ ਵਿਚ ਰੱਬ ਵਲੋਂ ਭੇਜੇ ਗਏ ਦਇਆ ਦੇ ਫਰਿਸ਼ਤੇ ਕਾਰਨ ਹਨ। ਅਸੀਂ ਸੱਚੇ ਦਿਲੋਂ ਉਨ੍ਹਾਂ ਦੀ ਲੰਬੀ ਉਮਰ ਲਈ ਦੁਆ ਕਰਦੇ ਹਾਂ। ਛੂਤਛਾਤ, ਜਾਤਪਾਤ ਅਤੇ ਖਾਣ-ਪੀਣ ਵਿਚ ਵਿਤਕਰੇ ਦੇ ਭਰਮ ਭੁਲੇਖੇ ਬ੍ਰਾਹਮਣਾਂ ਦੇ ਰੱਬ ਨੇ ਪੈਦਾ ਕੀਤੇ ਹੋਏ ਹਨ। ਅਸੀਂ ਇਹ ਤੋਹਫ਼ਾ ਉਨ੍ਹਾਂ ਨੂੰ ਮੋੜਦੇ ਹਾਂ, 'ਅਸੀਂ ਆਜ਼ਾਦ ਅਤੇ ਇਕਮੁੱਠ ਹੋਣ ਲਈ ਤਿਆਰ ਹਾਂ।'

ਆਸ ਹੈ ਕਿ ਖਾਣ-ਪੀਣ ਬਾਰੇ ਭਰਮ ਭੁਲੇਖੇ ਦੂਰ ਹੋ ਜਾਣਗੇ ਅਤੇ ਛੂਤ-ਛਾਤ ਦਾ ਭੂਤ ਨਹਿਰੂ ਰਿਪੋਰਟ ਦੇ ਨਾਲ ਹੀ ਦਰਿਆ ਰਾਵੀ ਵਿਚ ਡੁੱਬ ਮਰੇਗਾ। ਸਾਰੇ ਅਛੂਤ ਇਕ ਦੂਜੇ ਵੱਲ ਭਰਾਤਰੀ ਭਾਵ ਨਾਲ ਵੇਖਣਗੇ ਅਤੇ ਇਕ ਦੂਜੇ ਦੇ ਦੁੱਖ ਸੁੱਖ ਵਿਚ ਭਾਈਵਾਲ ਬਣਨਗੇ। ਚਾਹੇ ਉਹ ਬਾਲਮੀਕੀ ਹੋਣ, ਰਵਿਦਾਸੀਏ, ਕਬੀਰ ਪੰਥੀ ਜਾਂ ਹੋਰ।

## ਹਮਦਰਦੀ ਦਾ ਸਬੂਤ

ਕੁਝ ਲੋਕਾਂ ਨੇ ਅਛੂਤਾਂ ਦੀ ਹਜ਼ਾਰਾਂ ਸਾਲਾਂ ਤਕ ਆਰਥਿਕ ਅਤੇ ਸਮਾਜੀ ਤੌਰ ਤੇ ਲੁੱਟ-ਖਸੁੱਟ ਕੀਤੀ ਹੈ ਅਤੇ ਉਨ੍ਹਾਂ ਨੂੰ ਸਮਾਜ ਵਿਚ ਉਨ੍ਹਾਂ ਦੀ ਬਣਦੀ ਥਾਂ ਨਹੀਂ ਲੈਣ ਦਿਤੀ। ਜਦੋਂ ਸਾਡੀ ਕੌਮ ਨੂੰ ਇਸ ਦਾ ਪਤਾ ਲੱਗਾ ਤਾਂ ਅਸੀਂ ਆਪਣੇ ਲੋਕਾਂ ਨੂੰ ਇਸ ਦਾਇਰੇ ਵਿਚੋਂ ਕੱਢਣ ਦਾ ਯਤਨ ਕੀਤਾ। ਇਸ 'ਤੇ ਹੋਰਨਾਂ ਲੋਕਾਂ ਨੇ ਸਾਡੇ ਰਾਹਾਂ ਵਿਚ ਰੋੜੇ ਅਟਕਾਉਣੇ ਸ਼ੁਰੂ ਕਰ ਦਿਤੇ। ਉਨ੍ਹਾਂ ਨੇ ਚਲਦੀ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਹਰ ਕਿਸਮ ਦੇ ਹੋਰ ਹੱਥ-ਕੰਡੇ ਵਰਤੇ। ਉਹ ਕਥਿਤ ਅਛੂਤ ਸੁਧਾਰ ਲਹਿਰਾਂ ਦੇ ਨਾਂ ਹੇਠ ਪੈਸਾ ਅਤੇ ਚੰਦੇ, ਇਕੱਠੇ ਕਰਦੇ ਹਨ ਪਰ ਸਾਡੇ ਸੁਧਾਰ ਲਈ ਕੁਝ ਵੀ ਕਰਨ ਦੀ ਥਾਂ ਧਨ ਹਜ਼ਮ ਕਰਕੇ ਆਪਣੇ ਢਿੱਡ ਭਰ ਲਏ। ਇਸ ਮਿਸਾਲ ਵਜੋਂ ਮਰਦਮਸ਼ੁਮਾਰੀ ਵੇਲੇ ਜੇ ਕੋਈ ਆਪਣੇ ਆਪ ਨੂੰ ਆਦਿਧਰਮੀ ਲਿਖਾਉਂਦਾ ਸੀ ਤਾਂ ਉਹ ਸਾਡਾ ਪਿੱਛਾ ਨਹੀਂ ਛੱਡਦੇ ਸਨ। ਇਹ ਲੋਕ ਆਖਦੇ ਹਨ ਕਿ ਅਸੀਂ ਉਨ੍ਹਾਂ ਦੇ ਭਰਾ ਹਾਂ ਪਰ ਸਲੂਕ ਬਿੱਲੀਆਂ ਅਤੇ ਕੁੱਤਿਆਂ ਵਾਲਾ ਕਰਦੇ ਹਨ। ਵਿਸ਼ੇਸ਼ ਕਰਕੇ ਅਕਾਲੀ ਸਿੱਖਾਂ ਨੇ ਮਰਦਮਸ਼ੁਮਾਰੀ ਵੇਲੇ ਸਾਡੇ ਇਹ ਕਹਿਣ 'ਤੇ ਕਿ ਅਸੀਂ ਆਦਿ ਧਰਮੀ ਹਾਂ, ਸਾਡੇ ਲਈ ਮੁਸੀਬਤਾਂ ਖੜ੍ਹੀਆਂ ਕਰ ਦਿਤੀਆਂ। ਉਹ ਸਾਡੇ ਦਰਾਂ ਅੱਗੇ ਕੰਡਿਆਲੇ ਛਾਪੇ ਰੱਖ ਕੇ ਸਾਨੂੰ ਘਰਾਂ ਵਿਚ ਕੈਦ ਕਰ ਦਿੰਦੇ, ਉਹ ਸਾਨੂੰ ਖੂਹਾਂ ਤੋਂ ਪਾਣੀ ਭਰਨ ਦੀ ਇਜਾਜ਼ਤ ਨਹੀਂ ਸਨ ਦਿੰਦੇ। ਨਾ ਉਹ ਦੁਕਾਨਾਂ ਤੋਂ ਸੌਦਾ ਖਰੀਦਣ ਦਿੰਦੇ ਸਨ। ਉਹ ਸਾਨੂੰ ਗਾਲ੍ਹਾਂ ਕੱਢਦੇ ਹਨ, ਪ੍ਰੇਸ਼ਾਨ ਕਰਦੇ ਹਨ, ਤੇ ਸਾਨੂੰ ਡੰਗਰਾਂ ਨੂੰ ਚਰਨ ਲਈ ਕੱਢਣ ਨਹੀਂ ਸਨ ਦਿੰਦੇ। ਸਾਡੀਆਂ ਜੁਆਨ ਧੀਆਂ-ਭੈਣਾਂ ਨੂੰ ਸੜਕਾਂ 'ਤੇ ਲਿਜਾ ਕੇ ਜ਼ਬਰ ਜਿਨਾਹ ਤੇ ਬੇਇੱਜ਼ਤੀ ਕੀਤੀ ਜਾਂਦੀ ਸੀ। ਕਈ ਵਾਰ ਉਹ ਸਾਡੇ ਘਰਾਂ ਨੂੰ ਲੁੱਟ ਕੇ ਅੱਗਾਂ ਲਾ ਦਿੰਦੇ ਸਨ। ਛੇ-ਛੇ ਮਹੀਨੇ ਸਾਲ ਦੀ ਤਨਖਾਹ ਨਹੀਂ ਸਨ ਦਿੰਦੇ। ਸਾਡੇ ਡੰਗਰ ਕੱਢ ਕੇ ਲੈ ਜਾਂਦੇ ਸਨ। ਉਹ ਸਾਡੇ ਘਰਾਂ 'ਤੇ ਘਾਹ ਫੂਸ ਸੁੱਟ ਕੇ ਅੱਗਾਂ ਲਾ ਦਿੰਦੇ ਅਤੇ ਸਾਨੂੰ ਜ਼ਿੰਦਾ ਜਲਾਉਣ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਛੱਪੜ ਤੋਂ ਸਾਨੂੰ ਗੰਦਾ ਪਾਣੀ ਵੀ ਪੀਣ ਦੀ ਆਗਿਆ ਨਹੀਂ ਸੀ ਦਿਤੀ ਜਾਂਦੀ। ਛੱਪੜਾਂ ਦੁਆਲੇ ਸਿੱਖ ਵਲੰਟੀਅਰ ਗੰਦੇ ਪਾਣੀ 'ਤੇ ਪਹਿਰਾ ਦਿੰਦੇ ਸਨ। ਬਿਨਾਂ ਕਾਰਨ ਸਾਨੂੰ ਬੰਦੂਕਾਂ, ਪਿਸਤੌਲਾਂ ਅਤੇ ਕਿਰਪਾਨਾਂ ਆਦਿ ਨਾਲ ਧਮਕਾਇਆ ਅਤੇ ਕਾਨੂੰਨੀ ਕੇਸਾਂ ਦੇ ਡਰਾਵੇ ਦਿੰਦੇ ਸਨ। ਸਾਡੇ ਬੱਚੇ ਭੁੱਖ-ਪਿਆਸ ਨਾਲ ਵਿਲਕ ਰਹੇ ਹੁੰਦੇ ਸਨ ਪਰ ਉੱਚ ਜਾਤੀ ਵਾਲਿਆਂ ਨੂੰ ਰਹਿਮ ਕਿੱਥੇ। ਇਨ੍ਹਾਂ ਬੱਚਿਆਂ ਦੇ ਮਾਪੇ ਜੰਗਲ ਜਾ ਕੇ ਰੋਜ਼ੀ ਰੋਟੀ ਲਈ ਜੰਗਲ ਵਿਚੋਂ ਘਾਹ ਖੋਤ ਕੇ ਲਿਆਉਂਦੇ ਪਰ ਸਿੱਖ ਵਲੰਟੀਅਰ ਸਾਡੇ ਖਾਣਾ ਬਣਾਉਣ ਵਾਲੇ ਭਾਂਡੇ ਤੋੜ ਦਿੰਦੇ। ਪਰ ਮਰਦਮਸ਼ੁਮਾਰੀ ਵੇਲੇ ਉਸ ਸਮੁੱਚੀ ਪ੍ਰੇਸ਼ਾਨੀ ਦੇ ਬਾਵਜੂਦ ਆਦਿ ਧਰਮੀ ਅਜੇ ਵੀ ਆਪਣਾ ਸੁਨੇਹਾ ਦੇ ਰਹੇ ਸਨ। ਅਸੀਂ ਭਾਵੇਂ ਜੋ ਕੁਝ ਮਰਜ਼ੀ ਕਹਿੰਦੇ ਪਰ ਸਿੱਖ ਸਰਮਾਏਦਾਰ ਦੇ ਕਹਿਣ 'ਤੇ ਸਿੱਖ ਪਟਵਾਰੀ, ਸਾਨੂੰ ਸਿੱਖ ਹੀ ਲਿਖ ਦਿੰਦੇ। ਪਰ ਕੁਝ ਮੁਸਲਮਾਨਾਂ ਨੇ ਖ਼ਾਸ ਕਰਕੇ 'ਹਮਦਰਦ ਹਿੰਦ ਅਜੁੰਮਨ ਅਹਿਮਦੀਆ' ਦੇ ਪ੍ਰਧਾਨ ਡਾਕਟਰ ਵਿਰੋਜ਼-ਉਦ-ਅਹਿਮਦ ਨੇ ਸਾਡੀ ਮਦਦ ਵੀ ਕੀਤੀ। ਇਹ ਅਹਿਮਦੀਏ ਕਾਠਗੜ੍ਹ, ਬਟਾਲਾ, ਸ਼ੇਖੂਪੁਰਾ, ਲੁਧਿਆਣਾ, ਲਾਇਲਪੁਰ, ਗੁਰਦਾਸਪੁਰ ਅਤੇ ਜਲੰਧਰ ਦੇ ਸਨ।

## ਆਦਿ ਧਰਮ ਲਹਿਰ ਨੂੰ ਖ਼ਤਰੇ

ਇਸ ਵੇਲੇ ਆਦਿ ਧਰਮ ਲਹਿਰ ਨੂੰ ਕਈ ਪਾਸਿਆਂ ਤੋਂ ਖ਼ਤਰੇ ਹਨ ਜੋ ਮੰਡਲ ਨੂੰ ਨੁਕਸਾਨਦਾਇਕ ਸਿੱਧ ਹੋ ਸਕਦੇ ਹਨ ਜਿਵੇਂ -

1. ਦਯਾਨੰਦ ਦਲਿਤ ਉਧਾਰ, ਹੁਸ਼ਿਆਰਪੁਰ
2. ਪਤਿਤ ਉਧਾਰ
3.ਅੰਤਜ ਉਧਾਰ
4. ਅਛੂਤ ਉਧਾਰ ਅਤੇ ਹੋਰ ਮੰਡਲ। ਇਹ ਲੋਕਾਂ ਦਾ ਧਿਆਨ ਲਾਂਭੇ ਖਿੱਚਣ ਅਤੇ ਉਨ੍ਹਾਂ ਦੇ ਹਿੱਤਾਂ ਨੂੰ ਲੀਹੋਂ ਲਾਹੁਣ ਦੇ ਆਹਰ ਵਿਚ ਹਨ। ਇਹ ਖੁਦ ਲਈ ਪੈਸਾ ਇਕੱਠਾ ਕਰਨ ਲਈ ਲੋਕਾਂ ਕੋਲ ਮੰਗਦੇ ਫਿਰਦੇ ਹਨ। ਇਹ ਕਹਾਵਤ ਹੈ 'ਬੁਰੇ ਆਦਮੀ ਤੋਂ ਨਾ ਡਰੋ ਪਰ ਉਸ ਦੀ ਬੁਰਾਈ ਤੋਂ ਡਰੋ'। ਇਸ ਲਈ ਅਸੀਂ ਇਨ੍ਹਾਂ ਜਥੇਬੰਦੀਆਂ ਦੀ ਜੋ ਸਾਡੇ ਲਈ ਖ਼ਤਰਾ ਹਨ, ਮਾੜੇ ਕੰਮਾਂ ਅਤੇ ਬੇਈਮਾਨੀ ਦੀ ਵਿਰੋਧਤਾ ਕਰਦੇ ਹਾਂ। ਇਨ੍ਹਾਂ ਜਥੇਬੰਦੀਆ ਨੇ ਸਾਡੇ ਕਈ ਵਰਕਰਾਂ ਨੂੰ ਆਪਣੀ ਜ਼ਮੀਰ ਵਿਰੁੱਧ ਕੰਮ ਕਰਨ ਦੀ ਸਿੱਖ ਮੱਤ ਦਿਤੀ ਹੈ। ਕੁਝ ਵਰਕਰ ਆਦਿ ਧਰਮ ਮੰਡਲ ਦਾ ਨਾਂ ਲੈ ਕੇ ਲੋਕਾਂ ਕੋਲੋਂ ਆਪਣੇ ਲਈ ਪੈਸੇ ਇਕੱਠੇ ਕਰਦੇ ਹਨ। ਇਹ ਦੂਜਾ ਖ਼ਤਰਾ ਹੈ। ਤੀਜਾ ਖ਼ਤਰਾ, ਹੋਰਨਾਂ ਜਥੇਬੰਦੀਆਂ ਦੇ ਵਰਕਰਾਂ ਅਤੇ ਪ੍ਰਚਾਰਕਾਂ ਵਲੋਂ ਆਦਿ ਧਰਮ ਮੰਡਲ ਜਲੰਧਰ 'ਤੇ ਹਮਲਾ ਹੈ। ਸਿਰਫ਼ ਆਦਿ ਧਰਮ ਮੰਡਲ, ਅਛੂਤਾਂ ਦਾ ਸਹੀ ਨੁਮਾਇੰਦਾ ਹੈ ਪਰ ਇਸ ਦੀ ਸਥਾਪਨਾ ਤੋਂ ਲੈ ਕੇ ਇਸ ਵਿਰੁੱਧ ਭਾਸ਼ਨਾਂ ਅਤੇ ਭੜਕਾਊ ਅਤੇ ਸਾਡੇ ਪ੍ਰਚਾਰਕਾਂ ਨੂੰ ਸਬਜ਼ਬਾਗ ਅਤੇ ਮਿੱਠੇ ਬੋਲਾਂ ਨਾਲ ਆਪਣੇ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਹੈ। ਅਛੂਤ ਸੁਧਾਰਾਂ ਦਾ ਨਾਅਰਾ ਮਾਰਨ ਵਾਲੇ ਉਹ ਲੋਕ ਬੇਈਮਾਨ ਸਿੱਧ ਹੋਏ ਸਨ।

ਅਸਲ ਵਿਚ, ਉਹ ਹਿੰਦੂ ਨਫ਼ਰਤ ਤੇ ਸਾੜੇ ਦੀ ਰਾਖੀ ਕਰ ਰਹੇ ਹਨ। ਅਛੂਤਾਂ ਦੀ ਮਦਦ ਦੀ ਆੜ ਹੇਠ, ਉਹ ਆਪਣੀ ਮਦਦ ਕਰ ਰਹੇ ਹਨ। ਕਾਗ਼ਜ਼ੀ ਫੁੱਲਾਂ ਦੀ ਮਹਿਕ ਤੋਂ ਵਧ ਕੇ ਉਨ੍ਹਾਂ ਦੇ ਦਾਅਵਿਆਂ ਵਿਚ ਕੋਈ ਮਹਿਕ ਨਹੀਂ। ਹੁਣ ਅਛੂਤ ਇਨ੍ਹਾਂ ਮੰਡਲਾਂ ਤੇ ਆਪਣੇ ਨੁਮਾਇੰਦਿਆਂ ਵਜੋਂ ਟੇਕ ਨਹੀਂ ਰੱਖੇਗਾ। ਜਿਹੜੇ ਅਛੂਤ ਭਟਕ ਗਏ ਸਨ ਉਹ ਹੁਣ ਹਜ਼ਾਰਾਂ ਦੀ ਗਿਣਤੀ ਵਿਚ ਦੂਜੇ ਮੰਡਲਾਂ ਨੂੰ ਛੱਡ ਕੇ ਆਦਿ ਧਰਮ ਲਹਿਰ ਨਾਲ ਜੁੜ ਰਹੇ ਹਨ। ਚੌਥਾ ਸਭ ਤੋਂ ਵੱਡਾ ਖ਼ਤਰਾ ਹੈ ਉਨ੍ਹਾਂ ਪਿੰਡਾਂ ਵਿਚ ਜਿਥੇ ਹਿੰਦੂਆਂ ਤੇ ਸਿੱਖਾਂ ਦੀ ਬਹੁਗਿਣਤੀ ਹੈ। ਅਛੂਤ ਨੂੰ ਆਪਣੀ ਹੋਂਦ ਕਾਇਮ ਕਰਨ ਲਈ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਪੁਰਾਣੇ ਵੇਲਿਆਂ ਵਿਚ ਆਦਿ ਧਰਮੀ ਉਨ੍ਹਾਂ 'ਤੇ ਨਿਰਭਰ ਕਰਦੇ ਸਨ ਇਸ ਲਈ ਉਹ ਆਪਣੇ ਆਪ ਨੂੰ ਹਿੰਦੂ ਅਤੇ ਸਿੱਖ ਹੀ ਸਮਝਦੇ ਸਨ। ਆਦਿ ਧਰਮੀ ਹਿੰਦੂਆਂ ਤੇ ਸਿੱਖਾਂ ਦੇ ਲਾਲਚ ਵਿਚ ਫਸ ਗਏ। ਹੁਣ ਰੋਸ਼ਨੀ ਤੇ ਆਜ਼ਾਦੀ ਦਾ ਦੌਰ ਹੈ ਅਤੇ ਆਦਿ ਧਰਮੀਆਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਹੈ। ਜੋ ਬਜਾਇ, ਆਦਿ ਧਰਮੀ ਲਿਖਵਾਇਆ। ਜਿਸ ਦੀ ਸਜ਼ਾ ਵਜੋਂ ਆਦਿ ਧਰਮੀਆਂ ਨੂੰ ਸ਼ਰਮਨਾਕ ਅਤੇ ਘਟੀਆ ਸਲੂਕ ਸਹਿਣਾ ਪਿਆ ਜੋ ਇਕ ਸਥਾਈ ਖ਼ਤਰੇ ਦੀ ਨਿ-ਸ਼ਾਨੀ ਹੈ। ਇਸ ਲਈ ਹਿੰਦੂਆਂ ਅਤੇ ਸਿੱਖਾਂ ਤੋਂ ਸਾਨੂੰ ਬੜਾ ਖ਼ਤਰਾ ਹੈ ਅਤੇ ਭਵਿੱਖ ਵਿਚ ਉਹ ਸਾਡੇ ਅੰਦੋਲਨ ਨੂੰ ਕੁਚਲਣ ਲਈ ਕੋਈ ਕਸਰ ਨਹੀਂ ਛੱਡਣਗੇ।

## ਆਦਿ ਧਰਮ ਮੰਡਲ ਦੀਆਂ ਮੌਜੂਦਾ ਮੰਗਾਂ

1. ਅਸੀਂ ਮੌਜੂਦਾ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਆਦਿ ਧਰਮ ਨੂੰ ਹਿੰਦੂਆਂ ਤੋਂ ਅੱਡ ਸਮਝਿਆ ਜਾਵੇ। ਆਦਿ ਧਰਮੀ ਹਿੰਦੂ ਨਹੀਂ ਸਨ। ਸਾਡੇ ਲੋਕ ਹਿੰਦੂਆਂ ਵਲੋਂ ਬੁੱਧੂ ਬਣਾਏ ਗਏ। ਇਸ ਲਈ ਪਿਛਲੀਆਂ ਮਰਦਮਸ਼ੁਮਾਰੀਆਂ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਹਿੰਦੂ ਅਤੇ ਸਿੱਖ ਲਿਖਵਾਇਆ ਜੋ ਕਿ ਸਰਾਸਰ ਗਲਤ ਹੈ। ਹਿੰਦੂ ਧਰਮ ਅਤੇ ਆਦਿ ਧਰਮ ਪੂਰੀ ਤਰ੍ਹਾਂ ਵੱਖ-ਵੱਖ ਹਨ।

2. ਮੌਜੂਦਾ ਮਰਦਮਸ਼ੁਮਾਰੀ ਦੌਰਾਨ ਹਿੰਦੂ ਅਤੇ ਸਿੱਖ ਬਹੁ ਵਸੋਂ ਵਾਲੇ ਪਿੰਡਾਂ ਵਿਚ ਆਦਿ ਧਰਮੀਆਂ ਨੂੰ ਉਨ੍ਹਾਂ ਵਲੋਂ ਰੋਸ ਪ੍ਰਗਟ ਕਰਨ ਦੇ ਬਾਵਜੂਦ ਹਿੰਦੂ ਅਤੇ ਸਿੱਖ ਲਿਖਵਾਉਣ ਲਈ ਮਜ਼ਬੂਰ ਕੀਤਾ ਗਿਆ। ਇਸ ਦੀ ਪੜਤਾਲ ਕਰਵਾ ਕੇ ਸਹੀ ਗਿਣਤੀ ਦਾ ਪਤਾ ਲਗਾਉਣ ਲਈ ਮਰਦਮਸ਼ੁਮਾਰੀ ਦੀ ਸ਼ੋਧ ਕੀਤੀ ਜਾਵੇ। ਜਿਨ੍ਹਾਂ ਮਾਮਲਿਆਂ ਵਿਚ ਆਦਿ ਧਰਮੀ ਦੀ ਬਜਾਇ ਚੂੜ੍ਹਾ ਅਤੇ ਚਮਾਰ ਲਿਖਿਆ ਗਿਆ ਹੈ ਜਾਂ ਜਾਤ ਤਾਂ ਸਿਰਫ਼ ਆਦਿਧਰਮੀ ਪਰ ਧਰਮ ਹਿੰਦੂ ਲਿਖਿਆ ਗਿਆ ਹੈ। ਉਥੇ ਸਹੀ ਤੱਥ ਆਦਿ ਧਰਮੀ ਲਿਖਿਆ ਜਾਵੇ।

3. ਮੌਜੂਦਾ ਮਰਦਮਸ਼ੁਮਾਰੀ ਸ਼ੁਰੂ ਹੋਣ ਸਮੇਂ ਤੋਂ ਹੀ ਹਿੰਦੂਆਂ ਅਤੇ ਸਿੱਖਾਂ ਵਲੋਂ ਆਦਿ ਧਰਮੀਆਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦੀਆਂ ਖ਼ਬਰਾਂ ਦੀ ਪੜਤਾਲ ਕਰਵਾਈ ਜਾਵੇ ਜੋ ਅਖ਼ਬਾਰਾਂ ਵਿਚ ਆਈਆਂ।

4. ਪੁਰਾਣੇ ਵੇਲਿਆਂ ਤੋਂ ਹੁਣ ਤਕ ਆਦਿ ਧਰਮ ਕੌਮ ਦਾ ਕਿੱਤਾ ਖੇਤੀਬਾੜੀ ਰਿਹਾ ਹੈ ਪਰ ਉਨ੍ਹਾਂ ਦਾ ਰਾਜ ਚਲੇ ਜਾਣ ਤੋਂ ਬਾਅਦ ਉਨ੍ਹਾਂ ਦਾ ਵਾਹ ਜ਼ਿੰਮੀਦਾਰਾਂ ਨਾਲ ਪੈਂਦਾ ਰਿਹਾ। ਦਰਅਸਲ, ਆਦਿ ਧਰਮੀ ਖੇਤੀਬਾੜੀ ਕਿੱਤੇ ਵਾਲੇ ਲੋਕ ਹਨ ਇਸ ਲਈ ਜ਼ਮੀਨ ਦੇ ਤਬਾਦਲੇ ਬਾਰੇ ਸਰਕਾਰੀ ਕਾਨੂੰਨਾਂ ਵਿਚ ਇਨ੍ਹਾਂ ਨੂੰ ਖੇਤੀਬਾੜੀ ਕਿੱਤੇ ਵਾਲੇ ਲੋਕ ਦਰਜ ਕੀਤਾ ਜਾਵੇ। ਸਾਨੂੰ ਵੱਖਰੀ ਕੌਮ ਸਮਝਦੇ ਹੋਏ ਜ਼ਮੀਨ ਦੀ ਮਾਲਕੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ।

5. ਆਦਿ ਧਰਮੀ ਹਿੰਦੋਸਤਾਨ ਦੇ ਸਭ ਤੋਂ ਵਫ਼ਾਦਾਰ ਲੋਕਾਂ ਵਿਚੋਂ ਹਨ। ਇਸ ਲਈ ਉਨ੍ਹਾਂ ਨੂੰ ਨਾਗਰਿਕਤਾ ਅਤੇ ਜਾਇਦਾਦ ਦਾ ਹੱਕ ਦਿਤਾ ਜਾਵੇ। ਜਿਨ੍ਹਾਂ ਮਕਾਨਾਂ ਵਿਚ ਉਹ ਚਿਰਾਂ ਤੋਂ ਰਹਿ ਰਹੇ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਘਰ ਸਮਝਿਆ ਜਾਵੇ।

6. ਲੰਮੇ ਸਮੇਂ ਤੋਂ ਆਦਿ ਧਰਮੀ ਬੇਰੁਜ਼ਗਾਰੀ ਦਾ ਸ਼ਿਕਾਰ ਰਹੇ ਹਨ। ਸਰਮਾਏ ਬਿਨਾਂ ਉਹ ਅਮੀਰ ਨਹੀਂ ਬਣ ਸਕਦੇ। ਇਸ ਕਰਕੇ ਆਦਿ ਧਰਮੀ ਗਰੀਬ ਰਹਿ ਗਏ ਅਤੇ ਤਾਕਤ ਦੇ ਮਾਮਲੇ ਵਿਚ ਹਿੰਦੂਆਂ ਅਤੇ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੇ। ਸਾਡੇ ਕੋਲ ਕੋਈ ਜ਼ਮੀਨ ਨਹੀਂ, ਇਸ ਲਈ ਸਾਡੀ ਬੇਨਤੀ ਹੈ ਕਿ ਪੰਜਾਬ ਵਿਚ ਖ਼ਾਲੀ ਪਈ ਪੰਦਰਾਂ ਮਿਲੀਅਨ ਏਕੜ ਵਾਹੀਯੋਗ ਜ਼ਮੀਨ, ਜਿਹਦੀ ਵਰਤੋਂ ਨਹੀਂ ਕੀਤੀ ਜਾ ਰਹੀ ਅਤੇ ਪੰਜਾਬ ਸਰਕਾਰ ਦੇ ਕਬਜ਼ੇ ਹੇਠ ਉਨ੍ਹਾਂ ਸ਼ਰਤਾਂ ਹੇਠ ਹੀ ਆਦਿ ਧਰਮੀਆਂ ਨੂੰ ਦਿਓ ਜਿਨ੍ਹਾਂ ਸ਼ਰਤਾਂ ਹੇਠ ਦੂਜੇ ਲੋਕਾਂ ਨੂੰ ਦਿਤੀ ਗਈ ਹੈ।

7. ਫੌਜ ਅਤੇ ਪੁਲਿਸ ਵਿਚ ਆਦਿ ਧਰਮੀਆਂ ਨੂੰ ਹੋਰਨਾਂ ਬਰਾਬਰ ਹੱਕ ਦਿਤੇ ਜਾਣ।ਅਫ਼ਸਰਾਂ ਵਜੋਂ ਸਿੱਧਾ ਕਮਿਸ਼ਨ ਅਤੇ ਹੋਰ ਜ਼ਿੰਮੇਵਾਰ ਅਹੁਦੇ ਸਾਨੂੰ ਦਿਤੇ ਜਾਣ। ਜਿਵੇਂ ਹੋਰਨਾਂ ਕੌਮਾਂ ਦੀਆਂ ਉਨ੍ਹਾਂ ਦੇ ਸਨਮਾਨ ਲਈ ਰਜਮੈਂਟਾਂ ਹਨ। ਇਸ ਤਰ੍ਹਾਂ ਆਦਿ ਧਰਮੀ ਆਗੂਆਂ ਦੀ ਅਗਵਾਈ ਹੇਠ ਸਾਡੀਆਂ ਫੌਜ ਅਤੇ ਪੁਲਿਸ ਵਿਚ ਸਾਡੇ ਨਾਂ 'ਤੇ ਰਜਮੰਟਾਂ ਹੋਣ।

8. ਚਾਹੇ ਰੇਲਵੇ ਬੋਰਡ ਵਿਚ ਸਾਡੀ ਪ੍ਰਤਿਨਿਧਤਾ ਹੈ ਪਰ ਇਹ ਕੁੱਲ ਆਬਾਦੀ ਦੀ ਸਾਡੀ ਆਬਾਦੀ ਪ੍ਰਤਿਸ਼ਤ ਮੁਤਾਬਕ ਨਹੀਂ ਜਿਵੇਂ ਦੂਜੇ ਲੋਕਾਂ ਲਈ ਹੈ ਇਸ ਲਈ ਸਾਨੂੰ ਹੋਰ ਪ੍ਰਤਿਨਿਧਤਾ ਦਿਤੀ ਜਾਵੇ ਨਾ ਕਿ ਸਿਰਫ਼ ਅੱਖਾਂ ਪੂੰਝਣਾ ਹੀ ਹੋਵੇ।

10. ਸਾਰੀਆਂ ਮਿਊਂਸਪੈਲਿਟੀਆਂ, ਜ਼ਿਲ੍ਹਾ ਬੋਰਡਾਂ ਅਤੇ ਅਸੈਂਬਲੀਆਂ ਵਿਚ ਆਉਂਦੀਆਂ ਚੋਣਾਂ ਵਿਚ ਸਾਨੂੰ 18 ਪ੍ਰਤਿਸ਼ਤ ਨੁਮਾਇੰਦਗੀ ਦਿੱਤੀ ਜਾਵੇ।

11. ਨਾਰਮਲ ਸਕੂਲਾਂ ਵਿਚ ਜਿਹੜੇ ਆਦਿ ਧਰਮੀ ਲੜਕੇ ਚੰਗੀ ਤਿਆਰੀ ਵਿਚ ਪੜ੍ਹਦੇ ਹਨ ਉਨ੍ਹਾਂ ਨੂੰ ਅਹੁਦੇ ਦੀ ਜ਼ਾਮਨੀ ਦਿਤੀ ਜਾਵੇ। ਆਦਿਧਰਮੀ ਲੜਕਿਆਂ ਨੂੰ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਕਰਨਾ ਚਾਹੀਦਾ ਹੈ ਕਿ ਉਹ ਆਪਣੀ ਕੌਮ ਦੀ ਸਹਾਇਤਾ ਕਰ ਰਹੇ ਹਨ।

12. ਜਿੰਨਾ ਚਿਰ ਭਾਰਤ ਦੀਆਂ ਕਮਜ਼ੋਰ ਘੱਟ ਗਿਣਤੀਆਂ ਖ਼ਾਸ ਕਰਕੇ ਆਦਿ ਧਰਮੀਆਂ ਤੇ ਮੁਸਲਮਾਨਾਂ ਨੂੰ ਪੂਰੀ ਨੁਮਾਇੰਦਗੀ ਨਹੀਂ ਦਿਤੀ ਜਾਂਦੀ ਅਤੇ ਉਨ੍ਹਾਂ ਨਾਲ ਚੰਗੇ ਸਲੂਕ ਦੀ ਜ਼ਾਮਨੀ ਨਹੀਂ ਭਰੀ ਜਾਂਦੀ ਉਨਾ ਚਿਰ ਕੇਂਦਰੀ ਸਰਕਾਰ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।

13. ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਯਹੂਦੀਆਂ, ਪਾਰਸੀਆਂ, ਇਸਾਈਆਂ, ਬੋਧੀਆਂ ਅਤੇ ਜੈਨੀਆਂ ਦੇ ਨਾਲ-ਨਾਲ ਸਾਡੇ ਆਦਿ ਧਰਮ ਨੂੰ ਵੀ ਵੱਖਰਾ ਧਰਮ ਮੰਨਿਆ ਜਾਵੇ।

14. ਅਸੀਂ ਪੰਜਾਬ ਸਰਕਾਰ ਦੇ ਮਜ਼ਦੂਰੀ ਬਾਰੇ ਬੋਰਡ ਨੂੰ ਸੂਚਿਤ ਕਰਦੇ ਹਾਂ ਕਿ ਆਦਿ ਧਰਮੀ ਮਿਹਨਤੀ ਲੋਕ ਹਨ ਅਤੇ ਸਵਰਾਜ ਸੰਬੰਧੀ ਪੂਰੀ ਤਰ੍ਹਾਂ ਬੇਇਨਸਾਫੀ ਭਰੇ ਅੰਦੋਲਨ ਕਾਰਨ ਅਸੀਂ ਹੋਰ ਬੇਰੁਜ਼ਗਾਰ ਹੋਏ ਹਾਂ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਕਿਰਤੀ ਜਮਾਤ ਸਮਝਦੇ ਹੋਏਸਾਡੇ ਲਈ ਕੰਮ ਦਾ ਪ੍ਰਬੰਧ ਕਰੇ।

15. ਹਿੰਦੂ ਸਕੂਲਾਂ ਵਿਚ ਸਾਡੇ ਬੱਚਿਆਂ ਨੂੰ ਅਣਗੌਲਿਆ ਜਾਂਦਾ ਹੈ ਜਾਂ ਫਿਰ ਹਿੰਦੂ ਵਿਚਾਰ ਅਪਨਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਉਨ੍ਹਾਂ ਨਾਲ ਇੰਨੀ ਨਫ਼ਰਤ ਭਰਿਆ ਸਲੂਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਸਕੂਲ ਛੱਡਣਾ ਪੈਂਦਾ ਹੈ। ਇਸ ਲਈ ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਵੱਖਰੇ ਸਕੂਲ ਦੇਵੇ ਤਾਂ ਕਿ ਸਾਡੇ ਬੱਚਿਆਂ ਨੂੰ ਇਨ੍ਹਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ ਜੋ ਕਿਸੇ ਅਜਿਹੇ ਸਕੂਲ ਵਿਚ ਕੋਈ ਸਰਕਾਰੀ ਇੰਸਪੈਕਟਰ ਆ ਕੇ ਕਿਸੇ ਆਦਿਧਰਮੀ ਬੱਚੇ ਬਾਰੇ ਚੰਗਾ ਆਖੇ ਜਾਂ ਕੋਈ ਅਧਿਆਪਕ ਆਦਿ ਧਰਮੀ ਬੱਚੇ ਦੀ ਸਿਫ਼ਤ ਕਰੇ ਤਾਂ ਅਜਿਹੇ ਬੱਚੇ ਨਾਲ ਨਫ਼ਰਤ ਕੀਤੀ ਜਾਂਦੀ ਹੈ। ਸਾਡੇ ਬੱਚਿਆਂ ਨਾਲ ਹਿੰਦੂਆਂ ਅਤੇ ਸਿੱਖਾਂ ਵਲੋਂ ਮਾੜਾ ਸਲੂਕ ਕੀਤੇ ਜਾਣ ਦੀਆਂ ਕਈ ਘਟਨਾਵਾਂ ਸਾਡੇ ਧਿਆਨ ਵਿਚ ਆਈਆਂ ਹਨ। ਸਾਨੂੰ ਵੱਖਰੇ ਸਕੂਲਾਂ ਦੀ ਲੋੜ ਹੈ ਤਾਂ ਕਿ ਸਾਡੇ ਬੱਚੇ ਆਪਣੇ ਪਿਛੋਕੜ ਬਾਰੇ ਜਾਣ ਸਕਣ। ਇਨ੍ਹਾਂ ਸਕੂਲਾਂ ਵਿਚ ਆਦਿ ਧਰਮੀ ਅਧਿਆਪਕ ਅਤੇ ਪ੍ਰਬੰਧਕ ਹੋਣ ਤਾਂ ਸਾਡੇ ਬੱਚਿਆਂ ਦੀ ਚੰਗੀ ਦੇਖ-ਭਾਲ ਹੋ ਸਕੇ।

16. ਕੁਝ ਪਿੰਡਾਂ ਵਿਚ ਆਦਿ ਧਰਮੀਆਂ ਕੋਲੋਂ ਬੇਗਾਰ ਕਰਾਈ ਜਾਂਦੀ ਹੈ, ਇਸ ਦੀ ਪੜਤਾਲ ਕਰਵਾ ਕੇ ਤੁਰੰਤ ਰੋਕਿਆ ਜਾਵੇ।

17. ਪਿੰਡਾਂ ਪੰਚਾਇਤਾਂ ਵਿਚ ਆਦਿ ਧਰਮੀਆਂ ਦੀ ਕੋਈ ਨੁਮਾਇੰਦਗੀ ਨਹੀਂ। ਇਸ ਲਈ ਸਾਨੂੰ ਇਨ੍ਹਾਂ ਦੇ ਫ਼ੈਸਲਿਆਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਸਾਡੀ ਵਸੋਂ ਦੀ ਅਨੁਪਾਤ ਮੁਤਾਬਕ ਸਾਨੂੰ ਨੁਮਾਇੰਦਗੀ ਜ਼ਰੂਰ ਮਿਲੇ। ਇਨ੍ਹਾਂ ਪੰਚਾਇਤਾਂ ਦਾ ਕੋਈ ਰੁਤਬਾ ਨਹੀਂ। ਇਸ ਲਈ ਅਸੀਂ ਇਨ੍ਹਾਂ ਦਾ ਕੋਈ ਹੁਕਮ ਮੰਨਣ ਲਈ ਪਾਬੰਦ ਨਹੀਂ।

18. ਉਨ੍ਹਾਂ ਪਿੰਡਾਂ ਵਿਚ ਜਿਥੇ ਹਿੰਦੂਆਂ ਤੇ ਸਿੱਖਾਂ ਦਾ ਬੋਲਬਾਲਾ ਹੈ ਉਥੇ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਕਿੰਨੇ ਆਦਿ ਧਰਮੀਆਂ ਨੂੰ ਧੱਕੇ ਨਾਲ ਹਿੰਦੂ ਅਤੇ ਸਿੱਖ ਬਣਾਇਆ ਗਿਆ ਹੈ। ਇਨ੍ਹਾਂ ਗਰੀਬ ਲੋਕਾਂ ਨੂੰ ਜ਼ੁਲਮ ਸਹਿਣੇ ਪੈ ਰਹੇ ਹਨ ਅਤੇ ਜੀਣਾ ਮੁਹਾਲ ਹੋਇਆ ਹੈ। ਇਨ੍ਹਾਂ ਦੀ ਜਾਨ ਅਤੇ ਮਾਲ ਖ਼ਤਰੇ ਵਿਚ ਹੈ। ਸਰਕਾਰ ਨੂੰ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ ਜਿਥੇ ਉਹ ਰਹਿ ਸਕਣ।

19. ਕੁਝ ਜਥੇਬੰਦੀਆਂ ਆਦਿ ਧਰਮੀਆਂ ਦੇ ਨਾਂ ਤੇ ਉਨ੍ਹਾਂ ਨੂੰ ਲੁੱਟਦੀਆਂ ਹਨ। ਖ਼ਾਸ ਤੌਰ ਤੇ ਦਇਆ ਨੰਦ ਦਲਿਤ ਉਧਾਰ ਮੰਡਲ ਹੁਸ਼ਿਆਰ-ਪੁਰ, ਅੰਤਜ ਉਧਾਰ, ਪਤਿਤ ਉਧਾਰ, ਅਛੂਤ ਉਧਾਰ ਮੰਡਲ ਲਾਹੌਰ ਅਤੇ ਹੋਰ। ਇਹ ਕੁਝ ਜਥੇਬੰਦੀਆਂ ਦੇ ਨਾਂ ਹਨ ਜੋ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਇਨ੍ਹਾਂ ਗਰੀਬਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਕਈ ਵਾਰ ਇਹ ਕੋਈ ਸਕੂਲ ਜਾਂ ਖੂਹ ਬਣਵਾ ਦਿੰਦੀਆਂ ਹਨ ਪਰ ਉਹ ਆਪਣੇ ਹੀ ਲੋਕਾਂ (ਹਿੰਦੂਆਂ) ਦੇ ਹਿੱਤ ਸਾਹਮਣੇ ਰੱਖਦੀਆਂ ਹਨ ਨਾ ਕਿ ਆਦਿ ਧਰਮੀਆਂ ਦੇ। ਸਰਕਾਰ ਨੂੰ ਦਖ਼ਲ ਦੇ ਕੇ ਇਨ੍ਹਾਂ ਮੰਡਲਾਂ ਦੀ ਪੜਤਾਲ ਕਰਨੀ ਚਾਹੀਦੀ ਹੈ ਅਤੇ ਪਤਾ ਲਾਉਣਾ ਚਾਹੀਦਾ ਹੈ ਕਿ ਅਸਲ ਵਿਚ ਉਹ ਜੋ ਕਹਿੰਦੀਆਂ ਹਨ ਉਸ 'ਤੇ ਅਮਲ ਵੀ ਕਰਦੀਆਂ ਹਨ ਤਾਂ ਜੋ ਇਹ ਨੌਟੰਕੀ ਖਤਮ ਹੋਵੇ। ਸਿਰਫ਼ ਅਸੀਂ ਹੀ ਅਛੂਤ ਕੌਮ ਤੇ ਸਹੀ ਨੁਮਾਇੰਦੇ ਹਾਂ। ਇਹ ਹੋਰ ਜਾਤਾਂ ਸਾਡੇ ਲੋਕਾਂ ਨੂੰ ਵੰਡ ਰਹੀਆਂ ਹਨ ਅਤੇ ਕੁਰਾਹੇ ਪਾ ਰਹੀਆਂ ਹਨ।

20. ਇਹ ਠੀਕ ਹੈ ਕਿ ਆਦਿਧਰਮੀ ਕੌਮ ਦੇ ਬੱਚੇ ਪ੍ਰਾਇਮਰੀ (ਚੌਥੀ ਜਮਾਤ) ਤਕ ਫ਼ੀਸ ਨਹੀਂ ਦਿੰਦੇ ਪਰ ਇਸ ਤੋਂ ਬਾਅਦ ਉਨ੍ਹਾਂ ਨੂੰ ਅੱਧੀ ਫ਼ੀਸ ਤਾਰਨੀ ਪੈਂਦੀ ਹੈ। ਕੁਝ ਪਰਿਵਾਰਾਂ ਲਈ ਇਹ ਵੀ ਬਹੁਤ ਵੱਡਾ ਬੋਝ ਹੈ। ਸਰਕਾਰ ਨੂੰ ਦਿਲ ਖੋਲ੍ਹ ਕੇ ਸਾਡੇ ਬੱਚਿਆਂ ਨੂੰ ਵਜ਼ੀਫ਼ੇ ਦੇਣੇ ਚਾਹੀਦੇ ਹਨ ਤਾਂ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਅਤੇ ਹਿੰਦੂਆਂ, ਸਿੱਖਾਂ ਅਤੇ ਹੋਰਾਂ ਨਾਲ ਬਰਾਬਰ ਖਲੋ ਸਕਣ।

21. ਭਾਰਤ, ਖ਼ਾਸ ਕਰਕੇ ਪੰਜਾਬ ਵਿਚ ਅਸੀਂ ਆਦਿਧਰਮੀ ਪੜ੍ਹਾਈ ਦੇ ਖੇਤਰ ਵਿਚ ਹੋਰਨਾਂ ਲੋਕਾਂ ਨਾਲੋਂ ਪਛੜੇ ਹੋਏ ਹਾਂ। ਇਸ ਲਈ ਸਾਂਝੀ ਚੋਣ ਪ੍ਰਣਾਲੀ ਦਾ ਸਿਲਸਿਲਾ ਬਹੁਤ ਨੁਕਸਾਨਦੇਹ ਹੋਵੇਗਾ। ਕਿਉਂਕਿ ਸਾਨੂੰ ਇਨਸਾਫ਼ ਦੀ ਆਸ ਨਹੀਂ ਹੋਵੇਗੀ। ਇਸ ਲਈ ਸਰਕਾਰ ਨੂੰ ਸਾਡੀ ਬੇਨਤੀ ਹੈ ਕਿ ਉਹ ਸਾਂਝੀ ਚੋਣ ਪ੍ਰਣਾਲੀ ਨੂੰ ਜੋ ਕਿ ਕਾਰ ਆਮਦ ਨਹੀਂ ਖਤਮ ਕਰਕੇ 'ਵੱਖਰੀ ਚੋਣ ਪ੍ਰਣਾਲੀ' ਕਾਇਮ ਕਰੇ।

22. ਆਮ ਤੌਰ ਤੇ ਸਾਡੀ ਕੌਮ ਚਮੜੇ ਦਾ ਕੰਮ ਕਰਦੀ ਹੈ। ਸਾਰੇ ਭਾਰਤ ਵਿਚ ਅਸੀਂ ਖੱਲਾਂ ਰੰਗਣ ਅਤੇ ਕੱਚਾ ਚਮੜਾ ਤਿਆਰ ਕਰਨ ਦਾ ਕੰਮ ਕਰਦੇ ਹਾਂ। ਇਸ ਨਾਲ ਸਾਡੇ ਪੱਲੇ ਕੁਝ ਨਹੀਂ ਪੈਂਦਾ। ਚਮੜਾ ਸ਼ਬਦ ਦੋ ਅੱਖਰੀ ਹੈ।

ਪਹਿਲਾ, ਚਮੜਾ ਜਿਸ ਦੇ ਅਰਥ ਚਮੜਾ ਅਤੇ ਦੂਜਾ ਕਾਰ ਇਸ ਦੇ ਅਰਥ ਬਣਾਉਣਾ ਹੈ। ਇਸ ਲਈ ਸਰਕਾਰ ਨੂੰ ਸਾਡੀ ਬੇਨਤੀ ਇਹ ਹੈ ਕਿ ਜੇ ਸਰਕਾਰ ਨੂੰ ਫੌਜ, ਪੁਲਿਸ ਅਤੇ ਸੱਨਅਤ ਲਈ ਜੁੱਤੀਆਂ ਅਤੇ ਬੂਟਾਂ ਦੀ ਲੋੜ ਹੋਵੇ ਅਤੇ ਜੇ ਉਹ ਵਧੀਆ ਕਿਸਮ ਦੇ ਚਮੜੇ ਦੀ ਭਾਲ ਵਿਚ ਹੋਵੇ ਤਾਂ ਉਹ ਸਿੱਧੇ ਆਦਿਧਰਮ ਮੰਡਲ ਜਲੰਧਰ ਕੋਲ ਆਉਣ ਨਾ ਕਿ ਦਲਾਲਾਂ ਰਾਹੀਂ ਲਵੇ। ਇਸ ਨਾਲ ਸਰਕਾਰ ਦਾ ਪੈਸਾ ਬਚੇਗਾ ਅਤੇ ਉਸ ਨੂੰ ਵਧੀਆ ਕਿਸਮ ਦਾ ਚਮੜਾ ਮਿਲ ਸਕੇਗਾ। ਇਸ ਤੋਂ ਇਲਾਵਾ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਮੜਾ ਸਾਡੀ ਮਿਹਨਤ ਨਾਲ ਆਉਂਦਾ ਹੈ ਅਤੇ ਸਾਨੂੰ ਜੋ ਕਿ ਚਮੜੇ ਦਾ ਕੰਮ ਕਰਦੇ ਹਨ, ਨੂੰ ਇਸ ਦਾ ਲਾਭ ਮਿਲਣਾ ਹੀ ਚਾਹੀਦਾ ਹੈ।

23. ਸਹਿਕਾਰੀ ਸਹਾਇਤਾ ਲਈ ਬੈਂਕ ਹਨ ਪਰ ਵਿਸ਼ੇਸ਼ ਕਰਕੇ ਪਿੰਡਾਂ ਵਿਚ ਬੈਂਕ ਜ਼ਮੀਨਾਂ ਵਾਲਿਆਂ ਦੀ ਲੋੜ ਪੂਰੀ ਕਰਦੇ ਹਨ ਜਦ ਕਿ ਸਾਡੇ ਕੋਲ ਜ਼ਮੀਨ ਨਹੀਂ ਹੁੰਦੀ। ਇਸ ਲਈ ਮੰਗ ਹੈ ਕਿ ਸਾਡੇ ਭਲੇ ਲਈ ਵੀ ਬੈਂਕ ਖੋਲ੍ਹੇ ਜਾਣ।

24. ਜ਼ਮਾਨਤ ਦੇ ਮਾਮਲੇ ਵਿਚ ਸਾਨੂੰ ਹੋਰਨਾਂ ਲੋਕਾਂ ਵਾਲੇ ਅਧਿਕਾਰ ਦਿਤੇ ਜਾਣ। ਹਿੰਦੂ ਅਤੇ ਸਿੱਖ ਸਾਡੀ ਜ਼ਮਾਨਤ ਨਹੀਂ ਦੇਣਗੇ। ਇਸੇ ਕਾਰਨ ਸਾਨੂੰ ਕੁਝ ਛੋਟੇ ਕਾਰੋਬਾਰ ਬੰਦ ਕਰਨੇ ਪਏ। ਆਦਿਧਰਮੀਆਂ ਨੂੰ ਇਕ ਦੂਜੇ ਦੀ ਜ਼ਮਾਨਤ ਦੇਣ ਦਾ ਹੱਕ ਹੋਣਾ ਚਾਹੀਦਾ ਹੈ। ਸਾਨੂੰ ਸਿੱਖ ਜਾਂ ਹਿੰਦੂ ਕੋਲ ਜ਼ਮਾਨਤ ਲਈ ਨਹੀਂ ਜਾਣਾ ਚਾਹੀਦਾ।

25. ਸਾਡੇ ਲੋਕ ਮਿਹਨਤੀ ਅਤੇ ਦਸਤਕਾਰ ਹਨ। ਅਸੀਂ ਹੱਲ ਵਾਹੁੰਦੇ ਹਾਂ, ਕੱਪੜਾ ਬੁਣਦੇ ਅਤੇ ਚਮੜਾ ਤਿਆਰ ਕਰਦੇ ਹਾਂ, ਇਸ ਲਈ ਸਾਨੂੰ 'ਜ਼ਰਾਇਮ ਪੇਸ਼ਾ ਸ਼੍ਰੇਣੀ' ਨਹੀਂ ਕਿਹਾ ਜਾਣਾ ਚਾਹੀਦਾ। ਸਾਨੂੰ 'ਜ਼ਰਾਇਮ ਪੇਸ਼ਾ ਸ਼੍ਰੇਣੀ' ਵਿਚ ਨਹੀਂ ਰਖਣਾ ਚਾਹੀਦਾ। 26. ਜ਼ਿਲ੍ਹਾ ਬੋਰਡ ਅਤੇ ਮਿਊਂਸਪੈਲਿਟੀਆਂ ਨੇ ਆਦਿਧਰਮੀ ਕੌਮ ਨੂੰ ਨਜਾਇਜ਼ ਪੇਸ਼ਾਵਾਰਾਨਾ ਟੈਕਸ ਦਾ ਸ਼ਿਕਾਰ ਬਣਾਇਆ ਹੈ। ਅਜਿਹਾ ਪੇਂਡੂ ਜ਼ਿਮੀਦਾਰਾਂ ਅਤੇ ਹੋਰਨਾਂ ਅਧਿਕਾਰੀਆਂ ਦੀ ਸ਼ਹਿ 'ਤੇ ਕੀਤਾ ਗਿਆ ਹੈ। ਇਨ੍ਹਾਂ ਅਦਾ-ਰਿਆਂ ਵਿਚ ਆਦਿਧਰਮੀਆਂ ਦੀ ਕੋਈ ਪ੍ਰਤਿਨਿਧਤਾ ਨਹੀਂ। ਇਸ ਲਈ ਉਨ੍ਹਾਂ 'ਤੇ ਕਿਸੇ ਕਿਸਮ ਦਾ ਕੋਈ ਟੈਕਸ ਨਹੀਂ ਲਾਉਣਾ ਚਾਹੀਦਾ। ਨਾਲੇ ਆਦਿਧਰਮੀ ਲੋਕ ਗਰੀਬ ਵੀ ਹਨ। ਉਹ ਟੈਕਸ ਨਹੀਂ ਦੇ ਸਕਦੇ।

27. ਆਦਿਧਰਮੀ ਕੌਮ ਨਾਲ ਸੰਬੰਧਿਤ ਚਿੱਠੀਆਂ, ਡਾਕ ਅਤੇ ਹੋਰ ਕਾਗ਼ਜ਼ ਪੱਤਰ ਇਸ ਪਤੇ 'ਤੇ ਭੇਜੇ ਜਾਣ - ਆਦਿਧਰਮ, ਮੰਡਲ ਹੈ ਜੋ ਬੀਤੇ ਛੇ ਸਾਲਾਂ ਤੋਂ ਕੰਮ ਕਰ ਰਿਹਾ ਹੈ।

(ਪੰਜਾਬੀ ਅਨੁਵਾਦ- ਬਲਬੀਰ ਮਾਧੋਪੁਰੀ

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
**Phone: 510-538-1138**

# INDIA BAZAAR




## Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।


Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing


Harmandeep Singh

**510- 733- 2222**
1421 Industrial PKWY West#F Hayward, CA 94544

# TANDOOR
## Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE SPECIAL ITEMS.

BUFFET LUNCH 11:00 AM TO 3:00 PM.

WE ARE OPEN SEVEN DAYS 11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532


Surinder Koka
www.haywardtandoor.com

# Raja™ SWEETS & CATERING®

Toll Free 1-866-FOR-RAJA
www.rajasweets.com
msbains@rajasweets.com
Follow us on:

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



ਕਸ਼ਮੀਰ ਸਿੰਘ ਹੀਰਾ

# INDIA MARKET

SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਬਰਿੰਦਰ ਬੰਗੜ



Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

The Threading queen
threading & HEENA TATTOOS
Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666




**Sweets Spices Chaat House**
Chaat Papdi. Samosa Chaat. Pani Puri. Dahi Vada. Bhel Puri Chaat
Chaat Plate Only for $2.99
**916-786-7666**
1265 Pleasant Grove Blvd. # 100 Roseville, CA 95747

**We have the largest collection for Indian, Fijian & Pakistani Grocery**
Music, Fabric, Artificial Jewelry, Sweets, Fresh Vegetables & morel
We accept EBT cards
**916-338-5511**
5203 Elkhorn Blvd.Sacramento, CA 95842